ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

## TARKSHEEL

ਮਈ - ਜੂਨ 2021



ਅੰਤਰ ਝਾਤ :


- ਮਜ਼ਦੂਰ ਵਿਰੋਧੀ ਕਿਰਤ ਸੋਧਾਂ (2)
- ਉੱਲੂ ਅਜੇ ਖਤਮ ਨਹੀਂ ਹੋਏ (10)
- ਮਾਰਕਸ ਨੇ ਧਰਮ ਨੂੰ ਅਫ਼ੀਮ ਕਿਉਂ ਕਿਹਾ? (17)
- ਸੁਪਨਿਆਂ ਨੂੰ ਪ੍ਰਵਾਜ਼ (44)


'ਤਰਕ ਅਤੇ ਕਿੰਤੂ ਬਿਨ੍ਹਾਂ ਕਿਸੇ ਚੀਜ਼ 'ਚ ਯਕੀਨ ਬੁਰਾ ਹੈ।'...ਈਅਨ ਐੱਮ. ਬੈਂਕਸ

# ਕੋਸ ਰਿਹਾਂ ਹਾਂ...

ਰਾਤ ਨੂੰ
ਚੰਦ ਸਿਤਾਰੇ ਰੋਂਦੇ
ਲਾਸ਼ਾਂ ਗਿਣ ਗਿਣ
ਥੱਕਦੇ ਜਾਂਦੇ
ਲਾਸ਼ਾਂ ਦੇ ਢੇਰਾਂ ਨੂੰ ਤੱਕ ਕੇ
ਨਿੱਤ ਚੰਦ ਨੂੰ ਦੰਦਲ ਪੈਂਦੀ
ਤਾਰੇ ਦਾਰੂ ਲੱਭਣ ਜਾਂਦੇ

ਦਿਨ ਚੜ੍ਹਨ 'ਤੇ
ਸੂਰਜ ਰੋਂਦਾ
ਸਿਵਿਆਂ ਦੇ ਸੇਕ ਤੋਂ ਬਚਦਾ
ਬੱਦਲਾਂ ਓਹਲੇ
ਲੁਕਦਾ ਫਿਰਦਾ
ਬ੍ਰਹਿਮੰਡ ਸਾਰਾ
ਸੋਚ ਰਿਹਾ ਹੈ
'ਵਿਸ਼ਵ ਗੁਰੂ' ਭਾਰਤ ਨੂੰ ਅੱਜਕੱਲ੍ਹ
ਕੀ ਹੋਇਆ ਹੈ

ਇਸ ਤੋਂ ਪਹਿਲਾਂ
ਹੋਰ ਕੋਈ ਬੋਲੇ
ਉੱਚੀ ਥਾਂ 'ਤੇ ਉੱਚਾ ਗੱਡਿਆ
ਮੁਲਕ ਗਵਾਂਢੀ ਦਾ ਉਹ ਘੜਿਆ
ਸਰਦਾਰ ਪਟੇਲ ਦਾ ਮਹਿੰਗਾ ਬੁੱਤ
ਬੋਲ ਪਿਆ ਹੈ

ਹੋਣਾ ਕੀ ਸੀ
'ਵਿਸ਼ਵ ਗੁਰੂ' ਭਾਰਤ ਦੀ ਅੱਜਕੱਲ੍ਹ
ਰਾਜਗੱਦੀ 'ਤੇ
ਰਾਜਨੀਤੀ ਜੋ ਨੱਚ ਰਹੀ ਹੈ
ਭ੍ਰਿਸ਼ਟਾਚਾਰੀ
ਨਫਰਤ ਅਤੇ ਹਿੰਸਾ ਦੇ
ਭਰ ਭਰ
ਬੁੱਕ ਸਭਨਾਂ ਨੂੰ
ਵੰਡ ਰਹੀ ਹੈ

ਉਸਨੂੰ ਲੋਕੀ ਨਹੀਂ ਪਿਆਰੇ
ਉਹ ਤਾਂ ਕੇਵਲ ਵੋਟਾਂ ਮੰਗਦੀ
ਵੋਟਾਂ ਖਾਤਰ ਲੋਕ ਡਰਾ ਕੇ
ਜਾਂ ਵੋਟਾਂ ਦੀ ਬੋਲੀ ਲਾ ਕੇ
ਵਿੰਗੇ ਟੇਢੇ ਢੰਗ ਅਪਣਾ ਕੇ
ਰਾਜਨੀਤੀ ਦੇ ਭਾਰੇ ਪਾਵੇ
ਲੋਕਾਂ ਦੀ ਹਿੱਕ ਵਿੱਚ ਹੈ ਗੱਡਦੀ

ਪਸ਼ੂਆਂ ਵਾਂਗੂੰ
ਸਾਈਕਲਾਂ ਅਤੇ ਰੇੜ੍ਹਿਆਂ ਉੱਤੇ
ਲੱਦੀਆਂ ਹੋਈਆਂ ਮਨੁੱਖੀ ਲਾਸ਼ਾਂ
ਦੇਖ ਰਿਹਾ ਹਾਂ
'ਵਿਸ਼ਵ ਗੁਰੂ' ਭਾਰਤ ਦੇ ਲੋਕੀਂ
ਹੱਥਾਂ ਦੇ ਵਿੱਚ ਠੂਠੇ ਫੜ੍ਹ ਕੇ
ਕੁੱਲ ਦੁਨੀਆਂ ਦੇ ਲੋਕਾਂ ਕੋਲੋਂ
ਸਾਹਾਂ ਦੀ ਭਿਖਿਆ ਅੱਜ ਮੰਗਦੇ
ਪਰ ਉਹ ਬੈਠੀ
ਵੋਟਾਂ ਗਿਣਦੀ

ਲੋਕਾਂ ਦੇ ਮਨ ਵਿੱਚੋਂ ਉੱਠਦੀ
ਮਾਰੂ ਪੀੜਾ
ਚੀਕਾਂ, ਆਹਾਂ, ਰੋਣ, ਸਿਆਪੇ
ਤੇ ਬਲਦੇ ਸਿਵਿਆਂ ਦੇ ਸੇਕ ਨੂੰ
ਆਪਣੀ ਜ਼ਮੀਰ 'ਤੇ
ਝੇਲ ਰਿਹਾ ਹਾਂ

ਆਪਣੀ ਇਸ ਭੈੜੀ ਜੂਨਾ ਨੂੰ
ਕੋਸ ਰਿਹਾ ਹਾਂ
ਕਿਹੜੇ ਹੀਲੇ
ਇਸ ਚੋਂ ਨਿਕਲਾਂ
ਸੋਚ ਰਿਹਾ ਹਾਂ
ਲੋਹ ਪੁਰਸ਼ ਹਾਂ
ਲੋਹ ਪੁਰਸ਼ ਦਾ ਫਰਜ਼ ਨਿਭਾਵਾਂ
ਆਪਣੇ ਮਰਦੇ ਲੋਕ ਬਚਾਵਾਂ ।



*ਸੁਰਿੰਦਰ ਗੀਤ (ਕੈਨੇਡਾ)*

ਪੁਰਾਣੇ ਵਿਸ਼ਵਾਸ ਹਰ ਪਾਸੇ ਆਪਣੀਆਂ ਮੋਮਬੱਤੀਆਂ ਜਗਾਉਂਦੇ ਰਹਿੰਦੇ ਹਨ ਪਰ ਸੱਚ ਆ ਕੇ ਸਭ ਬੁਝਾ ਜਾਂਦਾ ਹੈ।
*...ਲਿਜ਼ਟ ਗੀਜ਼*


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
95010 06626
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

**ਮੁੱਖ ਸੰਪਾਦਕ**
balbirlongowal1966@gmail.com
**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ (94174 27538)
ਸਰਵਰਕ : ਹਰਪ੍ਰੀਤ 'ਰੂਬੀ'

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ



**ਸਲਾਨਾ:** 100 ਰੁਪਏ
**ਵਿਦੇਸ਼:** 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਤਕਰਾ


1. ਸੰਪਾਦਕੀ ........................ 1
2. ਮਜ਼ਦੂਰ ਵਿਰੋਧੀ ਕਿਰਤ ਸੋਧਾਂ .. 2
3. ਖੇਤੀ ਕਾਨੂੰਨ, ਕਿਸਾਨੀ ਅੰਦੋਲਨ ਅਤੇ ਇਸ ਦੀ ਸੇਧ .............. 5
4. ਉੱਲੂ ਅਜੇ ਖਤਮ ਨਹੀਂ ਹੋਏ ... 10
5. ਸੰਪੂਰਨ ਸਿਹਤ ਜਾਂ ਲੋੜੀਂਦੀ ਸਿਹਤ ............... 12
6. ਵਿੱਦਿਆ ਬਾਰੇ ਕੀ ਕਹਿੰਦਾ ਹੈ ਸੁਖੋਮਲਿੰਸਕੀ .................. 14
7. ਖ਼ਬਰ ਹੈ ਕਿ ..................... 16
8. ਮਾਰਕਸ ਨੇ ਧਰਮ ਨੂੰ ਅਫੀਮ ਕਿਉਂ ਕਿਹਾ ? ........ 17
9. ਕੁੰਡਲੀ ਮਿਲਾਉਣਾ ............ 20
10. ਮਹਿੰਗੇ ਬ੍ਰਾਂਡ ................... 22
11. ਬੋਲ ਸਦੀਵੀਂ ................... 23
12. ਆਓ ਵਿਗਿਆਨਕ ਕਾਰਣ ਜਾਣੀਏ ........................ 24
13. ਪੈੜਾਂ ............................ 26
14. ਬਾਲ ਪੰਨੇ ....................... 28
15. ਅਣਿਆਈ ਮੌਤ (ਕਹਾਣੀ) ... 31
16. ਜੇਲ੍ਹਾਂ 'ਚ ਬੰਦ ਬੁੱਧੀਜੀਵੀ ..... 33
17. ਨੌਜਵਾਨੋ ! ...................... 34
18. ਮਾਨਸਿਕ ਮੰਦਤਾ ............. 35
19. ਅੱਖਾਂ ਬੰਦ ਕਰਕੇ ਪੜ੍ਹਨ ਦੇ ਦਾਅਵੇ ਠੁੱਸ .................... 37
20. ਪੁਸਤਕ ਸਮੀਖਿਆ ............ 39
21. ਜੱਗ ਬੀਤੀ ...................... 41
22. ਮੈਂ ਤਰਕਸ਼ੀਲ ਕਿਵੇਂ ਬਣਿਆ . 42
23. ਕੇਸ ਰਿਪੋਰਟ ................... 44
24. ਵਿਸ਼ੇਸ਼ ਰਿਪੋਰਟ ................ 46
25. ਪੇਸ਼ਕਦਮੀਆਂ .................. 47
26. ਪਾਠਕਾਂ ਦੇ ਖਤ ................ 48
27. ਆਖਰੀ ਪੰਨਾ .................. 52



**ਟਾਈਪ ਸੈਟਿੰਗ : ਹਰਪ੍ਰੀਤ ਰੂਬੀ**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਕੋਰੋਨਾ ਦੇ ਮੱਦੇਨਜਰ ਪਿਛਲੇ ਸਾਲ (2020 ਵਿੱਚ) ਕੀਤੇ ਗਏ ਲਾਕਡਾਊਨ ਦੌਰਾਨ ਦੀਆਂ ਆਰਥਿਕ ਤਬਦੀਲੀਆਂ ਦਾ ਅਧਿਐਨ ਕਰਦਿਆਂ ਆਕਸਫੇਮ (Oxfam) ਇੰਟਰਨੈਸ਼ਨਲ ਨੇ ਕਿਹਾ ਕਿ ਇਸ ਤਾਲਾਬੰਦੀ ਦੌਰਾਨ ਭਾਰਤੀ ਕਾਰਪੋਰੇਟਾਂ ਦੀ ਜਾਇਦਾਦ 35 ਫੀਸਦੀ ਵਧ ਗਈ, ਜਦ ਕਿ ਇਸ ਦੌਰਾਨ ਕਰੋੜਾਂ ਲੋਕਾਂ ਲਈ ਭਿਆਨਕ ਰੋਜੀ ਰੋਟੀ ਦਾ ਸੰਕਟ ਪੈਦਾ ਹੋ ਗਿਆ। ਹਜ਼ਾਰਾਂ ਕਿਲੋਮੀਟਰਾਂ ਦਾ ਪੈਦਲ ਸਫ਼ਰ ਤੈਅ ਕਰਕੇ ਆਪਣੇ ਘਰਾਂ ਨੂੰ ਪਰਤ ਰਹੇ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਭੁੱਖ ਅਤੇ ਥਕਾਵਟ ਨਾਲ ਸੜਕਾਂ 'ਤੇ ਦਮ ਤੋੜ ਗਏ। ਆਕਸਫੇਮ ਨੇ ਆਪਣੀ ਰਿਪੋਰਟ Inequality Virus Report ਵਿੱਚ ਲਿਖਿਆ ਕਿ ਮਾਰਚ 2020 ਤੋਂ ਬਾਅਦ ਭਾਰਤ 'ਚ 100 ਅਰਬਪਤੀਆਂ ਦੀ ਜਾਇਦਾਦ 'ਚ 12, 97, 822 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਐਨੀ ਵੱਡੀ ਰਕਮ ਨੂੰ ਜੇਕਰ ਦੇਸ਼ ਦੇ 13.8 ਕਰੋੜ ਸਭ ਤੋਂ ਗਰੀਬ ਲੋਕਾਂ ਵਿੱਚ ਵੰਡ ਦਿੱਤਾ ਜਾਵੇ ਤਾਂ ਇਸ 'ਚੋਂ ਹਰੇਕ ਨੂੰ 94045 ਰੁਪਏ ਹਿੱਸੇ ਆ ਸਕਦੇ ਹਨ। ਇਸ ਰਿਪੋਰਟ ਵਿੱਚ ਆਮਦਨ ਦੀ ਅਸਮਾਨਤਾ ਦਾ ਜਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਪਿਛਲੇ ਕੋਰੋਨਾ ਦੌਰ ਦੌਰਾਨ ਮੁਕੇਸ਼ ਅੰਬਾਨੀ ਨੂੰ ਇੱਕ ਘੰਟੇ 'ਚ ਜਿੰਨੀ ਆਮਦਨੀ ਹੋਈ, ਓਨੀ ਕਮਾਈ ਕਰਨ 'ਚ ਇੱਕ ਗੈਰ-ਹੁਨਰਮੰਦ ਮਜ਼ਦੂਰ ਨੂੰ 10 ਹਜ਼ਾਰ ਸਾਲ ਲੱਗ ਜਾਣਗੇ ਜਾਂ ਜਿੰਨੀ ਕਮਾਈ ਮੁਕੇਸ਼ ਅੰਬਾਨੀ ਨੇ ਇੱਕ ਸੈਕਿੰਡ 'ਚ ਕੀਤੀ, ਓਨੀ ਕਮਾਈ ਕਰਨ ਨੂੰ ਇੱਕ ਮਜ਼ਦੂਰ ਨੂੰ ਤਿੰਨ ਸਾਲ ਲੱਗਣਗੇ। ਦੁਬਾਰਾ ਫਿਰ ਮੁਲਕ ਨੂੰ, ਕੋਰੋਨਾ ਨਾਲ ਵਿਗਿਆਨਕ ਢੰਗ ਨਾਲ ਨਜਿੱਠਣ ਦੀ ਥਾਂ, ਤਾਲਾਬੰਦੀ ਵੱਲ ਧੱਕਿਆ ਜਾ ਰਿਹਾ ਹੈ। ਕੋਰੋਨਾ ਦੀ ਆੜ ਵਿੱਚ ਜੋ ਕੁੱਝ ਲੋਕ ਵਿਰੋਧੀ ਦੇਸ਼ ਵਿੱਚ ਵਾਪਰ ਰਿਹਾ ਹੈ, ਉਸ ਤੋਂ ਇਸ ਲੁਟੇਰੇ ਪ੍ਰਬੰਧ ਦੇ ਮਨਸੇ ਜੱਗ ਜਾਹਰ ਹਨ। ਲੋਕਾਂ ਨੂੰ ਘਰਾਂ ਅੰਦਰ ਬੰਦ ਕਰਕੇ ਇਸ ਮੁਲਕ ਵਿੱਚ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਸਬੰਧੀ ਲੋਕ ਵਿਰੋਧੀ ਕਾਨੂੰਨ ਆਉਂਦੇ ਹਨ, 29 ਦੇ ਕਰੀਬ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਲੇਬਰ ਕੋਡ ਲਾਗੂ ਕੀਤੇ ਜਾਂਦੇ ਹਨ, ਜਨਤਕ ਸਿੱਖਿਆ ਦਾ ਖਾਤਮਾ ਕਰਨ ਵਾਲੀ ਅਤੇ ਗੈਰਵਿਗਿਆਨਕ ਸਿੱਖਿਆ ਨੀਤੀ 2020 ਦੇਸ਼ ਵਿੱਚ ਲਿਆਂਦੀ ਜਾਂਦੀ ਹੈ। ਹੋਰ ਬਹੁਤ ਕੁਝ ਲੋਕ ਵਿਰੋਧੀ ਦੇਸ਼ ਵਿੱਚ ਵਾਪਰਦਾ ਹੈ। ਪੰਜਾਬ ਸਰਕਾਰ ਵੀ ਪਿੱਛੇ ਨਹੀਂ ਰਹਿੰਦੀ। ਲੱਖਾਂ ਲੋਕਾਂ ਤੋਂ ਰੁਜ਼ਗਾਰ ਖੋਹਣ ਵਾਲੀ ਆਹਲੂਵਾਲੀਆ ਕਮੇਟੀ ਦੀ ਰਿਪੋਰਟ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਅਸਾਮੀਆਂ 'ਤੇ ਵੱਡੇ ਕੱਟ ਲਾ ਕੇ ਲੋਕਾਂ ਦੀ ਰੋਜੀ ਰੋਟੀ ਖੋਹ ਰਹੀ ਹੈ ਅਤੇ ਹੋਰ ਵੱਡੇ ਆਰਥਿਕ ਬੋਝ ਲੋਕਾਂ 'ਤੇ ਪਾਏ ਜਾ ਰਹੇ ਹਨ। ਅੱਜ ਫਿਰ ਅਸੀਂ ਉਸੇ ਸਥਿਤੀ ਵਿੱਚ ਖੜ੍ਹੇ ਹਾਂ। ਉਸੇ ਤਰ੍ਹਾਂ ਖੌਫ਼ ਪੈਦਾ ਕੀਤਾ ਜਾ ਰਿਹਾ ਹੈ। ਜੇ ਇਹ ਸਚਮੁੱਚ ਹੀ ਐਡਾ ਵੱਡਾ ਸੰਕਟ ਹੈ ਤਾਂ ਪਿਛਲੇ ਦਹਾਕਿਆਂ ਦੀ ਤਾਂ ਗੱਲ ਛੱਡ ਲਈਏ, 2020-21 ਦੌਰਾਨ ਸਰਕਾਰਾਂ ਨੇ ਸਿਹਤ ਦੇ ਖੇਤਰ ਵਿੱਚ ਲੋਕਾਂ ਲਈ ਕੀ ਸਹੂਲਤਾਂ ਪੈਦਾ ਕੀਤੀਆਂ ਹਨ ? ਅੱਜ ਹਾਕਮਾਂ ਤੋਂ ਇਸ ਗੱਲ ਦੀ ਜਵਾਬਦੇਹੀ ਕਰਨੀ ਬਣਦੀ ਹੈ। ਪਿਆਰੇ ਲੋਕੋ, ਦੋ ਜਮਾਤਾਂ (ਲੁਟੇਰੀ ਅਤੇ ਲੁੱਟੀ ਜਾਣ ਵਾਲੀ) ਵਿੱਚ ਵੰਡੇ ਇਸ ਸਮਾਜ ਨੂੰ, ਇਸ ਦੀ ਸੱਤਾ 'ਤੇ ਕਾਬਜ ਜਮਾਤ ਦੇ ਕਿਰਦਾਰ ਨੂੰ ਵਿਗਿਆਨਕ ਢੰਗ ਨਾਲ ਚੰਗੀ ਤਰ੍ਹਾਂ ਸਮਝਣ ਦੀ ਲੋੜ ਅਜੇ ਸਾਡੇ ਸਾਹਮਣੇ ਖੜ੍ਹੀ ਹੈ। ਜਦੋਂ ਅਸੀਂ ਇਹ ਸਮਝ ਲਿਆ ਤਾਂ ਬਰਾਬਰਤਾ 'ਤੇ ਅਧਾਰਿਤ ਸਮਾਜ ਦੀ ਉਸਾਰੀ ਕੋਈ ਯੂਟੋਪੀਆ ਨਹੀਂ ਰਹਿਣੀ, ਸਗੋਂ ਹਕੀਕਤ ਬਣੇਗੀ। ਲੁੱਟ ਦਾ ਤੰਤਰ ਖਤਮ ਹੋਵੇਗਾ। ਇਸ ਅਟੱਲ ਵਿਸ਼ਵਾਸ ਨਾਲ ਸਾਨੂੰ ਅੱਗੇ ਵਧਣ ਦੀ ਲੋੜ ਹੈ। ਇਸ ਸਮਾਜ ਨੇ ਆਪਣੇ ਆਪ ਤਬਦੀਲ ਨਹੀਂ ਹੋਣਾ। ਕਿਸਮਤਵਾਦੀ ਫਲਸਫਾ ਸਾਨੂੰ ਸੰਘਰਸ਼ ਕਰਨ ਤੋਂ ਰੋਕਦਾ ਹੈ ਅਤੇ ਸਭ ਕੁਝ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ ਦੱਸਦਾ ਹੈ। ਇਸ ਫਲਸਫੇ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਹੀ ਵਿਗਿਆਨਕ ਢੰਗ ਨਾਲ ਬਰਾਬਰੀ ਅਧਾਰਿਤ ਸਮਾਜ ਦੀ ਸਿਰਜਣਾ ਹੋਣੀ ਹੈ।

*ਕਿਰਤੀਆਂ ਦੀ ਗੁਲਾਮੀ ਦਾ ਦਸਤਾਵੇਜ*

# ਮਜ਼ਦੂਰ ਵਿਰੋਧੀ ਕਿਰਤ ਸੋਧਾਂ



**ਡਾ. ਸੁਖਦੇਵ**

ਦਿੱਲੀ ਦੀਆਂ ਬਰੂਹਾਂ ਮੱਲੀ ਬੈਠੇ ਲੱਖਾਂ ਸੰਘਰਸ਼ੀ ਲੋਕਾਂ ਨੂੰ 26 ਅਪ੍ਰੈਲ ਨੂੰ ਪੰਜ ਮਹੀਨੇ ਪੂਰੇ ਹੋ ਗਏ ਹਨ। ਲੋਕ ਵਿਰੋਧੀ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਇਹ ਸੰਘਰਸ਼ ਭਾਰਤ ਦੇ ਇਤਿਹਾਸ ਦਾ ਸਭ ਤੋਂ ਵੱਡਾ ਅੰਦੋਲਨ ਹੋ ਨਿੱਬੜਿਆ ਹੈ। ਵੱਡੀ ਗਿਣਤੀ ਕਿਰਤੀ ਕਿਸਾਨਾਂ ਦੇ ਨਾਲ ਪੇਂਡੂ ਖੇਤ ਮਜ਼ਦੂਰਾਂ, ਸ਼ਹਿਰੀ ਤੇ ਪੇਂਡੂ ਆਬਾਦੀ ਦੇ ਹੋਰ ਤਬਕਿਆਂ ਦੇ ਜਾਗਰੂਕ ਨਾਗਰਿਕਾਂ ਦੀ ਸੰਘਰਸ਼ ਵਿੱਚ ਸ਼ਮੂਲੀਅਤ ਵਿੱਚ ਵਾਧੇ ਦਾ ਰੁਝਾਨ, ਇੱਕ ਉਸਾਰੂ ਵਰਤਾਰਾ ਹੈ। ਪਰ ਚੱਲਦੇ ਸੰਘਰਸ਼ ਵਿੱਚ ਹੀ ਦੇਸੀ ਵਿਦੇਸ਼ੀ ਸਰਮਾਏ ਦੇ ਵੱਡੇ ਚੌਧਰੀਆਂ ਦੇ ਦਬਾਅ ਹੇਠ ਕਿਰਤ ਸੋਧਾਂ ਦੇ ਨਾਂ ’ਤੇ ਪਹਿਲੀ ਅਪਰੈਲ 2021 ਤੋਂ 4 ਲੇਬਰ ਕੋਡ ਲਾਗੂ ਕਰ ਦਿੱਤੇ ਗਏ ਹਨ। ਲੇਬਰ ਕੋਡ ਦੇ ਨਾਂ ’ਤੇ ਆਉਣ ਵਾਲੇ ਮਜ਼ਦੂਰ ਵਿਰੋਧੀ ਕਿਰਤ ਕਾਨੂੰਨ ਅਚਾਨਕ ਵਾਪਰਿਆ ਵਰਤਾਰਾ ਨਹੀਂ ਹਨ। ਸਗੋਂ ਭਾਰਤ ਵਿੱਚ 1991 ਤੋਂ ਸ਼ੁਰੂ ਹੋਈਆਂ ਨਵ ਉਦਾਰਵਾਦੀ ਆਰਥਿਕ ਨੀਤੀਆਂ ਦੇ ਨਾਂ ’ਤੇ ਸ਼ੁਰੂ ਹੋਏ ਅਖੌਤੀ ਆਰਥਿਕ ਸੁਧਾਰਾਂ ਦਾ ਤਰਕਸੰਗਤ ਸਿੱਟਾ ਹੈ।

19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਸਾਡੇ ਮੁਲਕ ਵਿੱਚ ਸਨਅਤਾਂ ਲੱਗਣੀਆਂ ਸ਼ੁਰੂ ਹੋਈਆਂ ਸਨ। ਇਹੋ ਦੌਰ ਹੈ ਜਦੋਂ ਭਾਰਤ ਵਿਚ ਸਨਅਤਾਂ ਦੀ ਮਾਲਕ ਸਰਮਾਏਦਾਰ ਜਮਾਤ ਪੈਦਾ ਹੁੰਦੀ ਹੈ । ਭਾਰਤ ਵਿੱਚ ਸਰਮਾਏਦਾਰੀ ਦੀ ਉਤਪਤੀ ਦਾ ਇਤਿਹਾਸ ਇੱਕ ਵੱਖਰਾ ਵਿਸ਼ਾ ਹੈ। ਪਰ ਬਸਤੀਵਾਦੀ ਸਾਮਰਾਜਵਾਦੀ ਦੌਰ ਵਿੱਚ ਸਰਮਾਏਦਾਰੀ ਦੀ ਆਮਦ ਦੇ ਨਾਲ ਹੀ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਧ ਇਨਕਲਾਬੀ ਜਮਾਤ ਆਧੁਨਿਕ ਮਜਦੂਰ ਜਮਾਤ ਭਾਰਤੀ ਇਤਿਹਾਸ ਦੇ ਰੰਗਮੰਚ ’ਤੇ ਆਉਂਦੀ ਹੈ। ਉਦੋਂ ਤੋਂ ਹੀ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਦਾ ਇਤਿਹਾਸ ਸ਼ੁਰੂ ਹੋ ਜਾਂਦਾ ਹੈ। ਬਸਤੀਵਾਦ ਦੇ ਦੌਰ ਤੋਂ ਹੀ ਮਜਦੂਰਾਂ ਨੇ ਆਪਣੇ ਹੱਕਾਂ ਵਾਸਤੇ ਅਤੇ ਖਾਸ ਕਰਕੇ ਟ੍ਰੇਡ ਯੂਨੀਅਨ ਅਧਿਕਾਰਾਂ ਵਾਸਤੇ ਸ਼ਾਨਦਾਰ ਘੋਲ ਲੜੇ ਹਨ। ਦੇਸੀ ਵਿਦੇਸ਼ੀ ਸਰਮਾਏਦਾਰੀ ਨਾਲ ਟੱਕਰ ਦਾ ਇਤਿਹਾਸ ਭਾਰਤ ਦੀ ਮਜ਼ਦੂਰ ਜਮਾਤ ਵਾਸਤੇ ਨਵਾਂ ਨਹੀਂ ਹੈ । ਸ਼ਹੀਦ ਭਗਤ ਸਿੰਘ ਨੇ ਜਿਨ੍ਹਾਂ ਕਾਲੇ ਕਾਨੂੰਨਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਸਤੇ ਅਸੈਂਬਲੀ ਵਿੱਚ ਬੰਬ ਸੁੱਟਿਆ ਸੀ ਉਨ੍ਹਾਂ ਵਿੱਚ ਇਕ ‘ਸਨਅਤੀ ਵਿਵਾਦ ਬਿੱਲ’ ਸਿੱਧਾ ਮਜਦੂਰ ਜਮਾਤ ਵਿਰੁੱਧ ਲਿਆਂਦਾ ਗਿਆ ਕਾਨੂੰਨ ਸੀ। ਅੱਜ ਦੇ ਯੂਏਪੀਏ ਅਤੇ ਐੱਨਆਈਏ ਵਾਂਗ ਦੂਜਾ ‘ਭਾਰਤੀ ਸੁਰੱਖਿਆ ਬਿਲ’ ਸੰਘਰਸ਼ ਕਰ ਰਹੇ ਲੋਕਾਂ ਨੂੰ ਦਬਾਉਣ ਵਾਸਤੇ ਲਿਆਂਦਾ ਗਿਆ ਸੀ। ਆਪਣੇ ਸ਼ਾਨਦਾਰ ਸੰਘਰਸ਼ਾਂ ਦੀ ਬਦੌਲਤ ਭਾਰਤ ਦੀ ਮਜ਼ਦੂਰ ਜਮਾਤ ਨੇ ਮਜਦੂਰਾਂ ਦੇ ਹਿੱਤਾਂ ਵਾਸਤੇ ਕਈ ਕਾਨੂੰਨ ਮਨਜੂਰ ਕਰਵਾਏ ਸਨ। ਬੇਸ਼ੱਕ ਮਜਦੂਰਾਂ ਦੇ ਹਿੱਤਾਂ ਦੀ ਰਾਖੀ ਦੇ ਨਾਂ ’ਤੇ ਪਹਿਲਾਂ ਤੋਂ ਬਣੇ ਕਾਨੂੰਨਾਂ ਵਿੱਚ ਬਹੁਤ ਕਮੀਆਂ ਰਹੀਆਂ ਹਨ। ਆਪਣੇ ਹੱਕਾਂ ਲਈ ਬਣੇ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਵੀ ਮਜ਼ਦੂਰਾਂ ਨੂੰ ਲੰਬੇ ਅੰਦੋਲਨ ਲੜਨੇ ਪਏ ਹਨ। ਪਰ ਮੋਦੀ ਦੇ ਦੂਜੇ ਕਾਰਜਕਾਲ ਵਿਚ ਮਜਦੂਰਾਂ ਤੇ ਕਿਸਾਨਾਂ ਦੇ ਖਿਲਾਫ਼ ਜ਼ੋਰਦਾਰ ਹੱਲਾ ਬੋਲ ਦਿੱਤਾ ਗਿਆ ਹੈ। ਪਹਿਲਾਂ ਤੋਂ ਲਾਗੂ 29 ਦੇ ਕਰੀਬ ਕਿਰਤ ਕਾਨੂੰਨ ਖਤਮ ਕਰਕੇ 4 ਲੇਬਰ ਕੋਡ ਲਾਗੂ ਕਰ ਦਿੱਤੇ ਹਨ। ਇਹੋ ਮੋਦੀ ਸਰਕਾਰ ਦੀਆਂ ਬਹੁ ਚਰਚਿਤ ਕਿਰਤ ਸੋਧਾਂ ਹਨ। ਸਰਕਾਰ ਅਨੁਸਾਰ ‘ਕਾਰੋਬਾਰ ਨੂੰ ਸੁਖਾਲਾ ਕਰਨ’ ਵਾਸਤੇ ਕਿਰਤ ਸੋਧਾਂ ਜ਼ਰੂਰੀ ਸਨ। ਕਾਰੋਬਾਰੀਆਂ ਦੇ ਮੁਨਾਫੇ ਚਲਦੇ ਰੱਖਣ ਲਈ, ਮਜ਼ਦੂਰਾਂ ਦੇ ਹੱਕਾਂ ’ਤੇ ਕੁਹਾੜਾ ਚਲਾਉਣਾ ਜ਼ਰੂਰੀ ਹੋ ਗਿਆ ਸੀ। ਸਾਡੇ ਸਮੇਂ ਦੀ ਅਜੀਬ ਤ੍ਰਾਸਦੀ ਹੈ ਕਿ ਸ਼ਬਦਾਂ ਦੇ ਅਰਥ ਆਪਣੇ ਉਲਟ ਵਿੱਚ ਬਦਲ ਗਏ ਹਨ। ਕਿਰਤੀਆਂ ਦੇ ਖ਼ਿਲਾਫ਼ ਕਾਨੂੰਨਾਂ ਨੂੰ ‘ਕਿਰਤ ਸੋਧਾਂ’ ਕਿਹਾ ਜਾ ਰਿਹਾ ਹੈ। ਜਨਤਕ ਖੇਤਰ ਦੇ ਅਦਾਰੇ ਵੇਚ ਕੇ ਮੁਲਕ ਨੂੰ ਵੇਚਣ ਦੇ ਫੈਸਲਿਆਂ ਨੂੰ ਆਤਮ ਨਿਰਭਰ ਬਣਾਉਣ ਦੀ ਕਾਰਵਾਈ ਕਿਹਾ ਜਾਂਦਾ ਹੈ। ਅੰਨ੍ਹੇ ਕੌਮਵਾਦ ਅਤੇ ਫਿਰਕੂ ਪ੍ਰਚਾਰ ਨਾਲ ਘੱਟ ਗਿਣਤੀਆਂ ’ਤੇ ਹਮਲਿਆਂ ਨੂੰ ਦੇਸ਼ ਭਗਤੀ ਦਾ ਨਾਂ ਦਿੱਤਾ ਗਿਆ ਹੈ। ਖ਼ੈਰ ਸਾਡਾ ਵਿਸ਼ਾ 1ਅਪ੍ਰੈਲ 2021 ਤੋਂ ਲਾਗੂ ਹੋਏ ਲੇਬਰ ਕੋਡ ਹਨ। ਖਤਮ ਕੀਤੇ ਜਾਣ ਵਾਲੇ ਕਾਨੂੰਨ ਵੀ ਮਜਦੂਰਾਂ ਦੇ ਨਜ਼ਰੀਏ ਤੋਂ ਤਸੱਲੀਬਖਸ਼ ਨਹੀਂ ਸਨ। ਪਰ ਉਦਾਰਵਾਦੀ ਨਜਰੀਏ ਤੋਂ, ਸਰਮਾਏਦਾਰਾਂ ਵੱਲੋਂ ਸਨਅਤੀ ਸਬੰਧਾਂ ਵਿਚ ਇਕ ਸਮਤੋਲ ਬਣਾਈ ਰੱਖਣਾ ਇਨ੍ਹਾਂ ਦਾ ਐਲਾਨੀਆ ਮਕਸਦ ਸੀ। ਸਰਮਾਏਦਾਰੀ ਦੇ ਵਿਕਾਸ ਲਈ ਸਨਅਤੀ ਸ਼ਾਂਤੀ ਬਣਾਈ ਰੱਖਣ ਦੇ ਮਕਸਦ ਨਾਲ ਮਜਦੂਰਾਂ ਨੂੰ ਇੱਕ ਹੱਦ ਤੱਕ ਸੁਰੱਖਿਆ ਦਾ ਭਰੋਸਾ ਦਿੰਦੇ ਸਨ। ਨਵੇਂ ਲੇਬਰ ਕੋਡ ਹਨ :-

**1. ਸਨਅਤੀ ਸਬੰਧ ਕੋਡ** 2020 : ਜਿਨ੍ਹਾਂ 3 ਕਾਨੂੰਨਾਂ

ਦੀ ਇਹ ਥਾਂ ਲਏਗਾ ਉਹ ਹਨ 'ਟਰੇਡ ਯੂਨੀਅਨ ਕਾਨੂੰਨ-1926' ,'ਸਨਅਤੀ ਰੁਜਗਾਰ ਕਾਨੂੰਨ-1946' ਅਤੇ 'ਸਨਅਤੀ ਝਗੜਾ ਕਾਨੂੰਨ-1947'। ਇਹ ਕੋਡ ਲਾਗੂ ਹੋਣ ਤੋਂ ਬਾਅਦ 300 ਤੋਂ ਘੱਟ ਮਜਦੂਰਾਂ ਵਾਲੀਆਂ ਇਕਾਈਆਂ ਵਿੱਚ ਤਾਲਾਬੰਦੀ, ਕੰਮ ਬੰਦੀ, ਛਾਂਟੀ ਵਗੈਰਾ ਲਈ ਮਾਲਕ ਨੂੰ ਸਰਕਾਰ ਦੀ ਆਗਿਆ ਦੀ ਜ਼ਰੂਰਤ ਨਹੀਂ ਹੈ । ਪਹਿਲਾਂ ਇਹ ਸੀਮਾ 100 ਸੀ । ਪਹਿਲਾਂ ਰੇਲ, ਹਵਾਈ ਸੇਵਾ, ਜਲ, ਬਿਜਲੀ ਅਤੇ ਟੈਲੀਫੋਨ ਆਦਿ ਜ਼ਰੂਰੀ ਸੇਵਾਵਾਂ ਵਾਲੇ ਅਦਾਰਿਆਂ ਵਿੱਚ, ਹੜਤਾਲ ਤੋਂ ਪਹਿਲਾਂ ਨੋਟਿਸ ਦੇਣਾ ਜ਼ਰੂਰੀ ਸੀ। ਹੁਣ ਇਹ ਹੁਕਮ ਸਾਰੇ ਅਦਾਰਿਆਂ 'ਤੇ ਲਾਗੂ ਹੋ ਗਿਆ ਹੈ। ਹੜਤਾਲ ਤੋਂ ਪਹਿਲਾਂ ਨੋਟਿਸ ਦੇਣ ਦਾ ਵੱਧ ਤੋਂ ਵੱਧ ਸਮਾਂ 60 ਦਿਨ ਤੈਅ ਕੀਤਾ ਗਿਆ ਹੈ। ਝਗੜੇ ਦੇ ਨਿਪਟਾਰੇ ਲਈ ਕਿਰਤ ਵਿਭਾਗ ਵਿੱਚ ਚੱਲ ਰਹੀ ਪ੍ਰਕਿਰਿਆ ਦੌਰਾਨ ਅਤੇ ਪ੍ਰਕਿਰਿਆ ਖਤਮ ਹੋਣ ਤੋਂ 7 ਦਿਨ ਬਾਅਦ ਤੱਕ ਹੜਤਾਲ 'ਤੇ ਪਾਬੰਦੀ ਹੈ। ਜੇ ਅਦਾਲਤ 'ਚ ਕੇਸ ਚਲਦਾ ਹੈ ਤਾਂ ਅਦਾਲਤੀ ਕਿਰਿਆ ਦੌਰਾਨ ਅਤੇ ਫੈਸਲੇ ਤੋਂ 60 ਦਿਨ ਬਾਅਦ ਤੱਕ ਵੀ ਹੜਤਾਲ ਨਹੀਂ ਕੀਤੀ ਜਾ ਸਕਦੀ। ਉਲੰਘਣਾ ਕਰਨ 'ਤੇ ਜੇਲ੍ਹ ਅਤੇ ਜੁਰਮਾਨਿਆਂ ਦੀ ਭਾਰੀ ਸਜਾ ਰੱਖੀ ਗਈ ਹੈ। 'ਮਜ਼ਦੂਰੀ ਵਾਸਤੇ ਰੱਖੋ ਅਤੇ ਫਿਰ ਕੱਢ ਦਿਓ' (ਹਾਇਰ ਐਂਡ ਫਾਇਰ) ਦੇ ਹੱਕ ਦੀ ਮਾਲਕਾਂ ਦੀ ਚਿਰੋਕਣੀ ਮੰਗ ਨੂੰ ਅਮਲੀ ਜਾਮਾ ਪੁਆ ਦਿੱਤਾ ਗਿਆ ਹੈ। ਇੱਥੇ ਇਹ ਦੱਸਣਾ ਜਰੂਰੀ ਹੈ ਕਿ 300 ਤੋਂ ਵੱਧ ਮਜਦੂਰਾਂ ਵਾਲੇ ਸੰਗਠਿਤ ਖੇਤਰ ਵਿੱਚ ਬਹੁਤ ਥੋੜ੍ਹੇ ਮਜਦੂਰ ਆਉਂਦੇ ਹਨ। ਭਾਰਤ ਵਿੱਚ 93 ਫ਼ੀਸਦੀ ਦੇ ਕਰੀਬ ਮਜ਼ਦੂਰ ਅਸੰਗਠਿਤ ਖੇਤਰ ਦੇ ਦਾਇਰੇ ਵਿੱਚ ਆਉਂਦੇ ਹਨ ਜਿੱਥੇ ਪਹਿਲਾਂ ਹੀ ਕੋਈ ਕਾਨੂੰਨ ਲਾਗੂ ਨਹੀਂ ਹੈ।

2. **ਪੇਸ਼ਾਗਤ ਸੁਰੱਖਿਆ, ਸਿਹਤ ਅਤੇ ਕੰਮ ਹਾਲਤਾਂ ਸਬੰਧੀ ਕੋਡ**-2020 :- ਇਹ ਕੋਡ ਫੈਕਟਰੀ, ਖਾਣਾਂ ਅਤੇ ਬਾਗਾਨ ਮਜਦੂਰਾਂ ਆਦਿ ਸਬੰਧੀ ਕਾਨੂੰਨਾਂ ਦੀ ਥਾਂ ਲਏਗਾ। ਪਹਿਲਾਂ 10 ਜਾਂ ਵੱਧ ਮਜ਼ਦੂਰਾਂ ਵਾਲੀ ਸਨਅਤੀ ਇਕਾਈ ਅਤੇ ਜੇ ਬਿਜਲੀ ਦੀ ਵਰਤੋਂ ਹੁੰਦੀ ਹੋਵੇ ਤਾਂ 20 ਜਾਂ ਵੱਧ ਮਜ਼ਦੂਰਾਂ ਵਾਲੀ ਇਕਾਈ ਵਿੱਚ ਘੱਟੋ ਘੱਟ ਤਨਖਾਹ, ਈਪੀਐਫ, ਬੋਨਸ, ਈ ਐਸ ਆਈ, ਗ੍ਰੈਚੂਇਟੀ ਤੇ ਹੋਰ ਹੱਕ ਕਾਨੂੰਨੀ ਤੌਰ 'ਤੇ ਜਰੂਰੀ ਸਨ। ਮਜ਼ਦੂਰਾਂ ਦੀ ਮੰਗ ਸੀ ਕਿ ਭਾਵੇਂ ਇੱਕ ਮਜ਼ਦੂਰ ਹੀ ਹੋਵੇ ਇਹ ਹੱਕ ਮਿਲਣੇ ਚਾਹੀਦੇ ਹਨ। ਪਰ ਨਵੇਂ ਕੋਡ ਵਿਚ ਇਹ ਸੀਮਾ 10 ਤੇ 20 ਦੀ ਥਾਂ 20 ਅਤੇ 40 ਕਰ ਦਿੱਤੀ ਹੈ। ਇਸ ਤੋਂ ਬਿਨ੍ਹਾਂ ਠੇਕਾ ਮਜਦੂਰ ਕਾਨੂੰਨ ਪਹਿਲਾਂ 20 ਮਜ਼ਦੂਰਾਂ ਤੱਕ ਲਾਗੂ ਸੀ। ਹੁਣ 50 ਜਾਂ ਇਸ ਤੋਂ ਵਧੇਰੇ 'ਤੇ ਲਾਗੂ ਹੋਵੇਗਾ। ਇਸ ਕੋਡ ਦੇ ਘੇਰੇ ਵਿੱਚ ਆਉਣ ਵਾਲੇ ਝਗੜੇ ਸਬੰਧੀ ਕੇਸ ਸਿਵਲ ਅਦਾਲਤ ਵਿੱਚ ਨਹੀਂ ਜਾ ਸਕਦਾ। ਹੁਣ ਔਰਤਾਂ ਤੋਂ ਰਾਤ ਦੀ ਸ਼ਿਫਟ ਵਿੱਚ ਕੰਮ ਕਰਾਇਆ ਜਾ ਸਕਦਾ ਹੈ। ਪਹਿਲਾਂ ਇਸ 'ਤੇ ਪਾਬੰਦੀ ਸੀ। ਪਰਵਾਸੀ ਮਜਦੂਰਾਂ ਦੇ ਵੀ ਅਨੇਕਾਂ ਹੱਕ ਖਤਮ ਕੀਤੇ ਗਏ ਹਨ ।

3. **ਸਮਾਜਿਕ ਸੁਰੱਖਿਆ ਕੋਡ**-2020 :- ਪ੍ਰਾਵੀਡੈਂਟ ਫੰਡ ਕਾਨੂੰਨ, ਜਣੇਪਾ ਲਾਭ ਕਾਨੂੰਨ, ਭਵਨ ਅਤੇ ਉਸਾਰੀ ਮਜ਼ਦੂਰ ਭਲਾਈ ਆਦਿ ਨਾਲ ਸਬੰਧਤ 9 ਕਾਨੂੰਨਾਂ ਦੀ ਥਾਂ ਇਹ ਕੋਡ ਲਿਆਂਦਾ ਗਿਆ ਹੈ। ਇਸ ਦੀ ਮੁੱਖ ਗੱਲ ਇਹ ਹੈ ਕਿ ਮਜ਼ਦੂਰ ਭਲਾਈ ਯੋਜਨਾਵਾਂ ਦਾ ਪੈਸਾ ਸ਼ੇਅਰ ਬਾਜ਼ਾਰ ਵਿਚ ਲਾਉਣ ਦੀ ਖੁੱਲ੍ਹ ਹੈ। ਪਹਿਲਾਂ ਹੀ ਬਹੁਤ ਮੁਸ਼ਕਲ ਨਾਲ ਮਿਲਣ ਵਾਲੀਆਂ ਸਹੂਲਤਾਂ 'ਤੇ ਪੱਕੇ ਤੌਰ ਤੇ ਖਤਰੇ ਦੀ ਤਲਵਾਰ ਲਟਕਦੀ ਰਹੇਗੀ ।

4. **ਤਨਖਾਹਾਂ ਸਬੰਧੀ ਕੋਡ**-2019 :- ਇਹ ਕੋਡ ਤਨਖਾਹ ਅਦਾਇਗੀ ਕਾਨੂੰਨ,ਘੱਟੋ ਘੱਟ ਤਨਖਾਹ ਕਾਨੂੰਨ, ਬੋਨਸ ਅਦਾਇਗੀ ਕਾਨੂੰਨ ਅਤੇ ਬਰਾਬਰ ਮਜ਼ਦੂਰੀ ਕਾਨੂੰਨ ਨਾਲ ਸਬੰਧਤ4 ਕਾਨੂੰਨਾਂ ਦੀ ਥਾਂ ਲਏਗਾ। ਇਸ ਕੋਡ ਮੁਤਾਬਕ ਤਨਖਾਹ ਘੰਟੇ, ਦਿਨ, ਹਫਤੇ ਜਾਂ ਮਹੀਨੇ ਮੁਤਾਬਕ ਹੋ ਸਕਦੀ ਹੈ। ਕੰਮ ਦੀ ਦਿਹਾੜੀ 12 ਤੋਂ 14 ਘੰਟੇ ਤੱਕ ਹੋ ਸਕਦੀ ਹੈ । ਇੰਸਪੈਕਟਰ ਹੁਣ ਫੈਸਿਲੀਟੇਟਰ (ਕੰਮ ਨੂੰ ਸੌਖਾ ਬਣਾਉਣ ਵਾਲਾ) ਦੀ ਭੂਮਿਕਾ ਨਿਭਾਵੇਗਾ। ਮਾਲਕ ਦੀ ਨਿਗਰਾਨੀ ਨਹੀਂ ਕਰੇਗਾ ਸਗੋਂ ਸਲਾਹ ਦੇਵੇਗਾ, ਜਾਣਕਾਰੀ ਦੇਵੇਗਾ ਅਤੇ ਕਾਨੂੰਨ ਨੂੰ ਲਾਗੂ ਕਰਨ ਦਾ ਮੌਕਾ ਦੇਵੇਗਾ। ਇੰਸਪੈਕਟਰ ਛਾਪਾ ਮਾਰਨ ਦੀ ਥਾਂ ਕਾਨੂੰਨ ਦੀ ਉਲੰਘਣਾ ਹੋਣ 'ਤੇ ਪੈਦਾ ਹੋਏ ਵਿਵਾਦ ਦੇ ਹੱਲ ਲਈ ਮਾਲਕ ਤੋਂ ਸੁਝਾਅ ਮੰਗੇਗਾ। ਯਾਨੀ ਕਿ ਮਜ਼ਦੂਰ-ਮਾਲਕ ਵਿਵਾਦ ਵਿੱਚ ਮਾਲਕ ਦੀ ਰਾਏ ਵੱਧ ਮਹੱਤਵਪੂਰਨ ਹੋਵੇਗੀ। ਹੋਣ ਵਾਲੇ ਸਮਝੌਤੇ ਵਿੱਚ ਜੇ ਇੱਕ ਧਿਰ ਸਹਿਮਤ ਨਹੀਂ ਹੈ ਤਾਂ ਉਹ ਟ੍ਰਿਬਿਊਨਲ ਕੋਲ ਜਾ ਸਕਦੀ ਹੈ। ਇਸ ਸਮੇਂ ਦੌਰਾਨ ਹੜਤਾਲ 'ਤੇ ਰੋਕ ਜਾਰੀ ਰਹੇਗੀ। 50 ਫ਼ੀ ਸਦੀ ਤੋਂ ਵਧੇਰੇ ਮਜ਼ਦੂਰ ਜੇ ਅਚਨਚੇਤ ਛੁੱਟੀ ਲੈਂਦੇ ਹਨ ਤਾਂ ਹੜਤਾਲ ਮੰਨੀ ਜਾਏਗੀ। ਗੈਰਕਾਨੂੰਨੀ ਹੜਤਾਲ 'ਤੇ 50,000 ਰੁਪਏ ਜੁਰਮਾਨਾ ਅਤੇ ਇਕ ਮਹੀਨੇ ਦੀ ਕੈਦ ਦੀ ਵਿਵਸਥਾ ਹੈ। ਕੁੱਲ ਮਿਲਾ ਕੇ ਚਾਰੇ ਲੇਬਰ ਕੋਡ ਮਜਦੂਰਾਂ ਦੀ ਗੁਲਾਮੀ ਦਾ ਦਸਤਾਵੇਜ਼ ਹਨ। ਐਸੀ ਕਿਹੜੀ ਮੁਸੀਬਤ ਪੈਦਾ ਹੋ ਗਈ ਹੈ ਕਿ ਮੁਲਕ ਦੇ ਸਰਮਾਏਦਾਰ ਹਾਕਮ ਏਨਾ ਜਾਬਰ ਕਦਮ ਚੁੱਕਣ ਦੀ ਹੱਦ ਤੱਕ ਚਲੇ ਗਏ ਹਨ ? ਇਸ ਸਵਾਲ ਦੇ ਜੁਆਬ ਲਈ ਸਾਨੂੰ ਕੌਮਾਂਤਰੀ ਪੱਧਰ 'ਤੇ ਵੀ ਅਤੇ ਸਾਡੇ ਮੁਲਕ ਵਿੱਚ ਵੀ , ਪਿਛਲੇ ਸਮਿਆਂ ਦੀਆਂ ਨੀਤੀਆਂ 'ਤੇ ਸਰਸਰੀ ਨਜ਼ਰ ਮਾਰਨੀ ਜ਼ਰੂਰੀ ਹੈ।

ਸਰਮਾਏ ਦੇ ਸੰਸਾਰ ਵਿਆਪੀ ਆਰਥਿਕ ਸੰਕਟ 1929-30 ਦੀ ਮਹਾਂਮੰਦੀ ਵੇਲੇ , ਮਰ ਰਹੇ ਪ੍ਰਬੰਧ ਨੂੰ ਉਸ ਵੇਲੇ ਦੇ ਪ੍ਰਸਿੱਧ ਅਰਥਸ਼ਾਸਤਰੀ ਜੌਹਨ ਮੇਨਰਡ ਕੀਨਜ਼ ਦੇ ਨੁੰਮ੍ਹਣੇ ਨੇ ਇੱਕ ਵਾਰ ਬਚਾ ਲਿਆ  ਸੀ। ਕੀਨਜ਼ਵਾਦੀ ਅਰਥ ਸ਼ਾਸਤਰ ਜਾਂ ਕਲਿਆਣਕਾਰੀ ਰਾਜ ਦੇ ਮਾਡਲ ਨੇ ਇਕ ਪਾਸੇ ਵਕਤੀ ਤੌਰ ’ਤੇ ਸਰਮਾਏਦਾਰਾ ਪ੍ਰਬੰਧ ਨੂੰ ਸਥਿਰਤਾ ਦਿੱਤੀ ਅਤੇ ਦੂਜੇ ਪਾਸੇ ਲੋਕ ਭਲਾਈ ਦੀਆਂ ਸਕੀਮਾਂ ਤੇ ਪਬਲਿਕ ਸੈਕਟਰ ਦੇ ਅਦਾਰਿਆਂ ਨਾਲ ਸਮਾਜ ਦੇ ਇਕ ਤਬਕੇ ਨੂੰ ਵੀ ਕਾਫ਼ੀ ਹੱਦ ਤੱਕ ਸਮਾਜਿਕ ਸੁਰੱਖਿਆ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ। ਪਰ 20ਵੀਂ ਸਦੀ ਦੀ ਅਖੀਰਲੀ ਚੌਥਾਈ ਤੱਕ ਅੱਪੜਦਿਆਂ ਸਰਮਾਏਦਾਰੀ ਦੇ ਕਲਿਆਣਕਾਰੀ ਰਾਜ ਵਾਲੇ ਮਾਡਲ ਨੇ ਵੀ ਆਪਣਾ ਪੰਧ ਮੁਕਾ ਲਿਆ ਸੀ। ਇਤਿਹਾਸਕ ਤੌਰ ’ਤੇ ਵੇਲਾ ਵਿਹਾ ਚੁੱਕਾ ਪ੍ਰਬੰਧ ਅਜੇ ਤੱਕ ਸਿਆਸੀ ਤੌਰ ’ਤੇ ਅਪ੍ਰਸੰਗਕ ਨਹੀਂ ਹੋਇਆ ਹੈ। ਪਿਛਲੀ ਸਦੀ ਦੇ 8ਵੇਂ ਦਹਾਕੇ ਤੋਂ ਦੁਨੀਆਂ ਭਰ ਦੇ ਸਰਮਾਏਦਾਰਾਂ ਨੇ ਰਾਜ ਦੇ ਕਲਿਆਣਕਾਰੀ ਰਾਜ ਵਾਲੇ ਰੂਪ ਨੂੰ ਤਿਲਾਂਜਲੀ ਦੇ ਕੇ ਸੰਸਾਰੀਕਰਨ, ਨਿੱਜੀਕਰਨ ਅਤੇ ਕੰਟਰੋਲ ਮੁਕਤੀ (ਰਾਜ ਦੇ ਕੰਟਰੋਲ ਤੋਂ ਮੁਕਤੀ) ਵਾਲਾ ਨਵ ਉਦਾਰਵਾਦੀ ਆਰਥਿਕ ਸੁਧਾਰਾਂ ਦਾ ਰਾਹ ਫੜਿਆ ਹੈ। ਭਾਰਤ ਵਿੱਚ ਵੀ 1947 ਵਿੱਚ ਇੱਕ ਸਮਝੌਤੇ ਤਹਿਤ ਬਸਤੀਵਾਦੀ ਸਾਮਰਾਜੀ ਹਾਕਮਾਂ ਨੇ ਭਾਰਤੀ ਸਰਮਾਏਦਾਰਾਂ ਨੂੰ ਸੱਤਾ ਸੌਂਪ ਦਿੱਤੀ ਸੀ। ਭਾਰਤੀ ਸਰਮਾਏਦਾਰਾਂ ਸਾਹਮਣੇ ਸਰਮਾਏਦਾਰੀ ਵਿਕਾਸ ਦੀ ਚੁਣੌਤੀ ਦਰਪੇਸ਼ ਸੀ। ਭਾਰਤੀ ਹਾਕਮਾਂ ਨੇ ਵੱਡੇ ਸਰਮਾਏ ਦੀ ਜ਼ਰੂਰਤ ਵਾਲੇ ਬੁਨਿਆਦੀ ਢਾਂਚੇ,ਸੜਕਾਂ, ਰੇਲਵੇ, ਟੈਲੀਫੋਨ,ਬੈਂਕ ਅਤੇ ਮਸ਼ੀਨਾਂ ਆਦਿ ਬਣਾਉਣ ਵਾਲੀਆਂ  ਸਨਅਤਾਂ ,ਆਮ ਲੋਕਾਂ ਦੇ ਪੈਸੇ ਨਾਲ ਪਬਲਿਕ ਸੈਕਟਰ ਵਿਚ ਲਾਈਆਂ। ਤੁਰੰਤ ਮੁਨਾਫੇ ਵਾਲੇ ਉਪਭੋਗਤਾ ਖੇਤਰ ਵਿਚ ਭਾਰਤੀ ਸਰਮਾਏਦਾਰਾਂ ਨੇ ਪੈਸਾ ਲਾਇਆ। ਪਬਲਿਕ ਸੈਕਟਰ ਨੂੰ ਚੂੰਘ ਚੂੰਘ ਕੇ ਭਾਰਤੀ ਸਰਮਾਏਦਾਰ, ਅਜ਼ਾਰੇਦਾਰ ਕਾਰਪੋਰੇਟ ਘਰਾਣਿਆਂ ਵਿੱਚ ਬਦਲ ਗਏ ਹਨ। ਹੁਣ ਸੰਸਾਰ ਸਰਮਾਏਦਾਰੀ ਦੇ ਵੱਡੇ ਪ੍ਰਭੂਆਂ ਨਾਲ ਸਾਂਝ ਭਿਆਲੀ ਪਾ ਕੇ , ਨਵ ਉਦਾਰਵਾਦੀ ਆਰਥਿਕ ਸੁਧਾਰਾਂ ਨੂੰ ਲਾਗੂ ਕਰਨ ਦੇ ਏਜੰਡੇ ਵਿੱਚ ਸ਼ਾਮਲ ਹੋ ਗਏ ਹਨ। ਮੁਲਕ ਦੇ ਕੁੰਜੀਵਤ ਪਬਲਿਕ ਸੈਕਟਰ ਦੇ ਅਦਾਰੇ ਵਿਕਰੀ ’ਤੇ ਲਾ ਦਿੱਤੇ ਗਏ ਹਨ। ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਸਮੇਂ ਖਜਾਨਾ ਮੰਤਰੀ ਮਨਮੋਹਨ ਸਿੰਘ (ਬਾਅਦ ’ਚ ਪ੍ਰਧਾਨ ਮੰਤਰੀ ਬਣੇ) ਨੇ ਭਾਰਤ ਵਿੱਚ ਇਨ੍ਹਾਂ ਅਖੌਤੀ ਆਰਥਿਕ ਸੁਧਾਰਾਂ ਦਾ ਖਾਕਾ ਪੇਸ਼ ਕੀਤਾ ਸੀ। ਉਸ ਤੋਂ ਬਾਅਦ ਆਉਣ ਵਾਲੀ ਹਰੇਕ ਸਰਕਾਰ ਨੇ ਆਰਥਿਕ ਸੁਧਾਰਾਂ ਦੇ ਨਾਂ ’ਤੇ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਦਾ ਕੰਮ ਜਾਰੀ ਰੱਖਿਆ। ਇੱਥੋਂ ਤੱਕ ਕਿ ਖੱਬੇ ਪੱਖੀ ਸੰਸਦੀ ਪਾਰਟੀਆਂ ਦੀ ਹਮਾਇਤ ਨਾਲ ਬਣਨ ਵਾਲੀਆਂ ਸਰਕਾਰਾਂ ਨੇ ਵੀ ਇਨ੍ਹਾਂ ਨੀਤੀਆਂ ਨੂੰ ਰੋਕਣ ਦੇ ਕੋਈ ਯਤਨ ਨਹੀਂ ਕੀਤੇ। ਪਰ 2014 ਵਿੱਚ ਮੋਦੀ ਸਰਕਾਰ ਦੇ ਆਉਣ ’ਤੇ ਇਨ੍ਹਾਂ ਅਖੌਤੀ ਸੁਧਾਰਾਂ ਦਾ ਕੰਮ ਬੇਹੱਦ ਤੇਜ਼ੀ ਫੜ ਗਿਆ ਹੈ। ਮੋਦੀ ਨੂੰ ਅੱਗੇ ਲਿਆਉਣ ਵਾਲਾ ਸੰਘ ਪਰਿਵਾਰ, ਅੰਨ੍ਹੇ ਕੌਮਵਾਦ ਅਤੇ ਫ਼ਿਰਕਾਪ੍ਰਸਤੀ ਦੇ ਸਹਾਰੇ ਫੁੱਟ ਪਾ ਕੇ ਕਿਰਤੀ ਅਬਾਦੀ ਦਾ ਏਕਾ ਤੋੜਨ ਵਿਚ ਕਾਮਯਾਬ ਰਿਹਾ ਹੈ। ਇਸੇ ਕਰਕੇ ਵੱਡੇ ਸਰਮਾਏਦਾਰਾਂ (ਕਾਰਪੋਰੇਟ ਘਰਾਣਿਆਂ) ਨੇ ਧਨ ਦੀਆਂ ਥੈਲੀਆਂ ਚੋਣ ਚੰਦਿਆਂ ਵਾਸਤੇ ਖੋਲ੍ਹ ਕੇ ਬੀਜੇਪੀ ਵਿੱਚ ਭਰੋਸਾ ਪ੍ਰਗਟ ਕੀਤਾ ਹੈ। ਲੋਕ ਵਿਰੋਧੀ ਖੇਤੀ ਕਾਨੂੰਨਾਂ ਅਤੇ ਹੁਣ ਲੇਬਰ ਕੋਡ ਦੇ ਨਾਂ ’ਤੇ ਮਜਦੂਰ ਵਿਰੋਧੀ ਕਾਨੂੰਨਾਂ ਨੂੰ ਪਹਿਲੀਆਂ ਕਾਰਵਾਈਆਂ ਤੋਂ ਨਿਖੇੜ ਕੇ ਨਹੀਂ ਸਮਝਿਆ ਜਾ ਸਕਦਾ। ਆਰਥਿਕ ਅਤੇ ਸਿਆਸੀ ਖੇਤਰ ਵਿਚ ਕੇਂਦਰੀਕਰਨ ਦੀ ਧੁੱਸ ਤਹਿਤ  ਨੋਟਬੰਦੀ, ਜੀ ਐੱਸ ਟੀ, ਕਸਮੀਰ ਵਿੱਚ ਧਾਰਾ 370 ਅਤੇ 35-ਏ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਬਦਲਣਾ, ਨਾਗਰਿਕ ਸੋਧ ਬਿਲ,ਕੌਮੀ ਨਾਗਰਿਕ ਰਜਿਸਟਰ, ਨਵੀਂ ਸਿੱਖਿਆ ਨੀਤੀ ਅਤੇ ਨਵੀਂ ਸਿਹਤ ਨੀਤੀ ਵਿੱਚ ਨਿੱਜੀਕਰਨ ਦੀ ਧੁੱਸ ਅਤੇ ਆਰਥਿਕਤਾ ਦੇ ਹਰੇਕ ਖੇਤਰ ਵਿੱਚ ਨਿੱਜੀਕਰਨ ਦੇ ਨਾਂ ’ਤੇ  ਮੁਲਕ ਨੂੰ ਵਿਕਰੀ ’ਤੇ ਲਾ ਦੇਣ ਨੂੰ, 1991 ਤੋਂ ਚੱਲੀਆਂ ਆ ਰਹੀਆਂ ਆਰਥਿਕ ਸੁਧਾਰਾਂ ਦੀਆਂ ਨੀਤੀਆਂ ਦੀ ਲਗਾਤਾਰਤਾ ਵਿੱਚ ਹੀ ਵੇਖਣਾ ਹੋਵੇਗਾ। ਮੋਦੀ ਦੌਰ ਦੀ ਵਿਸ਼ੇਸ਼ਤਾ ਇਹੋ ਹੈ ਕਿ ਵੱਡੇ ਸਰਮਾਏਦਾਰਾਂ (ਕਾਰਪੋਰੇਟਾਂ) ਦੇ ਹਿੱਤ ਵਿਚ ਚਲਾਈ ਜਾ ਰਹੀ ਮੁਹਿੰਮ ਸਿਫ਼ਤੀ ਤੌਰ ’ਤੇ ਉੱਚੇ ਪੱਧਰ ’ਤੇ ਪਹੁੰਚ ਚੁੱਕੀ ਹੈ। ਲੁਟੇਰੇ ਸਰਮਾਏਦਾਰ ਹਾਕਮਾਂ ਨੇ ਕਿਰਤੀ ਲੋਕਾਂ ਖਿਲਾਫ਼ ਫੈਸਲਾਕੁਨ ਹਮਲਾ ਵਿੱਢ ਦਿੱਤਾ ਹੈ।ਸਰਮਾਏਦਾਰਾਂ ਦੀ ਇਹ ਅਣਸਰਦੀ ਲੋੜ ਹੈ।ਕਿਉਂਕਿ ਕਿਰਤੀ ਲੋਕਾਂ ਦੇ ਖ਼ੂਨ ਨਾਲ ਹੀ ਸਰਮਾਏਦਾਰਾ ਪ੍ਰਬੰਧ ਦੇ ਸਾਮਰਾਜਵਾਦੀ ਪੜਾਅ ਦੇ ਇਸ ਅੱਤ ਦੇ ਪਰਜੀਵੀ  ਅਤੇ ਬਿਮਾਰ ਬੁੱਢੇ ਸਰੀਰ ਦੇ ਸਾਹ ਚੱਲਦੇ ਰੱਖੇ ਜਾ ਸਕਦੇ ਹਨ। ਠੀਕ ਇਸ ਦੇ ਉਲਟ ਮਜਦੂਰਾਂ, ਕਿਸਾਨਾਂ ਅਤੇ ਸਮਾਜ ਦੇ ਹੋਰ ਕਿਰਤੀ ਤਬਕਿਆਂ ਸਾਹਮਣੇ ਵੀ ਸੰਘਰਸ਼ ਤੋਂ ਬਿਨ੍ਹਾਂ ਕੋਈ ਬਦਲ ਨਹੀਂ ਬਚਿਆ ਹੈ ।

ਕਈ ਦਹਾਕਿਆਂ ਦੀ ਖੜੋਤ ਤੋਂ ਬਾਅਦ ਸੰਘਰਸ਼ੀ ਮੋਰਚੇ ’ਤੇ ਖੜੋਤ ਟੁੱਟੀ ਹੈ। ਹਰ ਨਵੇਂ ਦਿਨ ਕਿਰਤੀ ਅਬਾਦੀ ਦੇ ਹੋਰ ਨਵੇਂ ਹਿੱਸੇ ਸੰਘਰਸ਼ਾਂ ਦਾ ਰਾਹ ਫੜ ਰਹੇ ਹਨ ।ਅਜੋਕੇ ਦੌਰ ਦੇ ਸੰਘਰਸ਼ਾਂ ਨੇ ਅੰਨ੍ਹੇ ਕੌਮਵਾਦ ’ਤੇ ਸਵਾਰ ਹੋ ਕੇ ਜੋਰ ਸ਼ੋਰ

***ਬਾਕੀ ਪੰਨਾ 11 ’ਤੇ***

# ਖੇਤੀ ਕਾਨੂੰਨ, ਕਿਸਾਨੀ ਅੰਦੋਲਨ ਅਤੇ ਇਸ ਦੀ ਸੇਧ



ਹੇਮ ਰਾਜ ਸਟੈਨੋ

ਕਿਸਾਨੀ ਅੰਦੋਲਨ ਬੱਚੇ-ਬੱਚੇ ਅਤੇ ਨੌਜਵਾਨਾਂ ਤੋਂ ਲੈ ਕੇ ਹਰ ਬੁੱਢੇ ਦੀ ਜੇਕਰ ਜ਼ਬਾਨ 'ਤੇ ਨਹੀਂ ਤਾਂ ਦਿਮਾਗ ਅੰਦਰ ਜ਼ਰੂਰ ਘੁੰਮ ਰਿਹਾ ਹੈ। ਕਿਸਾਨੀ ਅੰਦੋਲਨ ਚੱਲਦੇ ਨੂੰ ਵੀ ਕਈ ਮਹੀਨੇ ਬੀਤ ਚੁੱਕੇ ਹਨ। ਇਸ ਕਿਸਾਨੀ ਅੰਦੋਲਨ ਨੇ ਸੈਂਕੜਿਆਂ ਦੀ ਗਿਣਤੀ 'ਚ ਇਨਸਾਨਾਂ ਨੂੰ ਨਿਗਲ ਲਿਆ ਹੈ। ਕੇਂਦਰੀ ਸਰਕਾਰ ਨੇ ਇਸ ਪ੍ਰਤੀ ਬਿਲਕੁਲ ਗੰਭੀਰਤਾ ਨਹੀਂ ਦਿਖਾਈ। ਅਸੀਂ ਪਹਿਲਾਂ ਵੀ ਇਸ ਬਾਰੇ ਗੱਲ ਕਰਦੇ ਰਹੇ ਹਾਂ। ਅੱਜ ਅਸੀਂ ਫਿਰ ਇਸ ਬਾਰੇ ਕੁੱਝ ਹੋਰ ਗੱਲ ਕਰਨ ਜਾ ਰਹੇ ਹਾਂ।

ਖੇਤੀ ਕਾਨੂੰਨਾਂ ਬਾਰੇ ਭਾਜਪਾਈਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਇਹ ਕਿਸਾਨਾਂ ਦੇ ਫਾਇਦੇ ਲਈ ਹਨ, ਇਹ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਾਲੇ ਹਨ। ਇਹ ਕਾਨੂੰਨ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਾਲੇ ਹਨ ਜਾਂ ਨਹੀਂ, ਜਾਂ ਇਸ ਪਿੱਛੇ ਕੋਈ ਹੋਰ ਨੀਤ ਤੇ ਨੀਤੀ ਕੰਮ ਕਰਦੀ ਹੈ, ਇਹ ਤਾਂ ਆਪਾਂ ਬਾਅਦ 'ਚ ਦੇਖਾਂਗੇ, ਪਹਿਲਾਂ ਇਸ ਮਸਲੇ 'ਤੇ ਸਾਡੇ ਦੇਸ਼ ਦੇ ਨਿਆਂ ਨੂੰ ਦੇਖਦੇ ਹਾਂ।

ਕੀ ਤੁਸੀਂ ਦੇਖਿਆ-ਸੁਣਿਆ ਹੈ ਕਿ ਕਿਸੇ ਕਾਤਲ ਨੂੰ ਹੀ ਜੱਜ ਦੀ ਭੂਮਿਕਾ ਦੇ ਦਿੱਤੀ ਗਈ ਹੋਵੇ? ਨਹੀਂ ਸੁਣਿਆ ਹੋਣਾ। ਕਿਉਂ? ਕਿਉਂਕਿ ਕਾਤਲ ਕਿਵੇਂ ਆਪਣੇ ਆਪ ਨੂੰ ਮੁਜਰਮ ਕਹਿੰਦਾ ਹੋਇਆ ਆਪਣੇ ਆਪ ਨੂੰ ਸਜ਼ਾ ਸੁਣਾਵੇਗਾ। ਪਰ ਹੈਰਾਨ ਨਾ ਹੋਵੋ ਕਦੇ ਕਦੇ ਦੇਖਣ ਨੂੰ ਅਸੰਭਵ ਲੱਗਦਾ ਵੀ ਸੰਭਵ ਹੋ ਜਾਂਦਾ ਹੈ ਜਾਂ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਇਸ ਕਿਸਾਨੀ ਅੰਦੋਲਨ ਦੌਰਾਨ ਸਾਡੇ ਦੇਸ਼ ਅੰਦਰ ਹੋਇਆ ਹੈ। ਉਹ ਕਿਵੇਂ? ਲਓ ਸੁਣੋ।

ਇਹ ਤਾਂ ਆਮ ਹੀ ਪਤਾ ਹੈ ਕਿ ਖੇਤੀ ਕਾਨੂੰਨਾਂ ਸਬੰਧੀ ਚਾਰ ਮੈਂਬਰੀ ਕਮੇਟੀ ਨਿਯੁਕਤ ਕੀਤੀ ਗਈ ਸੀ। ਇਹ ਇਸ ਲਈ ਕੀਤੀ ਗਈ ਸੀ ਕਿ ਇਹ ਮੈਂਬਰ ਖੇਤੀ ਕਾਨੂੰਨਾਂ ਬਾਰੇ ਆਪਣੀ ਰਿਪੋਰਟ ਦੇਣਗੇ। ਕਹਿਣ ਤੋਂ ਭਾਵ ਸੀ ਕਿ ਕੀ ਖੇਤੀ ਕਾਨੂੰਨ ਕਿਸਾਨਾਂ ਦੇ ਹਿਤ 'ਚ ਹਨ ਜਾਂ ਨਹੀਂ, ਜਾਂ ਜੇ ਕੋਈ ਹੋਰ ਵਿਚਾਰ ਹੋਵੇ ਤਾਂ ਵੀ। ਪਰ ਇਹ ਵੀ ਆਮ ਹੀ ਪਤਾ ਹੈ ਕਿ ਉਹ ਚਾਰੋਂ ਦੇ ਚਾਰੋਂ ਮੈਂਬਰ ਇਨ੍ਹਾਂ ਕਾਨੂੰਨਾਂ ਦੇ ਪੈਰੋਕਾਰ ਤੇ ਸਮਰਥਕ ਹਨ। ਜ਼ਰਾ ਨਜ਼ਰ ਮਾਰੋ ਕਿ ਇਹ ਚਾਰੋਂ ਮੈਂਬਰ ਇਨ੍ਹਾਂ ਖੇਤੀ ਕਾਨੂੰਨਾਂ ਬਾਰੇ ਕੀ ਕਹਿੰਦੇ ਹਨ।

ਪਹਿਲੇ ਮੈਂਬਰ ਭੁਪਿੰਦਰ ਸਿੰਘ ਮਾਨ (ਭਾਵੇਂ ਬਾਅਦ 'ਚ ਇਸਨੇ ਕਮੇਟੀ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ) ਦਾ ਕਹਿਣਾ ਹੈ ਕਿ "ਖੇਤੀ ਨੂੰ ਮੁਕਾਬਲੇ ਦੀ ਬਣਾਉਣ ਲਈ ਇਹ ਖੇਤੀ ਸੁਧਾਰ ਜ਼ਰੂਰੀ ਹਨ।" ਅਨਿਲ ਘਨਵਟ ਕਹਿੰਦੇ ਹਨ ਕਿ "ਇਹਨਾਂ ਖੇਤੀ ਕਾਨੂੰਨਾਂ ਨੇ ਕਿਸਾਨਾਂ ਦੇ ਲਈ ਮੌਕਿਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ, ਇਨ੍ਹਾਂ ਨੂੰ ਵਾਪਿਸ ਲੈਣ ਦੀ ਕੋਈ ਜ਼ਰੂਰਤ ਨਹੀਂ ਹੈ।" ਅਸ਼ੋਕ ਗੁਲਾਟੀ ਨੇ ਲਿਖਿਆ ਹੈ ਕਿ ਇਨ੍ਹਾਂ ਕਾਨੂੰਨਾਂ ਦੀ ਆਰਥਿਕ ਵਾਜਬੀਅਤ ਇਹ ਹੈ ਕਿ ਇਹ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਅਤੇ ਖਰੀਦਦਾਰਾਂ ਨੂੰ ਖਰੀਦਣ ਅਤੇ ਭੰਡਾਰਣ ਕਰਨ ਦੇ ਜ਼ਿਆਦਾ ਬਦਲ ਅਤੇ ਆਜ਼ਾਦੀ ਪ੍ਰਦਾਨ ਕਰਾਉਣ ਵਾਲੇ ਹਨ...।" ਅਤੇ ਕਮੇਟੀ ਦੇ ਚੌਥੇ ਮੈਂਬਰ ਡਾ.ਪੀ.ਕੇ.ਜੋਸ਼ੀ ਦਾ ਮੰਨਣਾ ਹੈ ਕਿ "ਇਹਨਾਂ ਕਾਨੂੰਨਾਂ ਨੂੰ ਕਮਜ਼ੋਰ ਕਰਨ ਦੀ ਕੋਈ ਭੀ ਕੋਸ਼ਿਸ਼ ਭਾਰਤੀ ਖੇਤੀ ਨੂੰ ਉਭਾਰਦਿਆਂ ਵਿਸ਼ਵ ਪੱਧਰੀ ਮੌਕਿਆਂ ਦਾ ਲਾਭ ਲੈਣ 'ਚ ਰੁਕਾਵਟ ਪੈਦਾ ਕਰ ਦੇਵੇਗੀ"।

ਭਾਵ ਜਿਹੜੇ ਇਨਸਾਨ ਨੰਗੇ-ਚਿੱਟੇ ਖੇਤੀ ਕਾਨੂੰਨਾਂ ਦੀ ਪ੍ਰੋੜਤਾ ਤੋਂ ਵਧਕੇ ਤਾਰੀਫ ਕਰ ਰਹੇ ਸਨ ਉਹ ਹੀ ਖੇਤੀ ਕਾਨੂੰਨਾਂ ਦੇ ਜੱਜ ਬਣਾ ਦਿੱਤੇ ਗਏ। ਬਸ ਇਹੀ ਹੈ ਸਾਡੇ ਦੇਸ਼ 'ਚ ਵਾਪਰਿਆ ਕਾਤਲ ਨੂੰ ਜੱਜ ਬਣਾ ਦੇਣ ਦਾ ਨਮੂਨਾ।

ਹੁਣ ਆਪਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਬਾਰੇ ਗੱਲ ਕਰਦੇ ਹਾਂ।

ਪਹਿਲਾਂ ਕੁੱਝ ਅੰਕੜਿਆਂ ਰਾਹੀਂ ਗੱਲ ਕਰਦੇ ਹਾਂ।

*6000 ਰੁਪੈ ਹਰ ਕਿਸਾਨ ਦੇ ਖਾਤੇ 'ਚ ਪਾਉਣ ਵਾਲੀ ਪ੍ਰਧਾਨ ਮੰਤਰੀ ਵੱਲੋਂ ਪ੍ਰਚਾਰੀ ਜਾਂਦੀ ਕਿਸਾਨ ਸਮਾਨ ਨਿਧੀ ਯੋਜਨਾ ਦਾ ਬੱਜਟ 75,000 ਕਰੋੜ ਤੋਂ ਘਟਾਕੇ ਇਸ ਬੱਜਟ 'ਚ 60,000 ਕਰੋੜ ਕਰ ਦਿੱਤਾ ਗਿਆ ਹੈ।

**ਕਿਸਾਨਾਂ ਦੇ ਕਰਜ਼ੇ 'ਤੇ ਵਿਆਜ ਸਬਸਿਡੀ 21,175 ਕਰੋੜ ਤੋਂ ਘਟਾਕੇ 19,468 ਕਰੋੜ ਕਰ ਦਿੱਤੀ ਗਈ।

ਇਸ ਤਰ੍ਹਾਂ ਕਰ ਰਹੀ ਹੈ ਕਿਸਾਨਾਂ ਦੀ ਆਮਦਨ ਦੁੱਗਣੀ ਸਾਡੀ ਸਰਕਾਰ।

ਹੋਰ ਲੋਹੜਾ ਦੇਖੋ। ਸਰਕਾਰ ਦਾ ਆਪਣਾ ਕਹਿਣਾ ਹੈ ਕਿ ਉਸ ਕੋਲ 2013 ਤੋਂ ਬਾਅਦ ਦੇ ਕਿਸਾਨਾਂ ਦੀ ਆਮਦਨ ਬਾਰੇ ਅੰਕੜੇ ਨਹੀਂ ਹਨ ਭਾਵ ਕਿਸ ਕਿਸਾਨ ਦੀ ਕਿੰਨੀ ਅਤੇ ਕਿਹੜੀ ਆਮਦਨ ਹੈ। ਹੁਣ ਜਦੋਂ ਹਕੂਮਤ ਨੂੰ ਇਹ ਹੀ ਨਹੀਂ ਪਤਾ ਕਿ

ਕਿਸਾਨ ਦੀ ਕਿੰਨੀ ਆਮਦਨ ਹੈ ਤਾਂ ਦੁੱਗਣੀ ਕਰਨ ਤੋਂ ਕੀ ਭਾਵ ਹੈ? ਦੁੱਗਣੀ ਆਮਦਨ ਦਾ ਟੀਚਾ ਕੀ ਹੈ? ਇਹ ਤਾਂ ਸਪੱਸ਼ਟ ਨਹੀਂ, ਹਾਂ ਦੁੱਗਣੀ ਕਰਨੀ ਹੈ, ਇਹ ਗੱਲ ਭੋਰਾ-ਭਰ ਵੀ ਕਿਸੇ ਨੂੰ ਜਚ ਸਕਦੀ ਹੈ? ਬਿਲਕੁਲ ਨਹੀਂ। ਹਕੂਮਤ ਦੀ ਦੁਰ-ਨੀਤੀ ਸਪੱਸ਼ਟ ਹੈ ਕਿ ਆਮਦਨ ਦੁੱਗਣੀ-ਦੁੱਗਣੀ ਦਾ ਰੌਲਾ ਪਾਉਂਦਿਆਂ ਖੇਤੀ-ਉਜਾੜੂ ਕਾਨੂੰਨ ਲਾਗੂ ਕਰ ਦੇਈਏ। ਇਹ ਸੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਹਕੂਮਤੀ ਚਾਲ ਬਾਰੇ ਗੱਲ।

ਦੂਸਰੀ ਗੱਲ, ਆਹ ਹੁਣੇ ਹੁਣੇ ਕੇਂਦਰ ਨੇ ਇੱਕ ਹੋਰ ਤਰ੍ਹਾਂ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਕਿਸਾਨਾਂ ਨੂੰ ਸੌਖਾਲੇ ਕਰਨ ਦਾ ਰਾਹ ਅਖਤਿਆਰ ਕੀਤਾ ਹੈ। ਉਹ ਇਹ ਕਿ ਹੁਣ ਖਰੀਦੀ ਹੋਈ ਫਸਲ ਦੇ ਪੈਸੇ ਸਿੱਧੇ ਕਿਸਾਨਾਂ ਦੇ ਖਾਤਿਆਂ 'ਚ ਜਾਣਗੇ। ਇਸ ਵਿੱਚ ਕਿਸਾਨਾਂ ਨੂੰ ਕੀ ਦਿੱਕਤਾਂ ਆਉਣਗੀਆਂ ਹਾਲ ਦੀ ਘੜੀ ਇੱਥੋਂ ਗੱਲ ਅਗਾਂਹ ਦੀ ਕਰਦੇ ਹਾਂ। ਕੀ ਕਿਸਾਨਾਂ ਦੀ ਆਮਦਨ ਦੁੱਗਣੀ ਇਸ ਕਰਕੇ ਨਹੀਂ ਹੋ ਰਹੀ ਸੀ ਕਿ ਪਹਿਲਾਂ ਕਿਸਾਨਾਂ ਦੀ ਉਪਜ ਦੀ ਵੱਟਤ ਦੇ ਪੈਸੇ ਕਿਸਾਨਾਂ ਦੇ ਖਾਤਿਆਂ 'ਚ ਸਿੱਧੇ ਨਹੀਂ ਜਾਂਦੇ ਸਨ? ਸਿੱਧੇ ਪੈਸੇ ਕਿਸਾਨਾਂ ਦੇ ਖਾਤਿਆਂ 'ਚ ਜਾਣ ਨਾਲ ਉਨ੍ਹਾਂ ਦੀ ਆਮਦਨ ਦੁੱਗਣੀ ਕਿਵੇਂ ਹੋ ਜਾਵੇਗੀ? ਹੋਵੇਗਾ, ਸਗੋਂ ਇਸਤੋਂ ਬਿਲਕੁਲ ਉਲਟ। ਉਹ ਇਹ ਕਿ ਜਿਹੜੇ ਕਿਸਾਨ ਠੇਕੇ 'ਤੇ ਜ਼ਮੀਨ ਲੈ ਕੇ ਕਾਸ਼ਤ ਕਰਦੇ ਹਨ ਉਸਦੀ ਫਸਲ ਦੇ ਪੈਸੇ ਤਾਂ ਜ਼ਮੀਨ-ਮਾਲਕ ਦੇ ਖਾਤੇ ਵਿੱਚ ਜਾਣਗੇ ਤੇ ਅਸਲੀ ਕਾਸ਼ਤਕਾਰ ਤਾਂ ਜ਼ਮੀਨ-ਮਾਲਕ ਦੇ ਰਹਿਮੋ-ਕਰਮ 'ਤੇ ਹੋਣਗੇ। ਪੰਜਾਬ ਅੰਦਰ ਕਿੰਨੇ ਹੀ ਦਲਿਤ ਪਰਿਵਾਰ ਹੀ ਨਹੀਂ ਬਲਕਿ ਵੱਡੀ ਗਿਣਤੀ 'ਚ ਅਜਿਹੇ ਕਿਸਾਨ-ਪਰਿਵਾਰ ਵੀ ਹਨ ਜਿਹੜੇ ਜ਼ਮੀਨਾਂ ਦੇ ਮਾਲਕ ਨਹੀਂ ਹਨ ਪਰ ਉਹ ਜ਼ਮੀਨਾਂ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਨ, ਉਨ੍ਹਾਂ ਦੇ ਪੈਸੇ ਵੀ ਜ਼ਮੀਨ-ਮਾਲਕੀ ਅਨੁਸਾਰ ਉਨ੍ਹਾਂ ਦੇ ਖਾਤੇ 'ਚ ਨਹੀਂ ਜਾਣਗੇ। ਉਹ ਤਾਂ ਜ਼ਮੀਨ ਮਾਲਕ ਦੇ ਮੂੰਹ ਵੱਲ ਦੇਖੀ ਜਾਣਗੇ। ਫਿਰ ਉਨ੍ਹਾਂ ਦਾ ਕੀ ਬਣੂੰ? ਇਸੇ ਤਰ੍ਹਾਂ ਸਾਡੇ ਦੇਸ਼ 'ਚ ਬਾਹਰ ਗਏ ਲੋਕਾਂ ਦੀਆਂ ਵੀ ਜ਼ਮੀਨਾਂ ਠੇਕੇ 'ਤੇ ਹਨ। ਉਨ੍ਹਾਂ ਜ਼ਮੀਨਾਂ 'ਤੇ ਜਿਹੜੇ ਕਾਸ਼ਤ ਕਰਦੇ ਹਨ ਉਨ੍ਹਾਂ ਦੀ ਉਪਜ ਦੇ ਪੈਸੇ ਵੀ ਬਾਹਰ ਰਹਿੰਦੇ ਭਾਰਤੀਆਂ ਦੇ ਖਾਤਿਆਂ 'ਚ ਜਾਣਗੇ। ਇਸ 'ਤੇ ਇੱਕ ਦਿਨ ਟੀ.ਵੀ. 'ਤੇ ਚਰਚਾ ਹੋਈ ਤਾਂ ਭਾਜਪਾਈ ਆਗੂ ਕਹਿ ਰਿਹਾ ਸੀ ਕਿ ਇਹ ਕਿਸਾਨਾਂ ਲਈ ਕੋਈ ਔਖਾ ਕੰਮ ਨਹੀਂ ਉਹ ਜ਼ਮੀਨ-ਮਾਲਕਾਂ ਤੋਂ ਲਿਖਵਾ ਕੇ ਦੇ ਦੇਣਗੇ ਤੇ ਪੈਸੇ ਅਸਲੀ ਕਾਸ਼ਤਕਾਰਾਂ ਦੇ ਖਾਤੇ 'ਚ ਪੈ ਜਾਣਗੇ? ਉਹ ਕਹਿ ਰਿਹਾ ਸੀ ਕਿ ਅੱਜ-ਕੱਲ੍ਹ ਤਾਂ ਵਿਦੇਸ਼ ਬੈਠਿਆਂ ਤੋਂ ਵੀ ਔਨ-ਲਾਈਨ ਲਿਖਵਾਇਆ ਜਾ ਸਕਦਾ ਹੈ। ਚਲੋ ਮਿੰਟ ਦੀ ਮਿੰਟ ਆਪਾਂ ਇਹ ਮੰਨ ਵੀ ਲਈਏ ਪਰ ਸਵਾਲ ਤਾਂ ਇੱਥੇ ਇਹ ਪੈਦਾ ਹੁੰਦਾ ਹੈ ਕਿ ਇਸ ਦੀ ਲੋੜ ਕੀ ਪੈ ਗਈ? ਇਹ ਕਾਸ਼ਤਕਾਰਾਂ ਨੂੰ ਸਹੂਲਤ ਦੇਣਾ ਕਿਵੇਂ ਬਣਿਆ? ਇਹ ਤਾਂ ਉਨ੍ਹਾਂ ਦੀਆਂ ਮੁਸ਼ਕਲਾਂ 'ਚ ਵਾਧਾ ਕਰਨਾ ਬਣ ਗਿਆ। ਇਹ ਮੁਸ਼ਕਲਾਂ ਸਹਿ ਲੈਣ ਨਾਲ ਵੀ ਕਿਸਾਨਾਂ ਦੀ ਆਮਦਨ ਦੁੱਗਣੀ ਫਿਰ ਵੀ ਨਾ ਹੋਈ।

ਹੁਣ ਆਪਾਂ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਦੀ ਵੀ ਗੱਲ ਕਰ ਲਈਏ। ਇਸ ਕਮੇਟੀ ਨੇ ਰਿਪੋਰਟ 'ਚ ਕਿਹਾ ਸੀ ਕਿ ਦੇਸ਼ 'ਚ ਲੋੜ ਤੋਂ ਜਿਆਦਾ ਅਨਾਜ ਉਤਪਾਦਨ ਹੈ। ਇਸ ਲਈ ਹੁਣ ਅਨਾਜ ਦੀ ਜਨਤਕ ਖਰੀਦ, ਭੰਡਾਰਨ ਅਤੇ ਸਪਲਾਈ ਦੀ ਕੋਈ ਜ਼ਰੂਰਤ ਨਹੀਂ ਹੈ ਭਾਵ ਕਿ ਐਫ.ਸੀ.ਆਈ. ਅਤੇ ਜਨਤਕ ਵੰਡ ਪ੍ਰਣਾਲੀ ਦੀ ਹੁਣ ਕੋਈ ਜ਼ਰੂਰਤ ਨਹੀਂ ਅਤੇ ਉਸਦਾ ਬੋਰੀਆ-ਬਿਸਤਰਾ ਲਪੇਟ ਦੇਣਾ ਚਾਹੀਦਾ ਹੈ। ਜਨਤਕ ਵੰਡ ਪ੍ਰਣਾਲੀ ਦੀ ਸਫ ਲਪੇਟਣ ਦਾ ਅਰਥ ਹੋਵੇਗਾ ਕਿ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਜਿਹੜਾ ਸਸਤਾ ਅਨਾਜ ਦਿੱਤਾ ਜਾ ਰਿਹਾ ਹੈ, ਉਸ ਤੋਂ ਉਹ ਵਾਂਝੇ ਹੋ ਜਾਣਗੇ। ਇਸ ਸਕੀਮ ਅਧੀਨ ਲਾਭਪਾਤਰੀ ਲੋਕਾਂ ਦਾ ਅੰਕੜਾ ਵੀ ਕੋਈ ਛੋਟਾ ਨਹੀਂ ਹੈ। ਕਰੋਨਾ ਕਾਲ ਦੌਰਾਨ ਵਿਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਸੀ ਕਿ ਸਾਡੇ ਦੇਸ਼ ਦੇ 80 ਕਰੋੜ ਲੋਕਾਂ ਨੂੰ ਇਹ ਅਨਾਜ ਦਿੱਤਾ ਜਾਣਾ ਚਾਹੀਦਾ ਹੈ। ਨਾਲੇ ਇੱਥੇ ਇੱਕ ਗੱਲ ਇਹ ਹੈ ਕਿ ਜੇਕਰ ਕਿਸਾਨ ਨੂੰ ਉਸਦੇ ਉਤਪਾਦਨ ਦੀ ਖਰੀਦ ਬਾਰੇ ਹੀ ਯਕੀਨ ਨਹੀਂ ਹੋਵੇਗਾ ਤਾਂ ਉਹ ਪੈਦਾਵਾਰ ਕਿਵੇਂ ਕਰੇਗਾ? ਇਹ ਤਾਂ ਹੋ ਨਹੀਂ ਸਕਦਾ ਕਿ ਕਿਸਾਨ ਪੈਦਾਵਾਰ ਨਾ ਵੀ ਕਰੇ ਤਾਂ ਵੀ ਹਕੂਮਤ ਉਸਨੂੰ ਦੁੱਗਣੀ ਆਮਦਨ ਦੇ ਬਰਾਬਰ ਕੀਮਤ ਦੇਈ ਜਾਵੇਗੀ? ਹਕੂਮਤ ਤਾਂ ਕਿਸਾਨ ਪੈਦਾਵਾਰ ਦਾ ਲਾਹੇਵੰਦਾ ਭਾਅ ਨਹੀਂ ਦੇ ਰਹੀ ਤੇ ਆਪਣੇ ਕੋਲੋਂ ਤਾਂ ਮੁਫਤ 'ਚ ਉਸਨੇ ਕਿਸਾਨ ਨੂੰ ਦੁੱਗਣੀ ਕੀਮਤ ਕੀ ਦੇਣੀ ਹੈ। ਲਾਹੇਵੰਦਾ ਭਾਅ ਦੇਣ ਬਾਰੇ ਸਵਾਮੀਨਾਥਨ ਕਮੇਟੀ ਦੀ ਰਿਪੋਰਟ (C2 ਭਾਵ ਫਸਲ 'ਤੇ ਕੁੱਲ ਲਾਗਤ ਤੇ ਉਸ 'ਤੇ 50 ਪ੍ਰਤੀਸ਼ਤ ਮੁਨਾਫਾ) ਬਾਰੇ ਤਾਂ ਹਕੂਮਤ ਨੇ ਸੁਪਰੀਮ ਕੋਰਟ 'ਚ ਹਲਫੀਆ ਬਿਆਨ ਦੇ ਦਿੱਤਾ ਸੀ ਕਿ ਉਹ ਇਸਨੂੰ ਲਾਗੂ ਨਹੀਂ ਕਰ ਸਕਦੀ। ਸੋ ਕਿਸਾਨਾਂ ਦੀ ਆਮਦਨ ਬਿਨ੍ਹਾਂ ਕੁੱਝ ਪੈਦਾ ਕੀਤਿਆਂ ਦੁੱਗਣੀ ਨਹੀਂ ਹੋਵੇਗੀ। ਕਿਸਾਨ ਨੂੰ ਪੈਦਾ ਤਾਂ ਕਰਨੀ ਹੀ ਪਵੇਗੀ ਆਮਦਨ ਭਾਵੇਂ ਉਸ ਨਾਲ ਵੀ ਦੁੱਗਣੀ ਨਾ ਵੀ ਹੋਵੇ।

ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡਾ ਦੇਸ਼ ਵਿਸ਼ਵ ਵਪਾਰ ਸੰਗਠਨ (World Trade Organisation) ਦਾ ਮੈਂਬਰ

ਬਣਿਆ ਹੋਇਆ ਹੈ। ਸਾਡੇ ਆਮ ਸਾਧਾਰਣ ਲੋਕਾਂ ਨੂੰ ਭਾਵੇਂ ਇਸ ਸੰਸਥਾ ਦਾ ਪਤਾ ਹੀ ਨਹੀਂ ਕਿ ਇਹ ਕਿਸ ਚਿੜੀਆ ਦਾ ਨਾਮ ਹੈ। ਇਹ ਸੰਗਠਨ ਅਸਲ 'ਚ ਵੱਡੇ ਵੱਡੇ ਲੁਟੇਰੇ ਦੇਸ਼ਾਂ ਦੀ ਹੱਥ-ਠੋਕਾ ਸੰਸਥਾ ਹੈ। ਇਹ ਇੱਕ ਮਿਸਾਲ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ। ਉਹ ਇਉਂ ਕਿ ਜਿਹੜੇ ਵੱਖੋ-ਵੱਖਰੇ ਵੱਡੇ-ਵੱਡੇ ਦੇਸ਼ ਆਪਣਾ ਖੇਤੀ ਅਨਾਜ ਆਪਣੇ ਦੇਸ਼ਾਂ ਤੋਂ ਬਾਹਰ ਹੋਰਨਾਂ ਦੇਸ਼ਾਂ ਨੂੰ ਭੇਜਦੇ ਹਨ ਉਨ੍ਹਾਂ ਸਾਡੇ ਦੇਸ਼ ਨਾਲ ਕੀ ਕੀਤਾ? ਉਹ ਵਿਸ਼ਵ ਵਪਾਰ ਸੰਗਠਨ ਰਾਹੀਂ ਸਾਡੇ ਦੇਸ਼ ਭਾਰਤ 'ਤੇ ਦਬਾਅ ਬਣਾਉਂਦੇ ਰਹੇ ਹਨ ਕਿ ਕਣਕ, ਚੌਲ, ਦਾਲਾਂ, ਕਪਾਹ ਅਤੇ ਚੀਨੀ ਬਾਰੇ ਭਾਰਤੀ ਨੀਤੀਆਂ ਇਸ ਸੰਗਠਨ ਦੇ ਖੇਤੀ-ਸਮਝੌਤੇ ਦਾ ਉਲੰਘਣ ਕਰਦੀਆਂ ਹਨ। ਇਸ ਮੁਹਿਮ ਦੀ ਅਗਵਾਈ ਅਮਰੀਕਾ ਕਰਦਾ ਰਿਹਾ ਹੈ ਅਤੇ ਭਾਰਤ ਦੇ ਇਸ ਦਾਅਵੇ ਦਾ ਵਿਰੋਧ ਕਰਦਾ ਰਿਹਾ ਹੈ ਕਿ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਸਮਰਥਨ ਮੁੱਲ ਖੇਤੀ-ਸਮਝੌਤੇ ਦੇ ਅਨੁਕੂਲ ਹੈ । ਚੇਤੇ ਰਹੇ, 2013 ਵਿੱਚ ਇਸੇ ਸੰਗਠਨ ਨੇ ਇੰਡੋਨੇਸ਼ੀਆ ਦੇ ਬਾਲੀ 'ਚ ਹੋਏ ਸੰਮੇਲਨ 'ਚ ਭਾਰਤ ਦੇ ਅਨਾਜ ਦੀ ਸਰਕਾਰੀ ਖਰੀਦ, ਭੰਡਾਰਣ ਅਤੇ ਵੰਡ ਪ੍ਰੋਗਰਾਮ ਦੀ ਵਿਕਸਿਤ ਦੇਸ਼ਾਂ ਨੇ ਨਿੰਦਾ ਕੀਤੀ ਸੀ (ਹੈਰਾਨ ਨਾ ਹੋਵੋ ਕਿ ਇਹ ਸ਼ਾਂਤਾ ਕੁਮਾਰ ਕਮੇਟੀ ਨਾਲ ਬਿਲਕੁਲ ਮਿਲਦੀ ਨੀਤੀ ਹੈ!)। ਇਹ ਸਭ ਨੂੰ ਪਤਾ ਹੀ ਹੈ ਕਿ ਸਾਡੇ ਦੇਸ਼ 'ਚ ਕੁੱਝ ਫਸਲਾਂ ਦਾ ਕੁੱਝ ਹਿੱਸੇ ਵਿੱਚ ਸਮਰਥਨ ਮੁੱਲ ਚੱਲ ਰਿਹਾ ਹੈ। ਪਰ ਇਨ੍ਹਾਂ ਦੇਸ਼ਾਂ ਨੇ ਸਾਡੇ ਦੇਸ਼ 'ਤੇ ਦਬਾਅ ਬਣਾਇਆ ਹੋਇਆ ਹੈ ਕਿ ਉਹ ਆਪਣੇ ਕਿਸਾਨਾਂ ਨੂੰ ਸਮਰਥਨ ਮੁੱਲ ਦੇਣਾ ਬੰਦ ਕਰੇ। ਕਿਸਾਨੀ ਅੰਦੋਲਨ ਦੀ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੇ ਨਾਲ ਨਾਲ ਬਰਾਬਰ ਦੀ ਹੀ ਇਹ ਮੰਗ ਵੀ ਹੈ ਕਿ ਉਨ੍ਹਾਂ ਦੀਆਂ ਉਪਜਾਂ ਦਾ ਸਮਰਥਨ ਮੁੱਲ 'ਤੇ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਬਣਾਇਆ ਜਾਵੇ। ਇਸ ਮੰਗ ਨੂੰ ਸਰਕਾਰ ਟਰਕਾਉਂਦੀ ਹੀ ਰਹਿੰਦੀ ਹੈ ਸਿਰਫ ਇਹ ਕਹਿਕੇ ਕਿ "ਇਹ ਸੀ, ਇਹ ਹੈ ਅਤੇ ਭਵਿੱਖ 'ਚ ਵੀ ਰਹੇਗੀ"। ਪਰ ਸੁਆਲ ਇੱਥੇ ਇਹ ਹੈ ਕਿ ਹਕੂਮਤ ਦੇ ਹੱਥ ਸਮਰਥਨ ਮੁੱਲ ਦੀ ਗਾਰੰਟੀ ਕਰਨ ਵਾਲਾ ਕਾਨੂੰਨ ਬਣਾਉਣ ਤੋਂ ਕਿਉਂ ਰੁਕ ਜਾਂਦੇ ਹਨ? ਸਪੱਸ਼ਟ ਹੈ ਕਿ ਹਕੂਮਤ ਦੀ ਇਹ ਚਾਲ ਹੀ ਹੈ ਅਤੇ ਅੱਜ ਹਰ ਕੋਈ ਇਸਨੂੰ ਸਮਝ ਵੀ ਰਿਹਾ ਹੈ।

ਇੱਥੇ ਕੁੱਝ ਸਵਾਲ ਉੱਭਰਦੇ ਹਨ:

ਪਹਿਲਾ, ਇਹ ਕਿ ਇਹ ਵਿਸ਼ਵ ਵਪਾਰ ਸੰਗਠਨ ਸਾਡੇ ਦੇਸ਼ ਦੀ ਹਕੂਮਤ 'ਤੇ ਦਬਾਅ ਕਿਉਂ ਬਣਾ ਰਿਹਾ ਹੈ;

ਦੂਸਰਾ, ਸਾਡੇ ਦੇਸ਼ ਦੀ ਹਕੂਮਤ ਇਹ ਦਬਾਅ ਨੂੰ ਕਿਉਂ ਮੰਨ ਰਹੀ ਹੈ;

ਤੀਸਰਾ, ਵਿਕਸਤ ਦੇਸ਼ਾਂ ਨੂੰ ਇਸ ਤਰ੍ਹਾਂ ਕਰਨ ਦੀ ਕੀ ਲੋੜ ਹੈ?

ਸੰਖੇਪ 'ਚ ਇਨ੍ਹਾਂ ਤਿੰਨਾਂ ਸਵਾਲਾਂ ਬਾਰੇ ਵਿਚਾਰਦੇ ਹਾਂ।

ਪਹਿਲੇ ਬਾਰੇ: ਬਿਲ ਐਂਡ ਮਲਿੰਡਾ ਗੇਟਸ ਫਾਊਂਡੇਸ਼ਨ ਨੇ ਉੱਤਰੀ ਧਰੁ ਤੋਂ ਲਗਭਗ 1100 ਕਿਲੋਮੀਟਰ ਦੀ ਦੂਰੀ 'ਤੇ ਆਰਕਟਿਕ ਮਹਾਂਸਾਗਰ ਦੇ ਨੇੜੇ ਬੈਰਟਸ ਸਾਗਰ ਕੋਲ ਸਲਵਾਰਡ ਵਿੱਚ ਇੱਕ ਬੀਜ ਬੈਂਕ ਦਾ ਨਿਰਮਾਣ ਕੀਤਾ ਹੈ। ਇਸਦਾ ਨਾਮ "ਕਿਆਮਤ ਦੇ ਦਿਨ ਦਾ ਬੀਜ ਬੈਂਕ" ਹੈ। ਰੌਕਫੈਲਰ ਫਾਊਂਡੇਸ਼ਨ, ਮੌਨਸੈਂਟੋ ਕਾਰਪੋਰੇਸ਼ਨ, ਸਿੰਜੈਟਾ ਫਾਊਂਡੇਸ਼ਨ ਅਤੇ ਨਾਰਵੇ ਦੀ ਸਰਕਾਰ ਨੇ ਵੀ ਇਸ ਵਿੱਚ ਨਿਵੇਸ਼ ਕੀਤਾ ਹੈ।

ਨਾਰਵੇ ਦੀ ਸਰਕਾਰ ਦੇ ਅਨੁਸਾਰ ਪੂਰੀ ਦੁਨੀਆਂ ਦੇ ਵੱਖ ਵੱਖ ਕਿਸਮਾਂ ਦੇ 30 ਲੱਖ ਬੀਜ ਇਸ ਵਿੱਚ ਸੁਰੱਖਿਅਤ ਰੱਖੇ ਗਏ ਹਨ ਤਾਂ ਜੋ ਫਸਲਾਂ ਦੀ ਵਿਭਿੰਨਤਾ ਭਵਿੱਖ ਲਈ ਸੁਰੱਖਿਅਤ ਕੀਤੀ ਜਾ ਸਕੇ। ਬੀਜਾਂ ਵਿੱਚ ਨਮੀ ਨੂੰ ਬਾਹਰ ਕੱਢਣ ਲਈ ਬੀਜਾਂ ਨੂੰ ਵਿਸ਼ੇਸ਼ ਰੂਪ ਵਿੱਚ ਸੁਰੱਖਿਅਤ ਕੀਤਾ ਗਿਆ ਹੈ।

ਕਿਸੇ ਨੂੰ ਲੱਗ ਸਕਦਾ ਹੈ ਕਿ ਇਸ ਵਿੱਚ ਤਾਂ ਕੁੱਝ ਵੀ ਗਲਤ ਨਹੀਂ, ਬਲਕਿ ਇਹ ਤਾਂ ਹੋਣਾ ਹੀ ਚਾਹੀਦਾ ਹੈ। ਬਸ, ਇਹੀ ਗੱਲ ਹੈ ਇੰਨੀਆਂ ਵੱਡੀਆਂ-ਵੱਡੀਆਂ ਕੰਪਨੀਆਂ ਲੁੱਟ-ਖਸੁੱਟ ਕਰਨ ਵਾਲੇ ਦਾਅ-ਪੇਚ ਵੀ ਵਰਤ ਜਾਂਦੀਆਂ ਹਨ ਅਤੇ ਸਾਡੇ ਆਮ ਲੋਕਾਂ ਵਿੱਚ ਆਪਣੇ ਆਪ ਨੂੰ ਲੋਕ-ਹਿਤੈਸ਼ੀ ਹੋਣ ਦਾ ਭਰਮ ਵੀ ਪੈਦਾ ਕਰ ਦਿੰਦੀਆਂ ਹਨ। ਇਹ ਲੋਕ-ਹਿਤੈਸ਼ੀ ਹੁੰਦੀਆਂ ਹਨ ਜਾਂ ਲੋਕਾਂ ਦਾ ਖ਼ੂਨ ਚੂਸਣ ਵਾਲੀਆਂ, ਇਸ ਲਈ ਇਸ ਬੈਂਕ ਦੀ ਅਸਲੀਅਤ ਜਾਣਦੇ ਹਾਂ।

ਭਲਾਂ ਉਪਰੋਕਤ ਦਰਸਾਏ ਬੀਜ ਦੀ ਕੌਣ ਵਰਤੋਂ ਕਰਦਾ ਹੈ? ਪੌਦੇ ਦੇ ਪਾਲਣ ਕਰਨ ਵਾਲੇ ਅਤੇ ਖੋਜਕਰਤਾ ਜੀਨ ਬੈਂਕਾਂ ਦੇ ਪ੍ਰਮੁੱਖ ਇਸ ਦੀ ਵਰਤੋਂ ਕਰਦੇ ਹਨ। ਅੱਜ ਸਭ ਤੋਂ ਵੱਡੇ ਪਲਾਂਟਾਂ ਵਿੱਚ ਮੌਨਸੈਂਟੋ, ਡੂਪਾਂਟ, ਸਿੰਜੈਟਾ ਅਤੇ ਡਾਓ ਕੈਮੀਕਲ ਹਨ (ਡਾਓ ਕੈਮੀਕਲ ਕੰਪਨੀ ਉਹ ਹੈ ਜਿਸਦੇ ਪਲਾਂਟ ਨੇ ਸਾਡੇ ਭੁਪਾਲ ਗੈਸ ਦੀ ਤਰਾਸਦੀ ਵਰਤਾਈ ਸੀ)। ਇਹ ਸਾਰੇ ਇੱਕ ਗਲੋਬਲ (ਦੁਨੀਆਂ ਪੱਧਰੀ) ਪਲਾਂਟ ਪੇਟੈਂਟ ਜੀ.ਐਮ.ਓ. (ਜੈਨੇਟੀਕਲ ਮੌਡੀਫਾਈਡ ਬੀਜਾਂ) ਦੇ ਸਿਰਮੌਰ ਹਨ। ਇਹ ਕੀ ਕਰਦੇ ਹਨ? ਇੱਕ ਉਦਾਹਰਣ ਲਵੋ। ਮੰਨ ਲਵੋ ਇੱਕ ਕਣਕ ਵਰਗੇ ਬੀਜ ਨੂੰ ਇਹ ਲੈ ਜਾਂਦੇ ਹਨ, ਉਸ ਉੱਪਰ ਖੋਜ ਕਰਦੇ ਹਨ, ਇਹ ਇਸਨੂੰ ਜੈਨੇਟੀਕਲੀ ਮੌਡੀਫਾਈਡ ਭਾਵ ਉਸਦੇ ਜੀਨ ਤਬਦੀਲ ਕਰਕੇ ਨਵਾਂ ਬੀਜ ਤਿਆਰ ਕਰਦੇ ਹਨ। ਇਉਂ ਤਿਆਰ ਕੀਤੇ ਗਏ ਬੀਜ ਨੂੰ ਟਰਮੀਨੇਟਡ ਬੀਜ ਕਿਹਾ ਜਾਂਦਾ ਹੈ ਭਾਵ ਕਿ ਉਸਤੋਂ ਉੱਗਣ ਵਾਲਾ ਪੌਦਾ ਹੋਵੇਗਾ ਤਾਂ ਕਣਕ ਵਰਗਾ ਹੀ ਪਰ ਉਸਤੋਂ ਪੈਦੀ ਹੋਈ ਕਣਕ ਨੂੰ ਨਵੇਂ ਬੀਜ ਦੇ ਤੌਰ 'ਤੇ ਨਹੀਂ ਵਰਤਿਆ ਜਾ ਸਕੇਗਾ ਕਿਉਂਕਿ

ਉਹ ਉੱਗੇਗਾ ਹੀ ਨਹੀਂ। ਇਹ ਆਪਣੇ ਬਣਾਏ ਬੀਜ ਨੂੰ ਪੈਟੈਂਟ ਕਰਵਾ ਲੈਂਦੇ ਹਨ। ਇਨ੍ਹਾਂ ਕੰਪਨੀਆਂ ਦੀ ਦੂਸਰੀ ਸਭ ਤੋਂ ਘਟੀਆ ਤੇ ਲੋਕਾਂ ਨੂੰ ਨੁਕਸਾਨਦਾਇਕ ਪਹੁੰਚਾਉਣ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਵੱਲੋਂ ਇਹ ਬੀਜ ਪੇਟੈਂਟ ਕਰਵਾਇਆ ਹੋਇਆ ਹੋਣ ਕਰਕੇ, ਹਰ ਇੱਕ ਨੂੰ ਇਹ ਬੀਜ ਉਨ੍ਹਾਂ ਕੰਪਨੀਆਂ ਤੋਂ ਹੀ ਖਰੀਦਣ ਲਈ ਮਜ਼ਬੂਰ ਹੋਣਾ ਪਵੇਗਾ। ਇਸ ਤਰ੍ਹਾਂ ਨਾਲ ਇਹ ਕੰਪਨੀਆਂ ਮਨ-ਮਰਜ਼ੀ ਦੀਆਂ ਮਾਲਕ ਹੋਣਗੀਆਂ ਭਾਵ ਜਿਸ ਦੇਸ਼ ਨੂੰ ਮਰਜ਼ੀ ਸਪਲਾਈ ਕਰਨ, ਜਾਂ ਨਾ ਕਰਨ, ਜਾਂ ਜਦੋਂ ਮਨਮਰਜ਼ੀ ਕਰਨ ਅਤੇ ਸਭ ਤੋਂ ਖਾਸ ਗੱਲ ਇਹ ਕਿ ਜਿੰਨੇ ਮਰਜ਼ੀ ਰੇਟ ਲਗਾਉਣ। ਇਸ ਤਰ੍ਹਾਂ ਨਾਲ ਇਹ ਕੰਪਨੀਆਂ ਅਥਾਹ ਲੁੱਟ ਕਰਦੀਆਂ ਹੋਈਆਂ ਆਪਣੇ ਖਜ਼ਾਨੇ ਹੋਰ ਭਰਨਗੀਆਂ ਅਤੇ ਸਾਡੇ ਵਰਗੇ ਵਿਕਾਸਸ਼ੀਲ ਦੇਸ਼ਾਂ ਦੇ ਕਿਸਾਨਾਂ ਨੂੰ ਇਹ ਬੀਜ ਵਧੇ ਹੋਏ ਭਾਵਾਂ 'ਤੇ ਮਿਲਣ ਕਰਕੇ ਹੋਰ ਕੰਗਾਲੀ ਵੱਲ ਧੱਕਣਗੀਆਂ।

ਬਸ, ਵਿਸ਼ਵ ਵਪਾਰ ਸੰਗਠਨ ਅਸਲ 'ਚ ਇਹੋ-ਜਿਹੇ ਦੇਸ਼ ਅਤੇ ਉਨ੍ਹਾਂ ਦੀਆਂ ਕੰਪਨੀਆਂ ਦੇ ਹਿਤਾਂ ਅਨੁਸਾਰ ਨੀਤੀਆਂ ਤੈਅ ਕਰਦਾ ਹੈ ਅਤੇ ਉਨ੍ਹਾਂ ਨੀਤੀਆਂ ਨੂੰ ਮੰਨਣ ਤੇ ਲਾਗੂ ਕਰਨ 'ਤੇ ਸਾਡੇ ਵਰਗੇ ਦੇਸ਼ਾਂ 'ਤੇ ਦਬਾਅ ਬਣਾਉਂਦਾ ਹੈ।

ਹੁਣ ਦੂਸਰੇ ਸਵਾਲ ਬਾਰੇ ਕਿ ਸਾਡੇ ਦੇਸ਼ ਦੀ ਹਕੂਮਤ ਇਹ ਦਬਾਅ ਨੂੰ ਕਿਉਂ ਮੰਨ ਰਹੀ ਹੈ;

ਇਸਦਾ ਇੱਕ ਲਾਈਨ 'ਚ ਹੀ ਜਵਾਬ ਇਹ ਹੈ ਕਿ ਆਮ ਪ੍ਰਚੱਲਿਤ ਅੰਕੜਿਆਂ ਅਨੁਸਾਰ ਸਾਡੇ ਦੇਸ਼ 'ਤੇ 162 ਲੱਖ ਕਰੋੜ ਦਾ ਕਰਜ਼ਾ ਹੈ ਇਸ 'ਤੇ ਪੈਂਦਾ ਵਿਆਜ ਅੱਡ ਹੈ। ਇਸ ਤਰ੍ਹਾਂ ਦੀ ਹਾਲਤ 'ਚ ਸਾਡੇ ਦੇਸ਼ ਦੀ ਹਕੂਮਤ ਇਨ੍ਹਾਂ ਦੇਸ਼ਾਂ ਅੱਗੇ ਹੱਥ ਅੱਡ ਰਹੀ ਹੈ। ਇਸੇ ਲਈ ਪ੍ਰਧਾਨ ਮੰਤਰੀ ਨਰਿੰਦਰ ਦਮੋਦਰ ਦਾਸ ਮੋਦੀ ਬਾਹਰਲੇ ਦੇਸ਼ਾਂ ਦੀਆਂ ਵਿਰਾਟ ਕੰਪਨੀਆਂ ਅਤੇ ਉਨ੍ਹਾਂ ਵਾਂਗ ਹੀ ਸਾਡੇ ਦੇਸ਼ 'ਚ ਵਿਦੇਸ਼ਾਂ ਦੀਆਂ ਕੰਪਨੀਆਂ ਦੇ ਜੋਟੀਦਾਰ ਸਰਮਾਏਦਾਰ ਕਾਰਪੋਰੇਟ ਘਰਾਣੇ (Crony Captialism) ਜਾਂ ਆਪਣੇ ਤੌਰ 'ਤੇ ਬਣੇ ਹੋਏ ਕਾਰਪੋਰੇਟ ਘਰਾਣਿਆਂ ਨੂੰ ਤਸੱਲੀ ਦਿੰਦਾ ਕਹਿੰਦਾ ਰਹਿੰਦਾ ਹੈ ਕਿ ਪੈਸਾ ਲਗਾਓ, ਤੁਹਾਨੂੰ ਸਾਰੀਆਂ ਸਹੂਲਤਾਂ ਮਿਲਣਗੀਆਂ। ਇਸੇ ਲਈ ਉਨ੍ਹਾਂ ਦੇ ਹਿਤਾਂ ਨੂੰ ਪੂਰਨ ਵਾਲੀਆਂ ਨੀਤੀਆਂ ਬਣਾ ਤੇ ਲਾਗੂ ਕਰ ਰਿਹਾ ਹੈ। ਇਹ ਖੇਤੀ ਕਾਨੂੰਨ ਵੀ ਉਸੇ ਨੀਤੀਆਂ ਦਾ ਹੀ ਅੰਗ ਹਨ। ਸੋ ਗੱਲ ਸਿਰਫ ਮੋਦੀ ਦੀ ਅੜੀ ਦੀ ਨਹੀਂ, ਬਲਕਿ ਇਸ ਪਿੱਛੇ ਇਨ੍ਹਾਂ ਦੇਸੀ-ਵਿਦੇਸ਼ੀ ਸਰਮਾਏਦਾਰ ਕੰਪਨੀਆਂ ਦੇ ਹਿਤਾਂ ਵਾਲੀਆਂ ਨੀਤੀਆਂ ਨੂੰ ਬਲ ਨਾਲ ਪੂਰਾ ਕਰਨ ਦਾ ਸਵਾਲ ਹੈ।

ਹੁਣ ਤੀਸਰੇ ਸਵਾਲ ਬਾਰੇ ਕਿ ਵਿਕਸਤ ਦੇਸ਼ਾਂ ਨੂੰ ਅਜਿਹਾ ਕਰਨ ਦੀ ਕੀ ਲੋੜ ਹੈ?

ਇੱਕ ਮਿਸਾਲ ਲਵੋ। ਅਮਰੀਕਾ 'ਚ ਇੱਕ ਫਲ ਦੀ ਬਹੁਤ ਹੀ ਵਰਤੋਂ ਹੁੰਦੀ ਹੈ ਜਿਸਨੂੰ ਹਿੰਦੀ 'ਚ ਬਿਨਲਾ ਕਿਹਾ ਜਾਂਦਾ ਹੈ। ਪਰ ਅਮਰੀਕਾ ਦੇ ਪੌਣ-ਪਾਣੀ ਅਤੇ ਉੱਥੋਂ ਦੀ ਧਰਤੀ 'ਤੇ ਇਹ ਉਗਾਇਆ ਨਹੀਂ ਜਾ ਸਕਦਾ। ਪਰ ਅਮਰੀਕਾ ਦੀ ਇਹ ਲੋੜ ਹੈ ਕਿ ਉਸਨੂੰ ਇਹ ਭਰਪੂਰ ਮਾਤਰਾ 'ਚ ਮਿਲਦਾ ਰਹੇ। ਇਸ ਲਈ ਉਹ ਇਸਦੀ ਬਾਹਰਲੇ ਦੇਸ਼ਾਂ 'ਚੋਂ ਪੈਦਾਵਾਰ ਕਰਾਕੇ ਆਪਣੇ ਦੇਸ਼ ਲਿਜਾਣਾ ਚਾਹੁੰਦਾ ਹੈ। ਇਹ ਫਲ ਦੀ ਪੈਦਾਵਾਰ ਸਾਡੇ ਦੇਸ਼ ਦੇ ਕੇਰਲਾ ਸੂਬੇ 'ਚ ਸ਼ੁਰੂ ਵੀ ਹੋ ਗਈ ਹੈ।

ਸੋ ਇਨ੍ਹਾਂ ਤਿੰਨਾਂ ਸਵਾਲਾਂ ਦਾ ਨਿਚੋੜ ਇਹ ਬਣ ਜਾਂਦਾ ਹੈ ਕਿ ਵਿਕਸਿਤ ਦੇਸ਼ ਵਿਸ਼ਵ ਵਪਾਰ ਸੰਗਠਨ ਅਤੇ ਉਨ੍ਹਾਂ ਦੀ ਦਲਾਲ ਸਾਡੇ ਦੇਸ਼ ਦੀ ਹਕੂਮਤ ਰਾਹੀਂ ਸਾਡੀ ਖੇਤੀ ਨੂੰ ਹਰ ਕਿਸਮ ਦੇ ਹਥਕੰਡੇ ਵਰਤਦਿਆਂ ਤਬਾਹ ਕਰਕੇ ਅਤੇ ਆਪਣੇ ਮੁਆਫ਼ਕ ਖੇਤੀ ਕਰਾਕੇ ਦੋ ਨਿਸ਼ਾਨੇ ਫੁੰਡਣਾ ਚਾਹੁੰਦੀ ਹੈ:

ਪਹਿਲਾ, ਆਪਣੇ ਦੁਆਰਾ ਤਿਆਰ ਬੀਜਾਂ ਦੇ ਵਪਾਰ ਰਾਹੀਂ ਅੰਨੇ ਮੁਨਾਫ਼ੇ ਕਮਾਉਂਦਿਆਂ ਸਾਡੇ ਦੇਸ਼ ਦੀ ਕਿਸਾਨੀ ਹੀ ਨਹੀਂ ਬਲਕਿ ਆਮ ਲੋਕਾਈ ਨੂੰ ਕੰਗਾਲੀ ਦੇ ਖੇਤਰ 'ਚ ਧੱਕਣਾ।

ਦੂਸਰਾ, ਆਪਣੇ ਦੇਸ਼ 'ਚ ਲੋੜੀਂਦੀ ਖਾਧ-ਸਮੱਗਰੀ ਲਈ ਲੋੜੀਂਦਾ ਅਨਾਜ-ਫਲ ਆਦਿ ਇੱਥੇ ਪੈਦਾ ਕਰਾਕੇ ਘੱਟ ਤੋਂ ਘੱਟ ਰੇਟ 'ਤੇ ਖਰੀਦਕੇ ਆਪਣਾ ਮੁਨਾਫ਼ਾ ਵੀ ਕਮਾਉਣਾ ਅਤੇ ਆਪਣੇ ਦੇਸ਼ ਲਈ ਲੋੜੀਂਦੀਆਂ ਖੁਰਾਕੀ ਵਸਤਾਂ ਦੀ ਸਪਲਾਈ ਲਾਈਨ ਨੂੰ ਕਾਇਮ ਰੱਖ ਸਕਣਾ। ਇਸਤੋਂ ਅੱਗੇ ਸਾਡੇ ਦੇਸ਼ ਦੀ ਆਮ ਲੋਕਾਈ ਨੂੰ ਲੋੜੀਂਦੇ ਖਾਧ-ਪਦਾਰਥ ਤੋਂ ਵਾਂਝੇ ਕਰਦਿਆਂ ਕਾਲ ਦੀ ਸਥਿਤੀ ਪੈਦਾ ਕਰਦਿਆਂ ਇੱਥੇ ਖਾਧ-ਪਦਾਰਥ ਭੇਜਕੇ ਹੋਰ ਪੈਸਾ ਕਮਾਉਣਾ ਜਿਵੇਂ ਅੰਗਰੇਜ਼ਾਂ ਨੇ ਸਾਡੇ ਦੇਸ਼ ਦੀ ਢਾਕੇ ਦੀ ਮਲਮਲ ਤਬਾਹ ਕਰਕੇ ਆਪਣਾ ਕੱਪੜਾ ਭੇਜਣਾ ਸ਼ੁਰੂ ਕੀਤਾ ਸੀ।

ਸੋ ਇਸ ਸਾਰੇ ਵਰਤਾਰੇ ਨੂੰ ਇਸ ਤਰ੍ਹਾਂ ਬਿਲਕੁਲ ਵੀ ਨਹੀਂ ਲਿਆ ਜਾਣਾ ਚਾਹੀਦਾ ਕਿ ਇਹ ਕੋਈ ਕੱਲੇ ਕਹਿਰੇ ਮੋਦੀ ਦੀ ਸਿਰਫ ਅੜੀ ਦਾ ਸਵਾਲ ਹੈ। ਇਹ ਤਾਂ ਸਾਡੀ ਕੇਂਦਰੀ ਹਕੂਮਤ ਦੇ ਵਿਦੇਸ਼ੀ (ਸਾਮਰਾਜਵਾਦੀ ਸਰਮਾਏਦਾਰਾਂ) ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੀ ਦਲਾਲ ਸਰਕਾਰ ਦੇ ਚਰਿੱਤਰ ਦਾ ਉੱਘੜਵਾਂ ਪ੍ਰਗਟਾਵਾ ਹੈ। ਸਿਆਸਤ 'ਚ ਅੜੀ-ਉੜੀ ਕੁੱਝ ਨਹੀਂ ਹੁੰਦੀ। ਹਕੂਮਤ ਦੀਆਂ ਨੀਤੀਆਂ ਲੋਕ-ਪੱਖੀ ਜਾਂ ਲੋਕ-ਵਿਰੋਧੀ ਹੁੰਦੀਆਂ ਹਨ। ਅੱਜ ਦਾ ਕਿਸਾਨੀ ਮਸਲਾ ਕੀ ਕਿਸੇ ਵਿਅਕਤੀ ਵਿਸੇਸ਼ ਜਾਂ ਪਾਰਟੀ ਵਿਸ਼ੇਸ਼ ਦਾ ਸਵਾਲ ਹੈ, ਬਲਕਿ ਇਹ ਤਾਂ ਸਾਡੇ ਦੇਸ਼ ਦੀਆਂ ਅਤੇ ਵਿਦੇਸ਼ੀ ਮੁਲਕਾਂ, ਜਿੰਨ੍ਹਾਂ ਨੂੰ ਸਾਮਰਾਜਵਾਦੀ ਕਿਹਾ ਜਾਂਦਾ ਹੈ, ਦੀਆਂ ਲੁਟੇਰੀਆਂ ਜਮਾਤਾਂ

ਅਤੇ ਲੁੱਟੀਆਂ ਜਾ ਰਹੀਆਂ ਜਮਾਤਾਂ ਦੌਰਾਨ ਇੱਕ ਘੋਲ ਹੈ, ਜੱਦੋਜਹਿਦ ਹੈ। ਇਸਦਾ ਫੈਸਲਾ ਉੱਧਰ ਹੋਵੇਗਾ ਜਿੱਧਰ ਦਾ ਪੱਲੜਾ ਭਾਰੀ, ਸਿਰੜ ਅਤੇ ਸੰਘਰਸ਼ ਕਰਨ ਦਾ ਦਾਅ-ਪੇਚ ਸਹੀ ਹੋਵੇਗਾ। ਜਮਾਤੀ ਸੰਘਰਸ਼ ਅੰਦਰ ਇੱਕ ਧਿਰ ਦੀ ਜਿੱਤ ਦਾ ਮਤਲਬ ਹੀ ਦੂਸਰੀ ਧਿਰ ਦੀ ਹਾਰ ਹੁੰਦਾ ਹੈ। ਜੱਦੋਜਹਿਦ ਕਰਨ ਵਾਲਿਆਂ ਨੂੰ ਇਸ ਤੋਂ ਘਬਰਾਉਣ ਦੀ ਲੋੜ ਨਹੀਂ ਹੁੰਦੀ। ਜੇਕਰ ਹਾਰ ਵੀ ਹੋਵੇ ਤਾਂ ਉਸਨੂੰ ਵੀ ਸੰਘਰਸ਼ ਰਾਹੀਂ ਹੀ ਜਿੱਤ 'ਚ ਪਲਟਿਆ ਜਾ ਸਕਦਾ ਹੁੰਦਾ ਹੈ। ਸਾਡੇ ਦੇਸ਼ ਦਾ ਇਤਿਹਾਸ ਇਸ ਦਾ ਗਵਾਹ ਹੈ ਕਿ ਇੱਥੇ ਪਹਿਲੀ ਹੀ ਲਹਿਰ ਦੀ ਜਿੱਤ ਨਹੀਂ ਹੋਈ, ਕਿੰਨੀਆਂ ਲਹਿਰਾਂ ਚੱਲੀਆਂ, ਆਖਰ ਨੂੰ ਅੰਗਰੇਜ਼ੀ ਸਾਮਰਾਜ ਸਾਡੇ ਦੇਸ਼'ਚੋਂ ਗਿਆ।

ਇਸੇ ਲਈ ਲੋਕ-ਕਵੀ ਸੰਤ ਰਾਮ ਉਦਾਸੀ ਨੇ ਜੋ ਲਿਖਿਆ ਸੀ ਉਹ ਅੱਜ ਵੀ ਢੁੱਕਦਾ ਹੈ:

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ,
ਬੜੇ ਹੀ ਅਸੀਂ ਦੁਖੜੇ ਜਰੇ
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ...

ਸ੍ਰੋਤ : ਮੈਗਜ਼ੀਨ 'ਰੈੱਡ-ਸਟਾਰ' (ਹਿੰਦੀ)

**98769-53561**

## ਸੁਆਲਨਾਮਾ

ਮੈਗਜ਼ੀਨ ਦੇ ਅਗਲੇ ਅੰਕ ਤੋਂ ਪਾਠਕਾਂ ਦੇ ਸਹਿਯੋਗ ਨਾਲ ਇਹ ਕਾਲਮ ਸ਼ੁਰੂ ਕਰਨ ਜਾ ਰਹੇ ਹਾਂ। ਸਾਡੇ ਘਰਾਂ ਵਿੱਚ ਬੁਖਾਰ ਦੇਖਣ ਲਈ ਪਾਰੇ ਵਾਲਾ ਥਰਮਾਮੀਟਰ ਤੇ ਪਾਰੇ ਵਾਲੇ ਹੋਰ ਉਪਕਰਣ ਅਕਸਰ ਹੁੰਦੇ ਹਨ। ਵਰਤੋਂ ਵਿੱਚ ਨਾ ਆਉਣ ਵਾਲੀ ਵਸਤੂ ਨੂੰ ਅਸੀਂ ਅਕਸਰ ਕੂੜੇ ਵਿੱਚ ਸੁੱਟ ਦਿੰਦੇ ਹਾਂ। ਪਾਰੇ ਨੂੰ ਇਸ ਤਰ੍ਹਾਂ ਕੂੜੇ ਵਿੱਚ ਨਹੀਂ ਸੁੱਟਿਆ ਜਾ ਸਕਦਾ ਕਿਉਂਕਿ ਇਹ ਮਨੁੱਖੀ ਸਿਹਤ ਲਈ ਖਤਰਨਾਕ ਤੇ ਜਹਿਰੀਲਾ ਪਦਾਰਥ ਹੈ। ਪਾਠਕ ਇਸ ਸੁਆਲ ਦਾ ਉੱਤਰ ਖ਼ੁਦ ਜਾਂ ਕਿਸੇ ਮਾਹਿਰ ਤੋਂ ਪੁਖਤਾ ਵਿਗਿਆਨਕ ਜਾਣਕਾਰੀ ਲੈ ਕੇ ਮੈਗਜ਼ੀਨ ਲਈ ਭੇਜਣ। ਇਹ ਵੀ ਦੱਸਿਆ ਜਾਵੇ ਕਿ ਥਰਮਾਮੀਟਰ ਟੁੱਟਣ 'ਤੇ ਖਿੱਲਰੇ ਪਾਰੇ ਨੂੰ ਕਿਵੇਂ ਸਮੇਟਿਆ ਜਾਵੇ? ਇਸੇ ਤਰ੍ਹਾਂ ਫਾਲਤੂ, ਬੇਕਾਰ ਮੋਬਾਈਲ ਤੇ ਬੱਚਿਆਂ ਦੇ ਬੈਟਰੀ ਸੈੱਲ ਵਾਲੇ ਖਿਡੌਣੇ ਕਿਵੇਂ ਸਮੇਟੇ ਜਾਣ? ਦਾ ਜੁਆਬ ਵੀ ਭੇਜਿਆ ਜਾਵੇ। ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।

**ਅਦਾਰਾ ਤਰਕਸ਼ੀਲ**

## ਪ੍ਰਾਪਤ ਆਰਥਿਕ ਸਹਾਇਤਾ

| | | |
|---|---|---|
| 1. | ਆਂਗਣਵਾੜੀ ਮੁਲਾਜ਼ਮ ਯੂਨੀਅਨ, ਬਰਨਾਲਾ | 500 |
| 2. | ਲੱਖਾ ਸਿੰਘ, ਲੈਕਚਰਾਰ, ਕੈਪਟਨ ਕਰਮ ਸਿੰਘ ਨਗਰ, ਸੁਨਾਮ ਰੋਡ, ਸੰਗਰੂਰ | 500 |
| 3. | ਅਸ਼ੋਕ ਰੋਪੜ (ਬੇਟੀ ਅਚਿੰਤ ਦੇ ਵਿਆਹ ਦੀ ਖੁਸ਼ੀ 'ਚ) | 5000 |
| 4. | ਸਾਥੀ ਅੰਮ੍ਰਿਤਪਾਲ ਪੀ.ਏ.ਯੂ. ਦੇ ਸ਼ਰਧਾਂਜਲੀ ਸਮਾਗਮ 'ਤੇ ਉਨ੍ਹਾਂ ਦੀ ਪਤਨੀ ਮਧੂ ਵੱਲੋਂ | 5000 |
| 5. | ਕਾਲਿਆਂਵਾਲੀ ਇਕਾਈ | 5000 |
| 6. | ਗੁਲਵੰਤ ਸਿੰਘ, ਮਹਿਲ ਖੁਰਦ (ਅਮਰਜੀਤ ਕੌਰ ਦੀ ਯਾਦ 'ਚ) | 2100 |
| 7. | ਪਰਵੀਨ ਘਈ ਪਤਨੀ ਛੱਜੂ ਰਾਮ ਘਈ (ਆਪਣੀ ਦੋਹਤੀ ਦੇ ਜਨਮ 'ਤੇ) | 500 |
| 8. | ਜੁਗਰਾਜ ਸਿੰਘ ਟੱਲੇਵਾਲ (ਆਪਣੀ ਸੇਵਾ ਮੁਕਤੀ 'ਤੇ) | 1000 |
| 9. | ਚਮਕੌਰ ਸਿੰਘ, ਬਾਘਾਪੁਰਾਣਾ | 500 |
| 10. | ਹਰਚੰਦ ਸਿੰਘ ਧਾਲੀਵਾਲ ਰੀਟਾਇਰਡ ਹੈੱਡਮਾਸਟਰ, ਬੱਧਨੀ ਕਲਾਂ | 5000 |
| 11. | ਰੂਪ ਸਿੰਘ ਸੁਖਪੁਰਾ, ਤਹਿ. ਤਪਾ (ਬਰਨਾਲਾ) ਵੱਲੋਂ ਸਿਹਤ ਵਿਭਾਗ ਵਿੱਚੋਂ ਸੇਵਾ ਮੁਕਤ ਹੋਣ ਸਮੇਂ (ਰਾਹੀਂ ਗੁਰਪ੍ਰੀਤ ਸ਼ਹਿਣਾ) | 10000 |
| 12. | ਕਮਲਜੀਤ ਅਤੇ ਦਵਿੰਦਰਜੀਤ ਬੁਜ਼ਰਗ (ਇਕਾਈ ਜਗਰਾਉਂ) ਪਿਤਾ ਸ਼ਰਨ ਦਾਸ ਜੀ ਦੇ ਸਤਿਕਾਰ ਸਮਾਗਮ 'ਤੇ | 1000 |
| 13. | ਡਾ. ਜੁਗਰਾਜ ਸਿੰਘ ਖੀਵਾ ਖੁਰਦ (ਬੇਟੇ ਅਰਵਿੰਦਰ ਦੇ ਵਿਆਹ ਦੀ ਖੁਸ਼ੀ ਵਿੱਚ) | 1000 |

**ਇਕਾਈਆਂ ਲਈ ਸਹਾਇਤਾ**

**ਇਕਾਈ ਮਾਨਸਾ**

ਡਾ. ਸੁਰਿੰਦਰ ਸਿੰਘ ਵੱਲੋਂ ਆਪਣੀ ਪਤਨੀ ਪਰਵਿੰਦਰ ਕੌਰ ਦੀ ਸੇਵਾ ਮੁਕਤੀ 'ਤੇ 1000

ਅਸੀਂ ਡੰਕੇ ਦੀ ਚੋਟ ਨਾਲ ਇਸ ਦੇਸ਼ ਦੇ ਸਾਮਰਾਜੀ ਹੁਕਮਰਾਨਾਂ ਦੀ ਤਾਕਤ ਨੂੰ ਬਗ਼ਾਵਤ ਰਾਹੀਂ ਚੁਣੌਤੀ ਦਿੱਤੀ ਸੀ ਤੇ ਸਾਨੂੰ ਆਪਣੀ ਕੋਸ਼ਿਸ਼ ਉੱਤੇ ਮਾਣ ਹੈ। ਅਸੀਂ ਇੱਕ ਅਜਿਹੀ ਜੋਤ ਜਗਾ ਚੱਲੇ ਹਾਂ, ਜੋ ਕਦੇ ਨਹੀਂ ਬੁਝੇਗੀ। ਗੁਲਾਮ ਦਾ ਹੱਕ ਹੈ ਕਿ ਉਹ ਬਗ਼ਾਵਤ ਕਰੇ।

**ਸ਼ਹੀਦ ਕਰਤਾਰ ਸਿੰਘ ਸਰਾਭਾ**

*ਵਿਅੰਗ*

# ਉੱਲੂ ਅਜੇ ਖਤਮ ਨਹੀਂ ਹੋਏ



ਪ੍ਰਿੰ. ਬਲਦੇਵ ਸਿੰਘ ਆਜ਼ਾਦ

" ਪੁੱਤਰਾ, ਹੁਣ ਤਾਂ ਉੱਲੂ ਬਿਲਕੁਲ ਹੀ ਖ਼ਤਮ ਹੋ ਗਏ। ਪਹਿਲਾਂ ਰਾਤ ਵੇਲੇ ਵਾਧੂ ਉੱਲੂ ਵੇਖਣ ਨੂੰ ਮਿਲ ਜਾਂਦੇ ਸੀ। ਪਤਾ ਨਹੀਂ ਕੜਮੇਂ ਕਿਧਰ ਮਰ-ਖਪ ਗਏ।" ਤਾਈ ਚਤਰੀ ਨੇ ਘੁਣਤਰੀ ਕੋਲ ਆਪਣਾ ਫ਼ਿਕਰ ਪ੍ਰਗਟ ਕੀਤਾ।

" ਵਾਹ ਤਾਈ ਵਾਹ, ਤੈਨੂੰ ਕੌਣ ਕਹਿੰਦੈ ਕਿ ਉੱਲੂ ਖ਼ਤਮ ਹੋਗੇ। ਉੱਲੂਆਂ ਦੇ ਤਾਂ ਐਥੇ ਝੁੰਡਾਂ ਦੇ ਝੁੰਡ ਉਡਾਰੀਆਂ ਮਾਰਦੇ ਫਿਰਦੇ ਐ। ਜਿਧਰ ਵੇਖੋ, ਉੱਲੂ ਹੀ ਉੱਲੂ ਵਿਖਾਈ ਦਿੰਦੇ ਹਨ।" ਘੁਣਤਰੀ ਤਾਈ ਚਤਰੀ ਵੱਲ ਵੇਖ ਖਚਰਾ ਜਿਹਾ ਹੱਸਦਾ ਹੈ।

" ਲੈ ਪੁੱਤ ਕਾਹਨੂੰ ਮਸ਼ਕਰੀਆਂ ਕਰਦੈਂ ਬੁੱਢੀ- ਠੇਰੀ ਨੂੰ। ਮੈਨੂੰ ਤਾਂ ਵਰ੍ਹੇ ਹੋ ਗਏ ਐ ਉੱਲੂ ਵੇਖਿਆਂ ਤੇ ਤੂੰ ਕਹਿ ਰਿਹੈਂ ਐਥੇ ਉੱਲੂਆਂ ਦੇ ਝੁੰਡਾਂ ਦੇ ਝੁੰਡ ਉੱਡੇ ਫਿਰਦੇ ਨੇ ... ।"

" ਤਾਈ ਹੁਣ ਉੱਲੂਆਂ ਦੀ ਨਸਲ ਮਨੁੱਖੀ ਜਾਮੇ ਵਿਚ ਤਬਦੀਲ ਹੋ ਗਈ ਐ। ਜੇ ਤੂੰ ਬਹੁਤੀ ਹੀ ਕਾਹਲੀ ਐਂ ਤਾਂ ਆ ਤੈਨੂੰ ਉੱਲੂ ਮੈਂ ਹੁਣੇ ਹੀ ਵਿਖਾ ਦਿੰਦਾ ਹਾਂ ... ਉਹ ਸ਼ਗਨੇ ਸੇਠ ਕਾ ਕਮਲੇਸ਼ ਕੁਮਾਰ ਹੈ ਨਾ, ਉਹ ਜਿਹੜਾ ਲਾਗਲੇ ਸ਼ਹਿਰ ਦੇ ਕਾਲਜ ਵਿਚ ਕਾਲਜੀਏਟਾਂ ਨੂੰ ਸਾਇੰਸ ਪੜ੍ਹਾਉਂਦੈ, ਪਿਛਲੇ ਹਫ਼ਤੇ ਉਹਦੇ ਘਰ ਬੇਟਾ ਪੈਦਾ ਹੋਇਐ। ਉਹ ਅੱਜ ਸਵੇਰੇ ਹੀ ਮੇਰੇ ਘਰ ਆ ਟਪਕਿਆ। ਅਖੇ ਅੰਕਲ ਘੁਣਤਰੀ ਜੀ, ਅਸੀਂ ਨਵ-ਜਨਮੇਂ ਕਾਕੇ ਦੇ ਨਾਮਕਰਨ ਲਈ ਪੰਡਤ ਜੀ ਨੂੰ ਆਪਣੇ ਘਰ ਬੁਲਾਇਆ ਸੀ। ਕਾਕੇ ਦਾ ਨਾਂ ਰੱਖਣ ਲਈ ਉਸ ਨੇ ਮੂਹਰਲਾ ਅੱਖਰ 'ਝੱਜਾ' ਦੱਸਿਐ। ਅਸੀਂ ਬੜੇ ਕਸੂਤੇ ਫਸੇ ਹਾਂ। ਹੁਣ ਝੱਜੇ ਤੇ ਕੀ ਨਾਂ ਰੱਖੀਏ ? ਕਾਕੇ ਦਾ ਨਾਂ 'ਝਾਵਾਂ' ਰੱਖ ਦਿਓ ਝੱਜੇ ਅੱਖਰ ਤੇ ... ਓ ਭਲਿਆਮਾਣਸਾ, ਤੂੰ ਕਾਲਜ ਵਿਚ ਪ੍ਰੋਫ਼ੈਸਰ ਐਂ। ਲੋਕਾਂ ਦਿਆਂ ਬੱਚਿਆਂ ਨੂੰ ਤੂੰ ਚਾਨਣ ਵੰਡ ਰਿਹੈਂ ਤੇ ਆਪ ਹਨੇਰੇ ਵਿਚ ਹੀ ਤੁਰਿਆ ਫਿਰਦੈਂ। ਭਲਾਂ, ਬੱਚੇ ਦਾ ਨਾਂ ਰੱਖਣ ਲਈ ਪੰਡਤ ਦੀ ਕੀ ਜ਼ਰੂਰਤ ਐ ? ਬੱਚਾ ਤੁਸੀਂ ਪੈਦਾ ਕਰੋ ਤੇ ਉਹਦਾ ਨਾਂ ਰੱਖੇ ਪੰਡਿਤ ? ਵਾਹ ਬਈ ਵਾਹ, ਤੁਸੀਂ ਤਾਂ ਕਮਾਲ ਕਰੀ ਜਾ ਰਹੇ ਓਂ ... ਤੁਸੀਂ ਪਤੀ-ਪਤਨੀ ਪੜ੍ਹੇ-ਲਿਖੇ ਓਂ। ਸੋਚ-ਵਿਚਾਰ ਕੇ ਬੱਚੇ ਦਾ ਕੋਈ ਭਾਵ-ਪੂਰਤ ਜਿਹਾ ਨਾਂ ਰੱਖ ਦਿਓ। ਤੁਸੀਂ ਤਾਂ ਯਾਰ ਪੜ੍ਹ-ਲਿਖ ਕੇ ਖੂਹ ਵਿਚ ਪਾ ਦਿੱਤੀਆਂ... ਮੇਰੀਆਂ ਤੱਤੀਆਂ-ਤੱਤੀਆਂ ਸੁਣ ਉਹ ਕੰਨ ਜਿਹੇ ਝਾੜਦਾ ਮਿੰਟਾਂ ਵਿਚ ਹੀ ਕਿਧਰੇ ਉਡੰਤਰ ਹੋ ਗਿਆ। ਹੁਣ ਤਾਈ ਤੂੰ ਹੀ ਦੱਸ ਕਮਲੇਸ਼ ਕੁਮਾਰ ਕਿਸੇ ਉੱਲੂ ਤੋਂ ਘੱਟ ਐ।"

"ਇਹ ਤਾਂ ਪੁੱਤ ਜਵਾਂ ਹੀ ਉੱਲੂ ਐ।" ਤਾਈ ਚਤਰੀ ਨੇ ਤੁਰੰਤ ਹੀ ਆਪਣਾ ਉੱਤਰ ਦਿੱਤਾ।

"ਲੈ, ਇਕ ਉੱਲੂ ਹੋਰ ਵੇਖ, ਉਹ ਹੈ ਨਾ ਵੈਲੀਆਂ ਕਾ ਸ਼ੇਰਾ, ਉਹ ਜੀਹਨੇ ਪਿਛਲੇ ਵਰ੍ਹੇ ਬੈਂਕ ਤੋਂ ਵੀਹ ਲੱਖ ਰੁਪਏ ਵਿਆਜੂ ਲੈ ਕੇ ਕੋਠੀ ਬਣਾਈ ਐ। ਉਹ ਹੁਣ ਵਾਸਤੂ-ਸ਼ਾਸਤਰ ਵਾਲਿਆਂ ਦੇ ਅੜਿੱਕੇ ਚੜ੍ਹ ਗਿਐ। ਉਹ ਤਿੰਨ-ਚਾਰ ਦਿਨ ਕੋਠੀ ਨੂੰ ਅੱਗਿਓਂ- ਪਿੱਛਿਓਂ ਇਉਂ ਵੇਖਦੇ ਰਹੇ ਜਿਵੇਂ ਸੰਨ੍ਹ ਲਾਉਣੀ ਹੋਵੇ। ਅੱਜ ਵਾਸਤੂ-ਸ਼ਾਸਤਰ ਵਾਲਿਆਂ ਸ਼ੇਰੇ ਨੂੰ ਆਪਣਾ ਫ਼ੈਸਲਾ ਸੁਣਾ ਦਿੱਤੈ 'ਅਖੇ ਭਾਈ ਤੇਰਾ ਮੇਨ ਗੇਟ ਗਲਤ ਬਣਿਆ ਵਿਐ। ਜੇ ਤੂੰ ਰਾਹੂ-ਕੇਤੂ ਦੀ ਕਰੋਪੀ ਤੋਂ ਬਚਣੈਂ ਤਾਂ ਇਹਨੂੰ ਚੜ੍ਹਦੇ ਵਾਲੇ ਪਾਸੇ ਬਣਾ। ਤੇਰੀ ਪਾਣੀ ਵਾਲੀ ਟੈਂਕੀ ਮੇਨ ਗੇਟ ਦੇ ਬਿਲਕੁਲ ਸਾਹਮਣੇ ਬਣੀ ਵੀ ਐ। ਇਹਨੂੰ ਢਾਹ ਕੇ ਕੋਠੀ ਦੀ ਖੱਬੀ ਗੁੱਠ ਵਿਚ ਬਣਾ। ਤੇਰੀਆਂ ਪੌੜੀਆਂ ਤਿਰਛੀਆਂ ਬਣੀਆਂ ਵੀਐਂ ਅਤੇ ਬਾਥਰੂਮ ਦੀ ਦਿਸ਼ਾ ਵੀ ਥੋੜ੍ਹੀ ਜੇਹੀ ਟੇਢੀ ਐ...।' ਗੱਲ ਮੁਕਾਓ ਜੀ, ਵਾਸਤੂ-ਸ਼ਾਸਤਰ ਵਾਲਿਆਂ ਨਵੀਂ ਬਣਾਈ ਕੋਠੀ ਵਿਚ ਅਨੇਕਾਂ ਹੀ ਨੁਕਸ ਕੱਢ ਦਿੱਤੇ ਤੇ ਲੱਗਦੇ ਹੱਥ ਇਹ ਵੀ ਕਹਿ ਦਿੱਤੈ ਕਿ ਜੇ ਭਾਈ ਤੂੰ ਸਾਡੇ ਅਨੁਸਾਰ ਕੋਠੀ ਵਿਚ ਤਬਦੀਲੀ ਨਹੀਂ ਕਰੇਂਗਾ ਤਾਂ ਭਵਿੱਖ ਵਿਚ ਤੇਰਾ ਬਹੁਤ ਵੱਡਾ ਨੁਕਸਾਨ ਹੋ ਸਕਦੈ। ਹੁਣ ਵਾਸਤੂ-ਸ਼ਾਸਤਰ ਵਾਲਿਆਂ ਦਾ ਡਰਾਇਆ ਉਹ ਉੱਲੂ ਆਪਣੀ ਖ਼ੂਬਸੂਰਤ ਕੋਠੀ ਦੀ ਵੱਢ- ਟੁੱਕ ਕਰ ਉਸ ਦਾ ਸਤਿਆਨਾਸ ਕਰੀ ਜਾ ਰਿਹੈ। ਤਾਈ ਹੁਣ ਤੂੰ ਹੀ ਦੱਸ, ਸ਼ੇਰੇ ਨੂੰ ਤੂੰ ਕੀ ਕਹੇਂਗੀ- ਬੰਦਾ ਜਾਂ ਉੱਲੂ ?"

" ਮੈਂ ਤਾਂ ਭਾਈ ਸ਼ੇਰੇ ਨੂੰ ਉੱਲੂ ਹੀ ਕਹੂੰ। ਨਾਲੇ ਵਾਸਤੂ-ਸ਼ਾਸਤਰ ਵਾਲੇ ਕਿਧਰੋਂ ਵੱਡੇ ਔਲੀਏ ਆ ਗੇ । ਜੇ ਉਹ ਐਡੇ ਹੀ ਪਹੁੰਚੇ ਹੋਏ ਹੋਣ ਤਾਂ ਲੋਕਾਂ ਦੇ ਘਰਾਂ ਵਿਚ ਕਾਹਨੂੰ ਧੱਕੇ ਖਾਂਦੇ ਫਿਰਨ ... ।" ਤਾਈ ਚਤਰੀ ਨੇ ਸ਼ੇਰੇ ਦੇ ਉੱਲੂ ਹੋਣ 'ਤੇ ਆਪਣੀ ਮੋਹਰ ਲਗਾ ਦਿੱਤੀ ਸੀ।

" ਤਾਈ ਇਕ ਉੱਲੂ ਔਹ ਸਾਹਮਣੇ ਘਰ ਵਿਚ ਰਹਿੰਦੈ- ਘੀਲੇ ਕਾ ਘੀਚੂ। ਇਹਦੀ ਬੇਟੀ ਮੂਰਤੀ ਛੇਵੀਂ ਜਮਾਤ ਵਿਚ ਪੜ੍ਹਦੀ ਐ। ਬਹੁਤ ਸਾਊ ਅਤੇ ਹੁਸ਼ਿਆਰ ਕੁੜੀ ਐ।

ਇਕ ਦਿਨ ਬਾਹਰ ਖੇਡਦੀ-ਖੇਡਦੀ ਨੇ ਘਰ ਆ ਕੇ ਠੰਢਾ ਪਾਣੀ ਪੀ ਲਿਆ। ਕੁੜੀ ਨੂੰ ਤੁਰੰਤ ਬੁਖ਼ਾਰ ਹੋ ਗਿਆ। ਕਿਸੇ ਚੰਗੇ ਡਾਕਟਰ ਤੋਂ ਦਵਾਈ ਲੈਣ ਦੀ ਥਾਂ ਉਹ ਇਕ ਨੀਮ-ਹਕੀਮ ਦੇ ਅੜਿੱਕੇ ਚੜ੍ਹ ਗਏ। ਇਹ ਬੁਖ਼ਾਰ ਹੌਲੀ-ਹੌਲੀ ਟਾਈਫਾਈਡ ਦਾ ਰੂਪ ਧਾਰਨ ਕਰ ਗਿਆ। ਡੇਰੇ ਵਾਲੇ ਬਾਬੇ ਕੂਹਣੀਮਾਰ ਦੀ ਨੇਕ ਸਲਾਹ ਲੈ ਕੇ ਉਹ ਘਰ ਹੀ ਬੈਠਾ ਰਿਹਾ। ਅਖੇ ਜੀ ਮੂਰਤੀ ਨੂੰ ਤਾਂ ਫ਼ੁੱਲ ਮਾਤਾ ਨਿਕਲੀ ਵੀ ਐ। ਬੂਹੇ ਅੱਗੇ ਸ਼ਰੀਂਹ ਬੰਨ੍ਹ ਹਲ ਮੂਧਾ ਮਾਰ ਦਿੱਤਾ। ਇਕ ਡ੍ਹੀਕਰਾ ਬੂਹੇ ਅੱਗੇ ਰੱਖ ਉਹਦੇ ਵਿਚ ਲੱਸੀ ਪਾਉਣੀ ਸ਼ੁਰੂ ਕਰ ਦਿੱਤੀ ਤੇ ਘਰ ਵਿਚ ਸਬਜ਼ੀ-ਭਾਜੀ ਨੂੰ ਤੜਕਾ ਲਾਉਣਾ ਬੰਦ। ਅਖੇ ਜੇ ਸਬਜ਼ੀ ਨੂੰ ਤੜਕਾ ਲਾਇਆ ਤਾਂ ਮਾਤਾ ਕਹਿਰਵਾਨ ਹੋ ਜੂ। ਮੂਰਤੀ ਵਿਚਾਰੀ ਭੁੱਖੀ ਤਿਹਾਈ ਮੰਜੇ 'ਤੇ ਪਈ-ਪਈ ਮੰਜਾ ਹੀ ਹੋ ਕੇ ਰਹਿ ਗਈ। ਕੁੜੀ ਦੀ ਵਿਗੜਦੀ ਹਾਲਤ ਵੇਖ ਕੇ ਆਂਢੀਆਂ-ਗੁਆਂਢੀਆਂ ਨੇ ਰੌਲਾ ਪਾਇਆ। ਅਖੇ ਤੂੰ ਤਾਂ ਭਾਈ ਘੀਚੂ ਸਿਹਾਂ ਫ਼ੁੱਲ-ਮਾਤਾ ਵਾਲੀਆਂ ਸੋਲ੍ਹਵੀਂ ਸਦੀ ਵਾਲੀਆਂ ਗੱਲਾਂ ਕਰੀ ਜਾ ਰਿਹੈਂ। ਇਹ ਵਿਗਿਆਨ ਦਾ ਯੁੱਗ ਐ। ਤੇਰੀ ਲੜਕੀ ਨੂੰ ਟਾਈਫਾਈਡ ਐ। ਫ਼ੁੱਲ-ਮਾਤਾ ਆਪਣੇ-ਆਪ ਵਿਚ ਕੋਈ ਬਿਮਾਰੀ ਨਹੀਂ ਹੈ। ਇਹ ਤੂੰ ਨਿਰੀ ਉੱਲੂਆਂ ਵਾਲੀ ਗੱਲ ਕਰ ਰਿਹੈਂ। ਤੂੰ ਮੂਰਤੀ ਦਾ ਕਿਸੇ ਯੋਗ ਡਾਕਟਰ ਤੋਂ ਇਲਾਜ ਕਰਵਾ। ਲੋਕਾਂ ਦੇ ਰੌਲਾ ਪਾਉਂਣ ਤੇ ਉਹ ਕੁੜੀ ਨੂੰ ਚੰਗੇ ਡਾਕਟਰ ਕੋਲ ਲੈ ਗਿਆ ਤੇ ਹੁਣ ਉਹ ਕੁੜੀ ਬਿਲਕੁਲ ਠੀਕ ਐ। ਜੇ ਗੁਆਂਢੀ ਰੌਲਾ ਨਾ ਪਾਉਂਦੇ ਤਾਂ ਉਸਨੇ ਬਾਬਾ ਕੂਹਣੀਮਾਰ ਪਿੱਛੇ ਲੱਗ ਆਪਣੀ ਸਿਆਣੀ ਧੀ ਮਾਰ ਲੈਣੀ ਸੀ। ਜਿਹੋ ਜਿਹਾ ਬਾਬਾ ਉੱਲੂ, ਉਹੋ ਜਿਹਾ ਉਹਦਾ ਚੇਲਾ ਉੱਲੂ ... ।

ਤਾਈ ਕਹਿਰੇ-ਕਹਿਰੇ ਉੱਲੂ ਤਾਂ ਤੂੰ ਬਹੁਤ ਵੇਖ ਲਏ, ਆ ਤੈਨੂੰ ਮੈਂ ਉੱਲੂਆਂ ਦਾ ਝੁੰਡ ਵਿਖਾਵਾਂ। ਔਹ ਸਾਹਮਣੇ ਟਰੱਕ ਵਿਚ ਕੱਟਿਆਂ ਵਾਂਗ ਤੜੇ ਬੈਠੇ ਸਾਰੇ ਉੱਲੂ ਹੀ ਹਨ। ਵੇਖ ਕਿਵੇਂ ਕੋਹੜ-ਕਿਰਲਿਆਂ ਵਾਂਗ ਧੌਣਾਂ ਬਾਹਰ ਕੱਢ-ਕੱਢ ਕੇ ਸਾਹ ਲੈ ਰਹੇ ਐ।

" ਇਹ ਐਨੀ ਗਰਮੀ ਵਿਚ ਕਿੱਧਰ ਨੂੰ ਮੂੰਹ ਚੱਕੀ ਜਾ ਰਹੇ ਐ ?", ਤਾਈ ਚਤਰੀ ਬੜੀ ਉਤਸੁਕਤਾ ਨਾਲ ਪੁੱਛਦੀ ਹੈ।

"ਤਾਈ ਇਹ ਸਾਰੇ ਤੀਰਥ ਯਾਤਰੀ ਹਨ। ਆਪਣੀਆਂ ਕੀਤੀਆਂ ਭੁੱਲਾਂ ਬਖਸ਼ਾਉਣ ਅਤੇ ਅਗਲੇ ਜਨਮਾਂ ਲਈ ਸਵਰਗਾਂ ਦੀ ਸੀਟ ਬੁੱਕ ਕਰਵਾਉਣ ਹਿਤ ਇਹ ਅਲੱਗ-ਅਲੱਗ ਤੀਰਥਾਂ 'ਤੇ ਨਹਾਉਣ ਚੱਲੇ ਐ ...।"

" ਪਰ ਸਿਆਣਿਆਂ ਨੇ ਤਾਂ ਕਿਹਾ ਸੀ ਕਿ ਭਲੇ ਬੰਦਿਆਂ ਨੂੰ ਕਿਧਰੇ ਵੀ ਜਾਣ ਦੀ ਕੋਈ ਲੋੜ ਨਹੀਂ। ਉਨ੍ਹਾਂ ਦਾ ਘਰ ਹੀ ਉਨ੍ਹਾਂ ਦਾ ਤੀਰਥ ਹੈ ਤੇ ਖੋਟੇ ਮਨਾਂ ਵਾਲੇ ਚਾਹੇ ਜਿੰਨੇ ਮਰਜ਼ੀ ਤੀਰਥਾਂ 'ਤੇ ਨਹਾ ਆਉਣ, ਉਨ੍ਹਾਂ ਦੀ ਖੋਟ ਕੌੜ-ਤੁੰਮੇਂ ਵਾਂਗ ਕਦੇ ਵੀ ਖਤਮ ਨਹੀਂ ਹੋ ਸਕਦੀ।"

"ਤਾਈ, ਇਹ ਗੱਲਾਂ ਭਲੇ ਬੰਦਿਆਂ ਨੂੰ ਹੀ ਸਮਝ ਆ ਸਕਦੀਆਂ ਹਨ-ਉੱਲੂਆਂ ਨੂੰ ਨਹੀਂ। ਇਹ ਸਾਰੇ ਦੇ ਸਾਰੇ ਉੱਲੂ ਹੀ ਹਨ, ਜਿਵੇਂ ਕੋਈ ਮਗਰ ਲਾ ਲੈਂਦਾ ਹੈ, ਝੱਟ ਉਹਦੇ ਮਗਰ ਹੋ ਤੁਰਦੇ ਹਨ ...।"

"ਪੁੱਤ, ਮੈਂ ਤਾਂ ਸੋਚਦੀ ਸਾਂ ਕਿ ਉੱਲੂ ਕਿਤੇ ਖਤਮ ਹੀ ਹੋ ਗਏ। ਪਰ ਤੂੰ ਤਾਂ ਭਾਈ ਕਾਕਾ ਮੇਰੀਆਂ ਅੱਖਾਂ ਹੀ ਖੋਲ੍ਹ ਦਿੱਤੀਆਂ ... ਮੇਰੇ ਅੱਗੇ ਐਨ ਚਾਨਣ ਕਰ ਦਿੱਤੈ ... ਸੱਚਮੁੱਚ ਉੱਲੂ ਅਜੇ ਖਤਮ ਨਹੀਂ ਹੋਏ... ।" ਤਾਈ ਚਤਰੀ ਦੇ ਚਿਹਰੇ 'ਤੇ ਹੁਣ ਸੰਤੁਸ਼ਟੀ ਡਲ੍ਹਕਾਂ ਮਾਰ ਰਹੀ ਸੀ।

---

***ਪੰਨਾ 4 ਦਾ ਬਾਕੀ...***

ਨਾਲ ਚੜ੍ਹਦੀ ਆ ਰਹੀ ਫਾਸ਼ੀਵਾਦ ਦੀ ਹਨ੍ਹੇਰੀ ਨੂੰ ਠੱਲ੍ਹ ਪਾਈ ਹੈ। ਧਰਮ, ਜਾਤ, ਫਿਰਕੇ ਅਤੇ ਸੌੜੀਆਂ ਕੌਮੀ ਵਲਗਣਾਂ ਤੋਂ ਉੱਪਰ ਉੱਠ ਕੇ, ਕਿਰਤੀ ਲੋਕਾਂ ਦੀ ਏਕਤਾ ਦਾ ਬੇਮਿਸਾਲ ਨਜ਼ਾਰਾ ਨਜਰ ਆ ਰਿਹਾ ਹੈ। ਇਸ ਸ਼ਾਨਦਾਰ ਏਕਤਾ ਤੋਂ ਘਬਰਾਇਆ ਹੋਇਆ, ਮੁਨਾਫ਼ੇ ਦੀ ਦੌੜ ਵਿਚ ਹਲਕਾ ਹੋਇਆ ਸਰਮਾਏਦਾਰੀ ਦਾ ਕਾਰਪੋਰੇਟ ਲਾਣਾ, ਮੁਲਕ ਦੀ ਕਿਰਤੀ ਆਬਾਦੀ 'ਤੇ ਹੇਠ-ਉੱਤੇ ਹੱਲੇ ਬੋਲ ਰਿਹਾ ਹੈ। ਇਕ ਤਰ੍ਹਾਂ ਕਿਰਤ ਦੀ ਤਿੱਖੀ ਲੁੱਟ ਅਤੇ ਕੁਦਰਤੀ ਸਰੋਤਾਂ ਦੇ ਉਜਾੜੇ ਨੇ ਪੂਰੇ ਬ੍ਰਹਿਮੰਡ ਦੀ ਹੋਂਦ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਮਜ਼ਦੂਰ ਵਿਰੋਧੀ ਕਿਰਤ ਸੋਧਾਂ ਦੇ ਕਾਨੂੰਨ ਇਕ ਐਸਾ ਹੱਲਾ ਹਨ ਜਿਸ ਨੇ ਸਰਮਾਏ ਅਤੇ ਕਿਰਤ ਦਰਮਿਆਨ ਹੋਣ ਵਾਲੇ 21ਵੀਂ ਸਦੀ ਦੇ ਮਹਾਂ ਸੰਗਰਾਮ ਦਾ ਪਿੜ ਬੰਨ੍ਹ ਦਿੱਤਾ ਹੈ। ਕੁੱਲ ਦੁਨੀਆਂ ਦੇ ਸਾਰੇ ਪਦਾਰਥਕ ਅਤੇ ਸਮਾਜਿਕ ਮੁੱਲਾਂ ਦੇ ਸਿਰਜਣਹਾਰ ਕਿਰਤੀ ਲੋਕ, ਗ਼ੁਲਾਮੀ ਦੇ ਇਸ ਦਸਤਾਵੇਜ਼ ਨੂੰ ਰੱਦ ਕਰਕੇ ਮੁਲਕ ਭਰ ਵਿੱਚ ਉੱਠ ਰਹੇ ਰੋਹ ਦੇ ਫੁਟਾਰਿਆਂ ਨੂੰ ਨਵੀਂਆਂ ਬੁਲੰਦੀਆਂ ਤੱਕ ਪਹੁੰਚਾਉਣਗੇ। ਸਰਕਾਰੀ ਗੋਦੀ ਮੀਡੀਆ ਅਤੇ ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਝੂਠੇ ਪ੍ਰਚਾਰ ਦਾ ਬਹੁਤ ਬੋਲਬਾਲਾ ਹੈ। ਸਮੇਂ ਦੇ ਸੱਚ ਨੂੰ ਕਿਰਤੀ ਲੋਕਾਂ ਤੱਕ ਪਹੁੰਚਾਉਣ ਲਈ ਬੁੱਧੀਜੀਵੀਆਂ ਸਿਰ ਵੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਪਰ ਇਤਿਹਾਸ ਵਿਚ ਵੱਡੀਆਂ ਤਬਦੀਲੀਆਂ ਦੇ ਸਮਿਆਂ ਵਿਚ ਬੁੱਧੀਜੀਵੀਆਂ ਅਤੇ ਧਰਤੀ ਦੇ ਸਭ ਤੋਂ ਚੰਗੇ ਧੀਆਂ ਪੁੱਤਰਾਂ ਨੇ ਹਮੇਸ਼ਾਂ ਹੀ ਸਮੇਂ ਦੀਆਂ ਵੰਗਾਰਾਂ ਨੂੰ ਕਬੂਲ ਕੀਤਾ ਹੈ।

**98131 92365**

---

***'ਤਰਕਸ਼ੀਲ' ਦੇ ਪਾਠਕਾਂ ਦਾ ਦਾਇਰਾ ਵਧਾਓ,***
***'ਤਰਕਸ਼ੀਲ' ਦਾ ਇੱਕ ਪਾਠਕ ਹੋਰ ਬਣਾਓ।***

*ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ*

# ਸੰਪੂਰਨ ਸਿਹਤ ਜਾਂ ਲੋੜੀਂਦੀ ਸਿਹਤ



**ਡਾ. ਸੁਰੇਸ਼ ਰਤਨ**

(ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂਬਾਤਾਂ ਦੀ Facebook ਦੀ ਲੜੀ ਜੋ ਯੂਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ ਲੜੀ ਨੰਬਰ 12 ਤੇ 14) - ਸੰਪਾਦਕ

ਅਲੱਗ ਅਲੱਗ ਵਿਚਾਰਾਂ ਵਿੱਚੋਂ ਇਹੀ ਸਾਂਝੀ ਗੱਲ ਸਾਹਮਣੇ ਆਉਂਦੀ ਹੈ ਕਿ ਬੁਢਾਪਾ ਸਿਹਤਮੰਦ ਹੋਣਾ ਚਾਹੀਦਾ ਹੈ। ਇੱਕ ਦਿਲਚਸਪ ਤੱਥ ਇਹ ਹੈ ਕਿ ਜੇ ਬੁਢਾਪੇ ਦੀਆਂ ਸੱਤ ਵੱਡੀਆਂ ਬਿਮਾਰੀਆਂ ਕੈਂਸਰ, ਪਾਰਕਿਨਸਨ, ਅਲਜ਼ਾਈਮਰ, ਗਠੀਆ ਵਗੈਰਾ ਨੂੰ, ਜਿਨ੍ਹਾਂ ਕਾਰਨ ਬੁਢਾਪੇ ਵਿੱਚ ਅਕਸਰ ਜਿਆਦਾ ਮੌਤਾਂ ਹੁੰਦੀਆਂ ਹਨ, ਬਿਲਕੁਲ ਖਤਮ ਕਰ ਦਿੱਤਾ ਜਾਵੇ, ਤਾਂ ਵੀ ਕੁੱਲ ਆਬਾਦੀ ਦੇ ਪੱਧਰ 'ਤੇ ਔਸਤ ਉਮਰ ਵਿੱਚ ਮਸਾਂ ਸੱਤ ਕੁ ਸਾਲ ਦਾ ਵਾਧਾ ਹੁੰਦਾ ਹੈ। ਹਾਂ ਵਿਅਕਤੀਗਤ ਤੌਰ ਤੇ ਹੋ ਸਕਦਾ ਹੈ ਕਿ ਜਿਸ ਵਿਅਕਤੀ ਦਾ ਕੈਂਸਰ ਠੀਕ ਹੋ ਜਾਵੇ ਤਾਂ ਉਸਦੀ ਉਮਰ ਵਿੱਚ 20 ਜਾਂ 25 ਸਾਲ ਦਾ ਵਾਧਾ ਹੋ ਜਾਵੇ, ਪਰ ਆਬਾਦੀ ਦੀ ਔਸਤ ਉਮਰ ਵਿੱਚ ਕੋਈ ਖਾਸ ਵਾਧਾ ਨਹੀਂ ਹੁੰਦਾ। ਇਸਦੇ ਮੁਕਾਬਲੇ ਜਦੋਂ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਦਾ ਇਲਾਜ ਸੰਭਵ ਹੋਇਆ ਜਾਂ ਜਦੋਂ ਸਾਫ ਪਾਣੀ ਮਿਲਣ ਲੱਗਾ ਤਾਂ ਉਸ ਸਮੇਂ ਖਾਸ ਕਰਕੇ ਪੱਛਮੀ ਦੇਸ਼ਾਂ ਵਿਚ ਔਸਤ ਉਮਰ 40-50 ਸਾਲ ਤੋਂ ਵਧ ਕੇ 70-80 ਸਾਲ ਤੱਕ ਜਾ ਪਹੁੰਚੀ ਪਰ ਭਾਰਤ ਵਿੱਚ ਅਜੇ ਵੀ ਇਹ ਸਮੱਸਿਆਵਾਂ ਹੱਲ ਨਹੀਂ ਹੋਈਆਂ। ਇਸ ਲਈ ਭਾਰਤ ਵਿੱਚ ਔਸਤ ਉਮਰ ਕੋਈ 60 ਕੁ ਸਾਲ ਹੀ ਹੈ।

ਸਿਹਤ ਬਾਰੇ ਵਿਸ਼ਵ ਸਿਹਤ ਸੰਗਠਨ ਕਹਿੰਦਾ ਹੈ ਕਿ ਸਿਹਤ ਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਖੈਰ ਸੁੱਖ ਦੀ ਸਥਿਤੀ ਹੁੰਦੀ ਹੈ ਅਤੇ ਸਿਰਫ ਬਿਮਾਰੀਆਂ ਦੀ ਅਣਹੋਂਦ ਜਾਂ ਕਮਜੋਰੀ ਨਹੀਂ ਹੁੰਦੀ। ਇਸ ਖੈਰ-ਸੁਖ ਨੂੰ ਜਾਨਣ ਲਈ ਸਿਹਤ ਨੂੰ ਹੋਰ ਬਾਰੀਕੀ ਨਾਲ ਖੋਜਬੀਨ ਕਰਕੇ ਮੁੜ ਪ੍ਰੀਭਾਸ਼ਤ ਕਰਨ ਦੀ ਜਰੂਰਤ ਹੈ। ਇਸ ਸੰਦਰਭ 'ਚ ਸਿਹਤ ਦਾ ਇਕ ਨਵਾਂ ਸੰਕਲਪ ਹੈ ਕਿ ਰੋਜਮਰ੍ਹਾ ਦੀ ਜ਼ਿੰਦਗੀ ਦੀਆਂ ਆਮ ਕਿਰਿਆਵਾਂ (Activities of Daily Living) ਨੂੰ ਕੋਈ ਬੰਦਾ ਕਰ ਪਾ ਰਿਹਾ ਹੈ ਜਾਂ ਨਹੀਂ। ਤੁਸੀਂ ਬਿਨ੍ਹਾਂ ਸਹਾਰਾ ਉੱਠ ਸਕਦੇ ਹੋ, ਆਪਣੇ ਕੱਪੜੇ ਆਪੇ ਬਦਲ ਸਕਦੇ ਹੋ, ਟਾਇਲਟ ਜਾ ਸਕਦੇ ਹੋ, ਆਪਣਾ ਖਾਣਾ ਪਕਾ ਸਕਦੇ ਹੋ ਵਗੈਰਾ, ਕੋਈ ਸੱਠ-ਸੱਤਰ ਕਿਰਿਆਵਾਂ ਹਨ ਜਿੰਨ੍ਹਾਂ ਨੂੰ ਵਿਚਾਰਣ ਉਪਰੰਤ ਮਾਹਰ ਤੁਹਾਡੀ ਸਿਹਤ ਨਾਲ ਸਬੰਧਤ ਰਾਇ ਦੱਸਦੇ ਹਨ ।

ਅੱਗੇ ਸਵਾਲ ਪੈਦਾ ਹੁੰਦਾ ਕਿ ਸੰਪੂਰਨ ਜਾਂ ਆਦਰਸ਼ ਸਿਹਤ ਕੀਹਨੂੰ ਕਹੀਏ? ਉਹ ਹੈ ਕਿ ਆਪਣੀਆਂ ਰੋਜ਼ਮਰਾ ਦੀਆਂ ਸਰੀਰਕ ਤੇ ਮਾਨਸਿਕ ਕਿਰਿਆਵਾਂ ਲਈ ਪੂਰੀ ਤਰ੍ਹਾਂ (Absolute) ਆਤਮ ਨਿਰਭਰ ਹੋਣਾ ਯਾਨਿ ਕਿਸੇ ਬਾਹਰੀ ਸਹਾਰੇ ਤੋਂ ਬਿਨ੍ਹਾਂ ਕਰ ਸਕਣਾ। ਪਰ ਇਸ ਤਰ੍ਹਾਂ ਦੀ ਸੰਪੂਰਨ ਸਿਹਤ ਤਾਂ ਕਦੀ ਹੋ ਹੀ ਨਹੀਂ ਸਕਦੀ ਕਿਉਂਕਿ ਜਿਉਂ ਹੀ ਮੈਨੂੰ ਇਹ ਐਨਕ ਲਗਾਉਣੀ ਪਈ ਤਾਂ ਮੈਂ ਇਸ ਤੇ ਨਿਰਭਰ ਹੋ ਗਿਆ ਹਾਂ ਇਸ ਲਈ ਅਜਿਹੀ ਸੰਪੂਰਨ ਸਿਹਤ ਕਦੇ ਨਹੀਂ ਆਣੀ। ਜਦ ਸਾਡੇ ਆਲੇ ਦੁਆਲੇ ਕੋਈ ਚੀਜ ਸੰਪੂਰਨ ਹੈ ਹੀ ਨਹੀਂ ਤਾਂ ਸਿਹਤ ਸੰਪੂਰਨ ਕਿਵੇਂ ਹੋ ਸਕਦੀ ਹੈ? ਫਿਰ ਸਿਹਤ ਦੀ ਵਿਹਾਰਕ ਪ੍ਰੀਭਾਸ਼ਾ ਕੀ ਹੋਵੇ? ਉਹ ਹੈ ਮੁਨਾਸਬ ਜਾਂ ਢੁੱਕਵੀ ਸਿਹਤ (Adequate Health) ਦਾ ਸੰਕਲਪ। ਆਪਣੀਆਂ ਰੋਜ਼ਮਰਾ ਦੀਆਂ ਸਰੀਰਕ ਤੇ ਮਾਨਸਿਕ ਕਿਰਿਆਵਾਂ ਲਈ ਲੋੜੀਂਦੀ ਆਤਮ ਨਿਰਭਰਤਾ (Adequate physical and mental independence in activities of daily living)। 80 ਸਾਲ ਦੀ ਉਮਰ ਵਿੱਚ ਮੈਂ ਨਹੀਂ ਚਾਹਾਂਗਾ ਕਿ ਮੈਂ ਮੈਰਾਥਾਨ ਦੌੜਾਂ। ਪਰ ਮੈਂ ਬਿਸਤਰੇ ਤੋਂ ਉੱਠ ਕੇ ਟਾਇਲਟ ਤੱਕ ਜਾ ਸਕਾਂ, ਇਹੀ ਮੇਰੀ ਲੋੜੀਂਦੀ ਆਤਮ ਨਿਰਭਰਤਾ ਹੋਵੇਗੀ ਤੇ ਮੇਰੇ ਲਈ ਮੇਰੀ ਉਮਰ ਮੁਤਾਬਕ ਲੋੜੀਂਦੀ / ਢੁੱਕਵੀਂ ਸਿਹਤ। ਹਾਂ ਪਰ ਜੇ ਮੇਰੇ ਕੋਲੋਂ ਤੁਰਿਆ ਨਹੀਂ ਜਾਂਦਾ ਤੇ ਮੈਨੂੰ ਸੋਟੀ ਜਾਂ ਵੀਲ੍ਹਚੇਅਰ ਦੀ ਲੋੜ ਹੈ ਤਾਂ ਮੈਂ ਉਸਦੀ ਵਰਤੋਂ ਕਰਾਂ। ਮੈਨੂੰ ਸ਼ੂਗਰ ਦੀ ਬਿਮਾਰੀ ਹੈ ਤਾਂ ਮੈਂ ਮੈਟਫਾਰਮਿਨ ਵਰਤਦਾ ਹੀ ਹਾਂ। ਬੁਢਾਪੇ ਵਿੱਚ ਇਹ ਦੂਜਿਆਂ 'ਤੇ ਵਧ ਰਹੀ ਨਿਰਭਰਤਾ ਹੀ ਡਰਾਉਂਦੀ ਹੈ। ਪਰ ਜਿਹੜੀਆਂ ਚੀਜਾਂ ਜਿਵੇਂ ਦਵਾਈਆਂ ਤੇ ਟੈਕਨੋਲੋਜੀ ਤੁਹਾਨੂੰ ਆਤਮ ਨਿਰਭਰ ਬਣਾਉਣ ਵਿਚ

ਸਹਾਇਤਾ ਕਰਦੀਆਂ ਹਨ ਉਹ ਵਰਤੋ। ਝੁਰੜੀਆਂ ਤੇ ਚਿੱਟੇ ਵਾਲ ਕੋਈ ਸਰੀਰਕ ਕੰਮ ਤਾਂ ਨਹੀਂ ਰੋਕ ਰਹੇ। ਇਨ੍ਹਾਂ ਤੋਂ ਛੁਟਕਾਰੇ ਦਾ ਕਰੋੜਾਂ ਅਰਬਾਂ ਡਾਲਰਾਂ ਦਾ ਕਾਰੋਬਾਰ ਸਿਰਫ ਇਸ ਕਰਕੇ ਚੱਲ ਰਿਹਾ ਹੈ ਕਿ ਅਸੀਂ ਬੁੱਢੇ ਦਿਸਣਾ ਨਹੀਂ ਚਾਹੁੰਦੇ। ਉਮਰ ਮੁਤਾਬਿਕ ਆਪਣੀਆਂ ਲੋੜਾਂ ਤੇ ਕਮੀਆਂ ਨੂੰ ਪਛਾਣਨਾ ਤੇ ਜੋ ਜ਼ਰੂਰੀ ਹੈ ਉਸਦੀ ਵਰਤੋਂ ਕਰਨਾ ਇਸ ਵਿੱਚ ਹੀ ਬਿਹਤਰੀ ਹੈ। ਢੁੱਕਵੀਂ ਸਿਹਤ ਦੀ ਮਹੱਤਤਾ ਪਹਿਚਾਨਣ ਲਈ ਸਭ ਤੋਂ ਬਿਹਤਰ ਮਿਸਾਲ ਸਟੀਫਨ ਹਾਕਿੰਗ ਦੀ ਹੈ ਜੋ ਪਿਛਲੇ ਸਾਲ ਵਿਛੜ ਗਿਆ। ਉਹ ਆਪਣੀ ਜ਼ਿੰਦਗੀ ਦੇ ਚਾਲੀ ਸਾਲਾਂ ਤੋਂ ਵੀਲ੍ਹਚੇਅਰ 'ਤੇ ਸੀ, ਮਸ਼ੀਨ ਨਾਲ ਬੋਲਦਾ ਸੀ ਪਰ ਉਸਦੀ ਭੌਤਿਕ ਵਿਗਿਆਨ ਵਿੱਚ ਮਨੁੱਖਤਾ ਨੂੰ ਦੇਣ ਬੇਮਿਸਾਲ ਹੈ। ਉਹ ਸਾਡੇ ਸਮਿਆਂ ਦਾ ਮਹਾਨ ਵਿਗਿਆਨਕ ਚਿੰਤਕ ਸੀ। ਸੋ ਸੰਪੂਰਨ ਸਿਹਤ ਦਾ ਖਿਆਲ ਇਕ ਵਾਹਯਾਤ ਗੱਲ ਹੈ, ਢੁਕਵੀਂ ਸਿਹਤ ਹੀ ਵਿਹਾਰਕ ਹੈ ਤੇ ਸੰਭਵ ਵੀ ਹੈ।

ਅੱਜ ਸਵੇਰੇ ਹੀ ਮਕਬੂਲ ਭਾਰਤੀ ਅਦਾਕਾਰ ਇਰਫਾਨ ਖਾਨ ਦੀ ਮੌਤ ਦੀ ਖਬਰ ਮੈਨੂੰ ਉਦਾਸ ਕਰ ਗਈ। ਉਹ ਕੈਂਸਰ ਰੋਗ ਤੋਂ ਪੀੜਿਤ ਸੀ। ਉਸ ਦਾ ਇਲਾਜ ਚੱਲ ਰਿਹਾ ਸੀ। ਮੈਨੂੰ ਖਬਰਾਂ ਦੀ ਭਾਸ਼ਾ ਬੜੀ ਅਜੀਬ ਲੱਗੀ ਕਿ ਉਹ ਇਸ ਨਾਮੁਰਾਦ ਬਿਮਾਰੀ ਨਾਲ ਲੜਿਆ ਤੇ ਅੰਤ ਨੂੰ ਉਹ ਜੰਗ ਹਾਰ ਗਿਆ। ਇਹ ਜੰਗ ਹਾਰਨ ਦਾ ਸੰਕਲਪ ਕੀ ਏਦਾਂ ਨ੍ਹੀਂ ਲੱਗਦਾ ਜਿਵੇਂ ਇਹ ਉਸ ਦਾ ਕਸੂਰ ਸੀ। ਉਸ ਨੇ ਜੰਗ ਚੰਗੀ ਤਰ੍ਹਾਂ ਨਹੀਂ ਲੜੀ ਤਾਂ ਹੀ ਕਾਮਯਾਬੀ ਨਹੀਂ ਮਿਲੀ ਤੇ ਉਹ ਮਰ ਗਿਆ। ਇਹ ਇਕ ਨਕਾਰਾਤਮਿਕ ਰੁਝਾਨ ਹੈ। ਪਰ ਪਿਛਲੇ ਹਜ਼ਾਰ ਪੰਦਰਾਂ ਸੌ ਸਾਲਾਂ ਵਿੱਚ ਸਾਡੇ ਸਮਾਜ ਦਾ ਮੁਹਾਵਰਾ ਹੀ ਅਜਿਹਾ ਬਣ ਗਿਆ ਹੈ ਕਿ ਅਸੀਂ ਜੰਗਾਂ ਦੇ ਤੇ ਜੰਗੀ ਜੇਤੂਆਂ ਦੇ ਜਸ਼ਨ ਮਨਾਉਂਦੇ ਹਾਂ। ਡਾਕਟਰ ਜਾਣਦੇ ਹਨ ਕਿ ਕਈ ਵਾਰ ਅਜੇਹੀਆਂ ਬਿਮਾਰੀਆਂ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੀਆਂ। ਇੰਨ੍ਹਾ ਤੋਂ ਪੀੜਿਤ ਰੋਗੀ ਲੰਬੀ ਉਮਰ ਨਹੀਂ ਜਿਉਂਦੇ। ਸ਼ਾਇਦ ਇਹ ਕਹਿਣਾ ਜਿਆਦਾ ਠੀਕ ਸੀ ਕਿ ਉਸਨੇ ਵਧੀਆ ਦਵਾਈਆਂ ਅਤੇ ਵਧੀਆ ਇਲਾਜ ਦੀ ਬਦੌਲਤ ਜਿਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ, ਲੇਕਿਨ ਫਿਰ ਵੀ ਉਸ ਦੀ ਮੌਤ ਹੋ ਗਈ। ਇੰਝ ਮਰਨ ਵਾਲੇ ਨੂੰ ਇਕ ਹਾਰਿਆ ਹੋਇਆ ਇਨਸਾਨ ਕਹਿਣ ਦੀ ਥਾਂ ਜੀਵਨ ਪ੍ਰਤੀ ਸੰਘਰਸ਼ਸ਼ੀਲ ਇਨਸਾਨ ਕਿਹਾ ਜਾ ਸਕਦਾ ਹੈ।

ਅਗਲਾ ਸੁਆਲ ਇਹ ਹੈ ਕਿ ਕੀ ਬਿਮਾਰੀ ਦੇ ਹੁੰਦਿਆਂ ਵੀ ਅਸੀਂ ਸਿਹਤਮੰਦ ਨਹੀਂ ਹੋ ਸਕਦੇ ? ਬਿਮਾਰੀ ਦਾ ਹੋਣਾ ਮੇਰੇ ਕੋਲੋਂ ਮੇਰੀ ਸਿਹਤਯਾਬੀ ਨੂੰ ਨਹੀਂ ਖੋਹ ਲੈਂਦਾ। ਚਾਹੀਦਾ ਤਾਂ ਇਹ ਹੈ ਕਿ ਮੇਰੀ ਸਿਹਤ ਠੀਕ ਰੱਖਣ ਵਿਚ ਡਾਕਟਰ ਮੇਰੀ ਮਦਦ ਕਰਨ ਨਾਕਿ ਜਦੋਂ ਮੈਂ ਬਿਮਾਰ ਹੋਵਾਂ ਤਾਂ ਡਾਕਟਰ ਕੋਲ ਜਾਵਾਂ। ਪਰ ਡਾਕਟਰਾਂ ਨੂੰ ਪੈਸਾ ਮਿਲਦਾ ਹੈ ਸਾਡੀ ਬਿਮਾਰੀ ਦਾ ਇਲਾਜ ਕਰਨ ਦਾ ਨਾ ਕਿ ਸਾਨੂੰ ਸਿਹਤਮੰਦ ਰੱਖਣ ਦਾ।

ਸਿਹਤ ਨੂੰ ਦਰੁੱਸਤ ਰੱਖਣ ਲਈ ਅਸੀਂ ਮੁੱਖ ਰੂਪ ਵਿੱਚ ਚਾਰ ਤਰੀਕੇ ਅਪਣਾਉਂਦੇ ਹਾਂ। ਪਹਿਲਾ ਹੈ ਪੀਸ ਮੀਲ ਰੈਮਡੀ, ਮਤਲਬ ਜਿਸ ਅੰਗ ਵਿੱਚ ਕੋਈ ਵੱਡੀ ਖਰਾਬੀ ਆ ਗਈ ਹੋਵੇ, ਉਸ ਦਾ ਮੈਡੀਕਲ ਇਲਾਜ ਕਰਵਾਉਣਾ। ਦੂਜਾ ਹੈ ਰੋਜਮਰਾ ਦੀ ਸਰੀਰਕ ਸਾਫ ਸਫਾਈ ਤੇ ਸੰਭਾਲ। ਤੀਜਾ ਹੈ ਸਰੀਰ ਵਿੱਚ ਜੋ ਕੈਮੀਕਲ/ ਹਾਰਮੋਨ ਘੱਟ ਹੋ ਗਏ ਹੋਣ ਉਨ੍ਹਾ ਦੀ ਪੂਰਤੀ ਅਤੇ ਚੌਥਾ ਹੈ ਸਾਡੇ ਜਿਉਣ ਦੇ ਪੂਰੇ ਸਰੀਰਕ ਅਤੇ ਮਾਨਸਿਕ ਪ੍ਰਬੰਧ ਨੂੰ ਮਜ਼ਬੂਤ ਬਣਾਉਣਾ। ਪਹਿਲੀ ਪੀਸ ਮੀਲ ਥੈਰੇਪੀ ਦਾ ਮਤਲਬ ਹੈ ਕਿ ਸਰੀਰ ਦਾ ਜਿਹੜਾ ਹਿੱਸਾ ਜਿੰਨਾਂ ਕੁ ਖਰਾਬ ਹੋ ਜਾਵੇ, ਉਸ ਦਾ ਇਲਾਜ ਕਰਾ ਲਉ। ਕੋਈ ਰਸੌਲੀ ਹੈ, ਉਪਰੇਸਨ ਕਰਾ ਕੇ ਦੂਰ ਕਰ ਦਿਉ। ਕੋਈ ਅੰਗ ਖਰਾਬੀ ਕਰ ਰਿਹਾ ਹੈ ਤਾਂ ਨਵਾਂ ਪੁਆ ਲਉ। ਅੰਗ ਤਬਦੀਲ ਹੋ ਜਾਂਦੇ ਹਨ। ਟੁੱਟ ਚੁੱਕਾ ਹਿੱਸਾ ਜੋੜ ਲਉ। ਇਹ ਪਹੁੰਚ/ ਥੈਰੇਪੀ, ਹੈ ਬੜੀ ਸ਼ਕਤੀਸਾਲੀ। ਪਰ ਮਨੁੱਖੀ ਸਰੀਰ ਆਮ ਮਸੀਨ ਵਰਗਾ ਤਾਂ ਨਹੀਂ ਹੁੰਦਾ। ਸਰੀਰ ਇਕ ਸਾਈਕੋ-ਸੋਸਲ-ਬਾਇਆਲੋਜੀਕਲ ਜਿਉਂਦੀ ਅਵਸਥਾ ਮਤਲਬ ਕਿ ਮਾਨਸਿਕ-ਸਮਾਜਿਕ ਜੀਵਨ ਅਵਸਥਾ ਹੁੰਦੀ ਹੈ, ਇਸ ਦੀ ਮੁਰੰਮਤ ਆਮ ਮਸੀਨ ਵਾਂਗ ਨਹੀਂ ਹੁੰਦੀ ਕਿ ਖਰਾਬ ਪੁਰਜਾ ਕੱਢਿਆ ਅਤੇ ਨਵਾਂ ਪੁਰਜਾ ਫਿੱਟ ਕਰ ਦਿੱਤਾ। ਸਾਡੇ ਸਰੀਰ ਦੇ ਅੰਗ ਇਕ ਦੂਜੇ ਅੰਗਾਂ 'ਤੇ ਨਿਰਭਰ ਕਰਦੇ ਹਨ। ਐਨੇ ਸੌਖਿਆਂ ਨਹੀਂ ਬਦਲੇ ਜਾਂਦੇ। ਇੰਝ ਹੀ ਇਕ ਹੋਰ ਤਰੀਕਾ ਹੈ ਸਟੈਮ ਸੈੱਲ ਥੈਰੇਪੀ। ਸਟੈਮ ਸੈਲ ਤੋਂ ਹੱਡੀ, ਨਸ, ਚਮੜੀ ਆਦਿ ਸਭ ਕਿਸਮਾਂ ਦੇ ਸੈੱਲ ਬਣਾਏ ਜਾ ਸਕਦੇ ਹਨ। ਸਰੀਰ ਵਿੱਚ ਸੈੱਲਾਂ ਦਾ ਤਬਾਦਲਾ ਕੀਤਾ ਜਾ ਸਕਦਾ ਹੈ। ਪਰ ਪੰਜ ਸੱਤ ਸਾਲ ਟੱਪਣ 'ਤੇ ਉਨ੍ਹਾਂ ਸੈੱਲਾਂ 'ਤੇ ਵੀ ਬੁਢਾਪਾ ਆਉਣ ਲੱਗ ਪੈਦਾ। ਸੋ ਉਪਰੋਕਤ ਤਰੀਕੇ ਸ਼ਕਤੀਸ਼ਾਲੀ ਹੁੰਦਿਆਂ ਹੋਇਆਂ ਵੀ ਡੰਗ ਟਪਾਊ, ਕੰਮ ਸਾਰਨ ਵਾਲੇ ਅਤੇ ਆਰਜੀ ਹੋ ਕੇ ਰਹਿ ਜਾਂਦੇ ਹਨ।

ਸਾਡੇ ਸਰੀਰ ਵਿੱਚ ਬੁੱਢੇ ਸੈੱਲਾਂ ਨੂੰ ਹੂੰਝ ਦੇਣ ਦੀ ਸਕਤੀ ਹੁੰਦੀ ਹੈ। ਇਹ ਚਿਰ ਤੀਕ ਸਰੀਰ ਵਿੱਚ ਨਹੀਂ ਠਹਿਰਦੇ। ਤੁਹਾਡੀ ਚਮੜੀ ਦੇ ਸੈਲ 3 ਹਫਤੇ ਤੋਂ ਵੱਧ ਪੁਰਾਣੇ ਨਹੀਂ। ਹੱਡੀਆਂ ਦੇ ਸੈੱਲਾਂ ਦਾ ਇਹ ਸਮਾਂ ਸੱਤ ਸਾਲ ਹੁੰਦਾ ਹੈ। ਜਾਣੀ ਕਿ ਸੱਤਾਂ ਸਾਲਾਂ ਵਿੱਚ ਸਾਡੇ ਹੱਡੀਆਂ ਦੇ ਢਾਂਚੇ ਦੀ ਪੁਨਰ ਉਸਾਰੀ ਹੋ ਜਾਂਦੀ ਹੈ। ਸਾਡੇ ਖ਼ੂਨ ਦੇ ਸੈੱਲਾਂ ਦਾ ਜੀਵਨ ਸਮਾਂ ਤਿੰਨ ਮਹੀਨੇ ਹੁੰਦਾ ਹੈ। ਪਰ ਨਵਾਂ ਬਣਿਆਂ ਸੈਲ ਹੁਣ ਅਲੱਗ ਅਲੱਗ ਉਮਰ ਵਾਲੇ ਸੈੱਲਾਂ ਵਿਚ ਜਾ ਕੇ ਫਿਟ ਹੁੰਦਾ ਹੈ। ਦਿਮਾਗ

*ਬਾਕੀ ਪੰਨਾ 15 'ਤੇ*

*ਅਧਿਆਪਕਾਂ ਲਈ ਵਿਸ਼ੇਸ਼*

# ਵਿੱਦਿਆ ਬਾਰੇ ਕੀ ਕਹਿੰਦਾ ਹੈ ਸੁਖੋਮਲਿੰਸਕੀ



**ਰਵਿੰਦਰ**

ਉੱਘੇ ਸੋਵੀਅਤ ਅਧਿਆਪਕ ਵ. ਅ. ਸੁਖੋਮਲਿੰਸਕੀ, ਜੋ ਸੰਸਾਰ ਵਿਚ ਵਿਦਿਅਕ ਮਾਹਰ ਵਜੋਂ ਜਾਣੇ ਜਾਂਦੇ ਹਨ, ਨੇ ਆਪਣਾ ਸਮੁੱਚਾ ਜੀਵਨ ਬੱਚਿਆਂ ਦੀ ਸਿੱਖਿਆ ਦੇ ਕਾਰਜ ਨੂੰ ਲਾਇਆ। ਉਹਨਾਂ ਨੇ ਸਕੂਲੀ ਪੜ੍ਹਾਈ, ਬੱਚਿਆਂ ਦੀਆਂ ਸਮੱਸਿਆਵਾਂ ਆਦਿ ਵਿਸ਼ਿਆਂ 'ਤੇ ਲਗਭਗ 35 ਕਿਤਾਬਾਂ ਅਤੇ 500 ਲੇਖ ਲਿਖੇ। ਉਹਨਾਂ ਦੀਆਂ ਵੱਧ ਪ੍ਰਸਿੱਧ ਕਿਤਾਬਾਂ ਹਨ : 1. ਬੱਚਿਆਂ ਨੂੰ ਦਿਆਂ ਦਿਲ ਆਪਣਾ ਮੈਂ 2. ਸਕੂਲੀ ਬੱਚੇ ਦੇ ਅੰਦਰ ਦਾ ਸੰਸਾਰ

3. ਸਕੂਲੀ ਬੱਚਿਆਂ ਵਿਚਾਲੇ ਸਾਂਝੀ ਭਾਵਨਾ ਉਤੇਜਿਤ ਕਰਨਾ ਆਦਿ

'ਵ. ਸੁਖੋਮਲਿੰਸਕੀ ਵਿੱਦਿਆ ਬਾਰੇ' ਕਿਤਾਬ ਇੱਕ ਅਜਿਹਾ ਖਜ਼ਾਨਾ ਹੈ, ਜਿਸ ਵਿਚ ਸੁਖੋਮਲਿੰਸਕੀ ਦੀਆਂ ਕਈ ਲਿਖਤਾਂ ਵਿਚੋਂ ਚੋਣਵੀਆਂ ਟੂਕਾਂ, ਕਈ ਅਣਛਪੀਆਂ ਲਿਖਤਾਂ ਸ਼ਾਮਲ ਹਨ। ਵਿਦਿਅਕ ਸਮੱਸਿਆਵਾਂ 'ਤੇ ਕਈ ਸਾਲ ਕੰਮ ਕਰਨ ਵਾਲੇ ਇੱਕ ਪੱਤਰਕਾਰ ਸ. ਸੋਲੋਵੀਚਿਕ ਵੱਲੋਂ ਇਸ ਕਿਤਾਬ ਦਾ ਮੁੱਖ ਬੰਧ ਲਿਖਿਆ ਹੋਇਆ। ਪੰਜਾਬੀ ਵਿਚ ਅਨੁਵਾਦਤ ਇਹ 356 ਪੰਨਿਆਂ ਦੀ ਕਿਤਾਬ ਪੰਜਾਬ ਬੁੱਕ ਸਟੋਰ, ਚੰਡੀਗੜ੍ਹ ਵੱਲੋਂ 1984 ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਮੁੱਖ ਛੇ ਪਾਠਾਂ ਅਤੇ ਇਸ ਤੋਂ ਅੱਗੇ ਉਪ-ਪਾਠਾਂ ਵਿਚ ਵੰਡੀ ਇਸ ਕਿਤਾਬ 'ਚ ਦਰਜ ਕੁੱਝ ਵਿਸ਼ੇਸ਼ ਗੱਲਾਂ ਸਾਂਝੀਆਂ ਕਰਦੇ ਹਾਂ :

"ਬੱਚਿਆਂ ਵਿਚ ਵਿਸ਼ਵਾਸ ਅਤੇ ਪਿਆਰ ਅਹਿਮ ਹੈ। ਜੇ ਤੁਸੀਂ ਉਹਨਾਂ ਦੇ ਅਧਿਆਪਕ ਬਨਣਾ ਚਾਹੁੰਦੇ ਹੋ ਤਾਂ ਬੱਚੇ ਨੂੰ ਇਹ ਬਿਲਕੁਲ ਵੀ ਮਹਿਸੂਸ ਨਾ ਹੋਣ ਦੇਵੋ ਕਿ ਉਹ ਦੂਜਿਆਂ ਨਾਲੋਂ ਘਟੀਆ ਹੈ, ਉਹ ਨਾ-ਕਾਬਲ ਹੈ ਜਾਂ ਪਛੜਿਆ ਹੋਇਆ ਹੈ।"

"ਕਮਜ਼ੋਰ ਵਿਦਿਆਰਥੀ ਇੱਕ ਪੂਰੀ ਬੰਦ ਕਿਤਾਬ ਹੈ। ਅਧਿਆਪਕ ਦਾ ਕੰਮ ਹੈ ਕਿ ਉਹ ਉਸ ਪੁਸਤਕ ਨੂੰ ਕਿੰਝ ਖੋਲ੍ਹਦਾ ਹੈ ਅਤੇ ਇੱਕ-ਇੱਕ ਪੰਨੇ ਨੂੰ ਕਿਵੇਂ ਸਮਝਦਾ ਹੈ।"

"ਅਧਿਐਨ ਤਾਂ ਹੀ ਬੱਚਿਆਂ ਲਈ ਰੋਚਕ ਅਤੇ ਮਨਮੋਹਕ ਬਣ ਸਕਦਾ ਹੈ ਜੇ ਉਸ ਨੂੰ ਵਿਚਾਰਾਂ, ਭਾਵਨਾਵਾਂ, ਰਚਨਾਤਮਕਤਾ, ਸੁੰਦਰਤਾ ਅਤੇ ਖੇਡ-ਕੁੱਦ ਦੇ ਭਖਦੇ ਚਾਨਣ ਨਾਲ ਰੋਸ਼ਨ ਕੀਤਾ ਜਾਵੇ। ਇੱਕ ਬੱਚਾ ਉਦੋਂ ਹੀ ਇੱਕ ਅਸਲੀ ਬੌਧਿਕ ਜ਼ਿੰਦਗੀ ਜਿਉਂਦਾ ਹੈ ਜਦੋਂ ਉਹ ਖੇਡਾਂ, ਸੰਗੀਤ, ਕਲਪਨਾ ਤੇ ਰਚਨਾਤਮਕਤਾ ਦੇ ਸੰਸਾਰ ਵਿਚ ਰਹਿੰਦਾ ਹੈ। ਇਸ ਤੋਂ ਬਿਨ੍ਹਾਂ ਉਹ

ਸੁਖੋਮਲਿੰਸਕੀ ਯੁਕਰੇਨ ਦੀ ਧਰਤੀ 'ਤੇ ਪਾਵਲੀਸ਼ ਤੋਂ ਥੋੜੀ ਦੂਰ ਉਸੇ ਨਾਂ ਦੇ ਜ਼ਿਲ੍ਹੇ ਵਿਚ ਸਤੰਬਰ 1918 ਵਿਚ ਪੈਦਾ ਹੋਏ। ਬਚਪਨ ਔਖੇ ਹਾਲਤਾਂ 'ਚ ਕੱਟਿਆ। ਪਿਤਾ ਕਿਸਾਨ ਤਰਖਾਣ ਸਨ। ਘਰ ਅਕਸਰ ਖ਼ੁਰਾਕ ਦੀ ਥੁੜ੍ਹ ਰਹਿੰਦੀ। 15 ਵਰ੍ਹਿਆਂ ਤੱਕ ਪੜ੍ਹਾਈ ਕਰਕੇ ਉਹਨਾਂ ਡਾਕਟਰੀ ਅਰਦਲੀ ਵਜੋਂ ਸਿਖਲਾਈ ਲੈਣੀ ਸ਼ੁਰੂ ਕੀਤੀ, ਪਰ ਮੁਰਦਾ ਘਰ ਵੇਖ ਕੇ ਇਰਾਦਾ ਬਦਲ ਲਿਆ ਅਤੇ ਪੜ੍ਹਾਉਣ ਦਾ ਕਿੱਤਾ ਚੁਣਿਆ। ਪ੍ਰਾਇਮਰੀ ਅਧਿਆਪਕ ਵਜੋਂ 17 ਸਾਲ ਦੀ ਉਮਰ ਵਿਚ ਕੰਮ ਕਰਨਾ ਸ਼ੁਰੂ ਕੀਤਾ। ਜਦੋਂ ਦੂਜੀ ਸੰਸਾਰ ਜੰਗ ਸ਼ੁਰੂ ਹੋਈ



ਤਾਂ ਨਾਜ਼ੀਆਂ ਖਿਲਾਫ਼ ਲੜਨ ਲਈ ਲਾਲ ਫ਼ੌਜ ਵਿਚ ਭਰਤੀ ਹੋ ਗਏ। ਉਹਨਾਂ ਦੀ 18 ਵਰ੍ਹਿਆਂ ਦੀ ਪਤਨੀ ਵੇਰਾ ਪੋਵਸ਼ਾ ਨੇ ਫਾਸ਼ਿਸਟ ਧਾੜਵੀਆਂ ਵੱਲੋਂ ਕਬਜ਼ਾਏ ਇਲਾਕੇ ਵਿਚ ਗੁਰੀਲਿਆਂ ਦੀ ਮਦਦ ਕੀਤੀ। ਉਸ ਨੂੰ ਫੜ੍ਹ ਲਿਆ ਗਿਆ। ਜਦੋਂ ਵੇਰਾ ਨਾਜ਼ੀ ਜੇਲ੍ਹ ਵਿਚ ਸੀ, ਉਸ ਸਮੇਂ ਉਸ ਨੇ ਪੁੱਤਰ ਨੂੰ ਜਨਮ ਦਿੱਤਾ। ਉਸਦੇ ਸਾਹਮਣੇ ਉਸਦਾ ਪੁੱਤਰ ਕਤਲ ਕਰ ਦਿੱਤਾ ਗਿਆ। ਉਹ ਝੁਕੀ ਨਹੀਂ। ਉਸ ਨੂੰ ਵੀ ਫਾਹੇ ਲਾ ਦਿੱਤਾ ਗਿਆ। ਇਹ ਦੁਖਾਂਤ ਸੁਖੋਮਲਿੰਸਕੀ ਦੀ ਜ਼ਿੰਦਗੀ ਦਾ ਹਿੱਸਾ ਬਣਿਆ। ਸੁਖੋਮਲਿੰਸਕੀ ਮਾਸਕੋ ਦੇ ਨੇੜੇ ਮੋਰਚੇ ਵਿਚ ਸੀ। ਉੱਥੇ ਉਹ ਫੱਟੜ ਹੋ ਗਿਆ ਸੀ। ਗੋਲੇ ਦੇ ਛਰੇ ਉਸ ਦੀ ਛਾਤੀ ਵਿਚ ਜ਼ਿੰਦਗੀ ਦੇ ਆਖਰੀ ਸਾਹ ਤੱਕ ਰਹੇ। ਇਹ ਅਜਿਹਾ ਸਮਾਂ ਸੀ ਜਦ ਜੰਗ ਕਾਰਣ ਸਕੂਲ ਤਬਾਹ ਹੋ ਗਏ ਸਨ। ਅਧਿਆਪਕਾਂ ਦੀ ਘਾਟ ਸੀ, ਨਾ ਕਿਤਾਬਾਂ ਸਨ, ਨਾ ਕਾਪੀਆਂ। ਜੰਗ ਨੇ ਬੱਚਿਆਂ ਤੋਂ ਬਚਪਨ ਖੋਹ ਲਿਆ ਸੀ। ਬੱਚੇ ਖਰੂਦੀ ਤੇ ਪਾਗਲ ਹੋ ਗਏ ਸਨ। ਅਜਿਹੇ ਸਾਲਾਂ ਦੌਰਾਨ ਹੀ ਸੁਖੋਮਲਿੰਸਕੀ ਨੇ ਬੱਚਿਆਂ ਨਾਲ ਕੰਮ ਕੀਤਾ। ਉਹਨਾਂ ਦੀਆਂ ਸਮੱਸਿਆਵਾਂ ਨੂੰ ਜਾਣਿਆ।

ਮਧੋਲੇ ਹੋਏ ਫੁੱਲ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ।"

"ਬੱਚੇ ਨੂੰ ਗਿਆਨ ਦੇ ਭੰਡਾਰ, ਨੇਮਾਂ ਅਤੇ ਗੁਰਾਂ ਦੇ ਇੱਕ ਗੁਦਾਮ ਵਿਚ ਨਹੀਂ ਬਦਲਣਾ ਚਾਹੀਦਾ। ਜਰਮਨ ਗਣਿਤ ਵਿਗਿਆਨੀ ਫੈਲਿਕਸ ਕਲੀਨ ਦੇ ਕਹਿਣ ਅਨੁਸਾਰ, ਵਿਦਿਆਰਥੀ ਨੂੰ ਤੋਪ ਨਹੀਂ ਬਨਾਉਣਾ ਚਾਹੀਦਾ ਜਿਸ ਨੂੰ ਦਸਾਂ ਸਾਲਾਂ ਲਈ ਗਿਆਨ ਦੇ ਬਾਰੂਦ ਨਾਲ ਭਰਿਆ ਜਾਂਦਾ ਹੈ ਅਤੇ ਫਿਰ ਚਲਾਈ ਜਾਂਦੀ ਹੈ, ਜਿਸ ਪਿੱਛੋਂ ਕੁੱਝ ਵੀ ਬਾਕੀ ਨਹੀਂ ਰਹਿੰਦਾ।"

"ਇੱਕ ਸਹੀ ਅਤੇ ਸੱਚਾ ਸਕੂਲ ਸਰਗਰਮ ਚਿੰਤਨ ਦੀ ਸਲਤਨਤ ਹੁੰਦਾ ਹੈ।" ਅਧਿਆਪਕ ਦਾ ਕੰਮ ਵਿਦਿਆਰਥੀ ਅੰਦਰ ਇਹ ਅਹਿਸਾਸ ਜਗਾਉਣਾ ਹੈ ਕਿ ਅਧਿਐਨ ਸਮਾਜ ਲਈ ਜ਼ਰੂਰੀ ਅਤੇ ਲਾਭਦਾਇਕ ਸਰਗਰਮੀ ਹੈ।"

"ਬਚਪਨ ਵਿਚ ਹੀ ਜਦੋਂ ਬੱਚਾ ਮਹਿਸੂਸ ਕਰਦਾ ਹੈ ਕਿ ਟੁੱਟੇ ਹੋਏ ਪਹੀਆਂ ਵਾਲੀ ਖਿਡੌਣਾ ਕਾਰ ਇੱਕ ਜ਼ਖ਼ਮੀ ਹੋਏ ਬੋਟ ਵਾਂਗ ਪੀੜ ਮਹਿਸੂਸ ਕਰਦੀ ਹੈ ਇਹ ਅਨੁਭਵਤਾ ਹੈ, ਦਿਆਲਤਾ ਦੀ ਬੁਨਿਆਦ ਅਤੇ ਕਾਵਿ-ਮਈ ਕਲਪਨਾ ਹੈ।"

"ਸਕੂਲ ਸੰਸਾਰ ਨੂੰ ਸਮਝਣ ਵਿਚ ਸਹਾਇਤਾ ਕਰਨ ਨਾ ਕਿ ਕੰਧ ਬਣ ਕੇ ਬੱਚੇ ਅਤੇ ਸੰਸਾਰ ਵਿਚ ਖੜ੍ਹੇ ਹੋ ਜਾਣ। ਬੱਚਿਆਂ ਦਾ ਬਚਪਨ ਬਹਾਲ ਕਰੋ। ਖੁੱਲ੍ਹੇ ਬਾਗ ਵਿਚ ਜਮਾਤ ਲਾਓ, ਨਾ ਕਿ ਕਮਰੇ ਦੀ ਚਾਰ ਦਿਵਾਰੀ ਅੰਦਰ।"

"ਜੋ ਕੁੱਝ ਬੱਚੇ ਅੰਦਰ ਚੰਗਾ ਹੈ ਉਸ ਨੂੰ ਹੁਲਾਰਾ ਦੇ ਕੇ ਖ਼ੂਬਸੂਰਤ ਬਣਾਇਆ ਜਾ ਸਕਦਾ ਹੈ। ਵਿਦਿਆਰਥੀ ਉਹਨਾਂ ਦਾ ਪਿਆਰ ਅਤੇ ਸਤਿਕਾਰ ਕਰਦੇ ਹਨ ਜਿਹੜੇ ਦ੍ਰਿੜ ਇਰਾਦੇ ਦੇ ਮਾਲਕ ਹੁੰਦੇ ਹਨ। ਕਮਜ਼ੋਰ ਅਤੇ ਹੋਛੇ ਵਿਅਕਤੀ ਨੂੰ ਪਸੰਦ ਨਹੀਂ ਕਰਦੇ। ਜਦੋਂ ਅਧਿਆਪਕ ਬਿਨ੍ਹਾਂ ਦਿਲਚਸਪੀ ਦੇ ਸਿਰਫ਼ ਪੜ੍ਹਾਉਣ ਲਈ ਪੜ੍ਹਾ ਰਿਹਾ ਹੁੰਦਾ ਹੈ, ਬੱਚੇ ਕਦੇ ਵੀ ਅਜਿਹੀ ਪੜ੍ਹਾਈ ਦੇ ਪਾਬੰਦ ਨਹੀਂ ਰਹਿੰਦੇ। ਅਧਿਆਪਕ ਦੇ ਬਾਹਰਲੇ ਦਿਖਾਵੇ ਕਾਰਣ ਵਿਦਿਆਰਥੀ ਵੀ ਦੰਭੀ ਅਤੇ ਛਲਕਪਟ ਵਾਲੇ ਬਣਦੇ ਹਨ। ਬੱਚਿਆਂ ਦੀ ਬਹਾਨੇਬਾਜ਼ੀ, ਲਾਪਰਵਾਹੀ ਜ਼ੋਰਦਾਰ ਰੋਸ ਦਾ ਪ੍ਰਗਟਾਅ ਹੁੰਦੀ ਹੈ। ਉਸ ਸਮੇਂ ਉਹ ਪੀੜਾ ਵਿਚੋਂ ਲੰਘ ਰਹੇ ਹੁੰਦੇ ਹਨ, ਉਹ ਪੜ੍ਹਾਈ ਵਿਚ ਆ ਰਹੀਆਂ ਔਕੜਾਂ ਨੂੰ ਸਰ ਨਹੀਂ ਕਰ ਪਾਉਂਦੇ ਅਤੇ ਪੜ੍ਹਾਈ ਤੋਂ ਦੂਰ ਚਲੇ ਜਾਂਦੇ ਹਨ। ਅਜਿਹੇ ਬੱਚੇ ਜਦੋਂ ਬਾਲਗ ਹੁੰਦੇ ਹਨ ਤਾਂ ਕੁੜੱਤਣ ਨਾਲ ਭਰੇ ਹੋਏ, ਚਿੜਚਿੜੇ ਸੁਭਾਅ ਦੇ ਬਣਦੇ ਹਨ। ਅਜਿਹੇ ਸਮੇਂ ਵਿਚ ਅਧਿਆਪਕ ਨੂੰ ਬੱਚੇ ਨੂੰ ਸਿਖਾਉਣਾ ਪਵੇਗਾ ਕਿ ਔਕੜਾਂ 'ਤੇ ਕਾਬੂ ਪਾ ਕੇ ਖ਼ੁਸ਼ੀ ਕਿਵੇਂ ਲੈਣੀ ਹੈ।"

"ਅਸੀਂ ਸਕੂਲ ਦੀਆਂ ਕੰਧਾਂ ਨੂੰ ਬੱਚਿਆਂ ਨਾਲ ਗੱਲਾਂ ਕਰਨ ਲਈ ਤਿਆਰ ਕਰ ਸਕਦੇ ਹਾਂ। ਕੰਧਾਂ 'ਤੇ ਲਟਕਦੀਆਂ ਤਸਵੀਰਾਂ ਬੱਚਿਆਂ ਨੂੰ ਸੋਚਣ ਲਗਾਉਂਦੀਆਂ ਹਨ। ਆਲੇ ਦੁਆਲੇ ਦਾ ਵਾਤਾਵਰਣ, ਬਗੀਚੇ, ਕੁਦਰਤ ਦੀ ਗੋਦ ਨੂੰ ਮਾਨਣਾ, ਉਸਦੀ ਸੇਵਾ ਕਰਨੀ, ਸਭ ਬੱਚੇ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ।"

"ਕੋਈ ਵੀ ਬੱਚਾ ਅਜਿਹਾ ਨਹੀਂ ਹੈ, ਬਿਨ੍ਹਾਂ ਸ਼ੱਕ ਹੋ ਵੀ ਨਹੀਂ ਸਕਦਾ ਜੋ ਆਪਣੇ ਸਕੂਲੀ ਆਰੰਭ ਤੋਂ ਸਿੱਖਣਾ ਨਾ ਚਾਹੁੰਦਾ ਹੋਵੇ। ਕੰਮ ਨਾ ਕਰਨ ਦੀ ਆਯੋਗਤਾ ਗੈਰ-ਰਜਾਮੰਦੀ ਨੂੰ ਜਨਮ ਦਿੰਦੀ ਹੈ ਅਤੇ ਗੈਰ ਰਜਾਮੰਦੀ ਸੁਸਤੀ ਅਤੇ ਵਿਹਲੇਪਣ ਨੂੰ।"

"ਕੰਮ ਤੋਂ ਪ੍ਰਾਪਤ ਕੀਤੀ ਖ਼ੁਸ਼ੀ ਦਾ ਟਾਕਰਾ ਖ਼ੁਸ਼ੀ ਦੇ ਕਿਸੇ ਵੀ ਹੋਰ ਰੂਪ ਨਾਲ ਨਹੀਂ ਕੀਤਾ ਜਾ ਸਕਦਾ। ਜਦੋਂ ਬੱਚਾ ਦੂਜਿਆਂ ਲਈ ਕੰਮ ਵਿਚ ਆਪਣੇ ਮਨ ਦਾ ਇੱਕ ਨਿਕਚੂ ਜਿਹਾ ਭਾਗ ਵੀ ਲਾਉਂਦਾ ਹੈ, ਉਹ ਕੰਮ ਵਿਚੋਂ ਖ਼ੁਸ਼ੀ ਲਭਦਾ ਹੈ। ਉਹ ਕਦੇ ਵੀ ਕੌੜਾ, ਘੁਮੰਡੀ ਵਿਅਕਤੀ ਨਹੀਂ ਬਣੇਗਾ।"

"ਬੱਚਿਆਂ ਦੇ ਮਨਾਂ ਦੀ ਧਰਤ ਨੂੰ ਸਾਵਧਾਨੀ ਨਾਲ ਵਾਹੋ। ਉਸ ਵਿਚ ਸੁੰਦਰਤਾ ਦੇ ਬੀਜ ਬੀਜੋ। ਉਹ ਸੁੰਦਰਤਾ ਮਾਤ ਭੂਮੀ ਦੀ, ਕੁਦਰਤ ਦੀ, ਦਰਖਤਾਂ ਦੀ, ਮਧੂ ਮੱਖੀਆਂ ਦੀ, ਟਮਾਟਰਾਂ ਦੀ ਲਾਲੀ ਦੀ, ਇਨਸਾਨ ਦੀ ਚੰਗਿਆਈ ਦੀ ਹੈ। ਇੱਕ ਖ਼ੁਸ਼ੀ ਵਜੋਂ ਜੀਵਨ ਨੂੰ ਭਰਪੂਰਤਾ ਨਾਲ ਮਾਨਣਾ ਸਿਖਾਉਣਾ ਹੈ।

"ਸਮੂਹ ਪ੍ਰਤੀ ਜ਼ਿੰਮੇਵਾਰੀ ਸ਼ਬਦਾਂ ਨਾਲ ਨਹੀਂ, ਬੱਚਿਆਂ ਵਿਚ ਅਮਲਾਂ ਨਾਲ ਭਰੋ। ਇੱਕ ਸਮੂਹ ਬੱਚੇ ਲਈ ਜਿੰਨਾਂ ਕਰਦਾ ਹੈ, ਉਨੀਂ ਹੀ ਬੱਚੇ ਦੀ ਸਮੂਹ ਪ੍ਰਤੀ ਸਨਮਾਨ ਦੀ ਭਾਵਨਾ ਤੇਜ ਹੋਵੇਗੀ। ਓਨੀ ਡੂੰਘਾਈ ਨਾਲ ਉਹ ਉਹਨਾਂ ਕੜੀਆਂ ਨੂੰ ਮਹਿਸੂਸ ਕਰੇਗਾ ਜੋ ਉਸ ਦੇ ਸਾਥੀਆਂ ਨਾਲ ਤੇ ਉਹਨਾਂ ਪ੍ਰਤੀ ਜ਼ਿੰਮੇਵਾਰੀ ਨਾਲ ਜੋੜਦੀਆਂ ਹਨ।"

**83601 88264**

***ਪੰਨਾ 13 ਦਾ ਬਾਕੀ...***

ਦੇ ਵੀਹ ਪੰਝੀ ਤਰ੍ਹਾਂ ਦੇ ਸੈੱਲਾਂ ਵਿੱਚੋਂ ਦੋ ਤਿੰਨ ਤਰ੍ਹਾਂ ਦੇ ਅਜਿਹੇ ਸੈਲ ਵੀ ਹੈਗੇ ਜਿਹੜੇ ਕਦੀ ਬਦਲਦੇ ਹੀ ਨਹੀਂ। ਭਾਵੇਂ ਬਾਇਓ ਮੈਡੀਕਲ ਪਹੁੰਚ ਨੇ ਮਨੁੱਖ ਦੀ ਉਮਰ ਵਧਾਉਣ ਵਿੱਚ ਬੜੀ ਵੱਡੀ ਭੂਮਿਕਾ ਨਿਭਾਈ ਹੈ ਪਰ ਇਸ ਨਾਲ ਬੁਢਾਪਾ ਰੁਕਦਾ ਨਹੀਂ। ਅਨੰਤ ਸਮੇਂ ਤੱਕ ਜੁਆਨ ਰਹਿਣ ਲਈ ਮੈਂ ਇੱਕ ਸਮੀਕਰਣ E=GMCxC ਬਣਾਈ ਹੈ। ਕਈਆਂ ਨੂੰ ਇਹ ਸਮੀਕਰਣ ਭੌਤਿਕ ਵਿਗਿਆਨ ਦੀ ਜਾਣੀ ਪਹਿਚਾਣੀ ਸਮੀਕਰਣ ਲੱਗੇਗੀ ਪਰ ਇਹ ਮੇਰਾ ਜੀਵ ਵਿਗਿਆਨ ਦਾ ਦਾਰਸ਼ਨਿਕ ਫਾਰਮੂਲਾ ਹੈ ਜਿਸ ਵਿੱਚ E ਹੈ Eternal Youth ਯਾਨਿ ਅਨੰਤ ਸਮੇਂ ਲਈ ਜੁਆਨ ਰਹਿਣ ਦੀ ਇੱਛਾ ਕਿਵੇਂ ਪੂਰੀ ਹੋਵੇ, ਅੱਗੇ ਇਸ ਬਾਰੇ ਗੱਲ ਕਰਾਂਗੇ। ਆਜ ਕੀ ਮੁਲਾਕਾਤ ਬੱਸ ਇਤਨੀ।

**ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ/ਜਸਵੰਤ ਮੁਹਾਲੀ**

**97806 67686**

## ਖ਼ਬਰ ਹੈ ਕਿ...

### 65 ਸਾਲਾਂ ਅਖੌਤੀ ਬਾਬੇ 'ਤੇ ਲੱਗੇ ਗੰਭੀਰ ਦੋਸ਼ ਅਤੇ ਦਰਜ ਹੋਏ ਕਈ ਮੁਕੱਦਮੇ

ਕਾਵੈਂਟਰੀ ਦੇ ਇੱਕ ਅਖੌਤੀ ਬਾਬੇ 'ਤੇ ਚਾਰ ਔਰਤਾਂ ਨੇ ਜਿਨਸੀ ਸ਼ੋਸ਼ਣ ਦਾ ਮੁਕੱਦਮਾ ਕੀਤਾ ਹੈ। ਇਸ 'ਤੇ ਹਜ਼ਾਰਾਂ ਪੌਂਡ ਠੱਗੀ ਮਾਰਨ ਦੇ ਵੀ ਦੋਸ਼ ਲੱਗੇ ਹਨ।

ਬਾਬਾ ਬਾਲਕ ਨਾਥ ਦੇ ਨਾਮ 'ਤੇ ਡੇਰਾ ਚਲਾ ਰਹੇ 65 ਸਾਲਾਂ ਇਸ ਅਖੌਤੀ ਬਾਬੇ ਦੇ ਸਿਰ ਚਾਰ ਸਾਲਾਂ ਬੱਚੇ ਨੂੰ ਵਰਗਲਾਉਣ ਦਾ ਕੇਸ ਵੀ ਹੈ। ਇੱਕ ਵਿਅਕਤੀ ਵੱਲੋਂ ਇਸ ਦੇ ਖਿਲਾਫ਼ 1.1 ਮਿਲੀਅਨ ਪੌਂਡ ਦਾ ਹਰਜਾਨਾ ਦਾਇਰ ਕੀਤਾ ਗਿਆ ਹੈ। ਜਿਹੜੀਆਂ ਔਰਤਾਂ ਇਸ ਦੇ ਖਿਲਾਫ਼ ਅਵਾਜ ਉਠਾਉਂਦੀਆਂ ਹਨ, ਉਹਨਾਂ ਉੱਤੇ ਇਸ ਵੱਲੋਂ ਕਰਵਾਏ ਹਮਲਿਆਂ ਦੇ ਵੀ ਦੋਸ਼ ਹਨ ਅਤੇ ਇੱਕ ਔਰਤ ਨੇ ਤਾਂ ਤੇਜ਼ਾਬ ਡੋਲਣ ਦਾ ਇਲਜਾਮ ਵੀ ਲਾਇਆ ਹੈ। ਇਹ ਜਾਣਕਾਰੀ 19 ਅਪ੍ਰੈਲ 2021 ਦੇ ਡੇਲੀ ਮੇਲ (ਆਨਲਾਈਨ) ਨੇ ਦਿੱਤੀ ਹੈ। ਇਸ ਤੋਂ ਤਿੰਨ ਦਹਾਕੇ ਪਹਿਲਾਂ ਤਰਕਸ਼ੀਲ ਸੁਸਾਇਟੀ ਪੰਜਾਬ (ਫਗਵਾੜਾ) ਨੇ ਵੀ ਮੁਆਫੀ ਮੰਗਵਾਈ ਸੀ ਤੇ ਠੱਗੇ ਪੈਸੇ ਵਾਪਸ ਮੁੜਵਾਏ ਸਨ। ਉਹਨਾਂ ਸਮਿਆਂ ਵਿੱਚ ਇਸਦੀ ਮੁਆਫੀ ਮੰਗਦੇ ਦੀ ਫੋਟੋ ਅਤੇ ਖ਼ਬਰ ਅਜੀਤ ਅਖਬਾਰ ਵਿੱਚ ਮੁੱਖ ਪੰਨੇ 'ਤੇ ਲੱਗੀ ਸੀ। ਇਸ ਤੋਂ ਤੁਰੰਤ ਬਾਅਦ ਇਹ ਦੌੜ ਕੇ ਇੰਗਲੈਂਡ ਚਲਾ ਗਿਆ। 1997 ਤੱਕ ਇਸ ਨੇ ਇੱਥੇ ਕਾਫੀ ਵੱਡੀ ਸਲਤਨਤ ਬਣਾ ਲਈ ਸੀ। ਇਹ ਕਈ ਰੋਇਲ ਰੋਜ ਕਾਰਾਂ ਦਾ ਮਾਲਕ ਅਤੇ ਮਿਲੀਅਨ ਪੌਂਡਾਂ ਵਿੱਚ ਖੇਡ ਰਿਹਾ ਸੀ।

### ਟੀਕਾਕਰਨ ਸਮੇਂ ਵੀ ਮਹੂਰਤ

ਭੂਟਾਨ ਸਰਕਾਰ ਨੇ ਆਪਣੇ ਨਾਗਰਿਕਾਂ ਦੇ ਕਰੋਨਾ ਦਾ ਟੀਕਾ ਲਗਾਉਣ ਦੀ ਬਜਾਏ ਬੋਧ ਭਿਖਸ਼ੂਆਂ ਦੀ ਇੱਕ ਸੰਸਥਾ ਤੋਂ ਪਹਿਲਾਂ ਸਲਾਹ ਲੈਣੀ ਬਿਹਤਰ ਸਮਝੀ। ਭਿਕਸ਼ੂਆਂ ਨੇ ਕਿਹਾ ਕਿ ਇਸ ਸਮੇਂ ਨਕਸ਼ੱਤਰ ਅਨੁਕੂਲ ਅਤੇ ਸ਼ੁਭ ਨਹੀਂ ਹੈ। ਇਸ ਲਈ ਪਹਿਲੀ ਡੋਜ਼ ਲਗਾਉਣ ਵਾਸਤੇ ਦੋ ਮਹੀਨੇ ਉਡੀਕ ਕੀਤੀ ਜਾਵੇ। ਇਹ ਵੀ ਕਿਹਾ ਕਿ ਪਹਿਲੀ ਡੋਜ਼ ਕਿਸੇ ਔਰਤ ਵੱਲੋਂ Year of the monkey (1968, 1980, 1992, 2004, 2016) ਵਿੱਚ ਪੈਦਾ ਹੋਣ ਵਾਲੀ ਕਿਸੇ ਔਰਤ ਦੇ ਲਗਾਈ ਜਾਵੇ। ਭੂਟਾਨ ਵਿੱਚ 27 ਮਾਰਚ ਨੂੰ ਇਹ ਪਹਿਲੀ ਡੋਜ਼ ਲਗਾਈ ਗਈ। ਸ਼ੁਭ ਮਹੂਰਤ ਵਜੋਂ 9.30 ਵਜੇ ਦੇ ਸਮੇਂ ਦੀ ਚੋਣ ਹੋਈ। ਵੈਕਸੀਨ ਲਗਾਉਣ ਤੋਂ ਪਹਿਲਾਂ ਮੰਤਰਾਂ ਦਾ ਉਚਾਰਣ ਹੋਇਆ ਅਤੇ ਘਿਉ ਦੇ ਦੀਵੇ ਜਲਾਏ ਗਏ। ਇਹ ਹੈ ਵਿਗਿਆਨ ਦੇ ਯੁੱਗ ਵਿੱਚ ਘੋਰ ਹਨੇਰੇ 'ਚ ਡੁੱਬੇ ਅੰਧਵਿਸ਼ਵਾਸੀ ਲੋਕਾਂ ਦੀ ਦਾਸਤਾ!

### ਤਾਂਤ੍ਰਿਕ ਦੇ ਕਹਿਣ 'ਤੇ ਗਰਭਵਤੀ ਹੋਣ ਲਈ ਦਿੱਤੀ ਗੁਆਂਢੀਆਂ ਦੇ ਬੱਚੇ ਦੀ ਬਲੀ

ਰੋਹਿਣੀ ਬੁੱਧ ਵਿਹਾਰ (ਦਿੱਲੀ) ਦੀ ਰਹਿਣ ਵਾਲੀ ਇੱਕ ਔਰਤ ਨੇ ਇੱਕ ਤਾਂਤ੍ਰਿਕ ਦੇ ਇਸ਼ਾਰੇ 'ਤੇ ਇਹ ਬਲੀ ਦਿੱਤੀ। ਪੁਲਿਸ ਨੂੰ ਇੱਕ ਬੱਚੇ ਦੇ ਗੁੰਮ ਹੋਣ ਦੀ ਖਬਰ ਮਿਲੀ। ਸਰਚ ਆਪਰੇਸ਼ਨ ਦੌਰਾਨ ਪੁਲਿਸ ਨੇ ਮੁਹੱਲੇ ਦੀ ਇੱਕ ਇਮਾਰਤ 'ਤੇ ਸ਼ੱਕੀ ਪਲਾਸਟਿਕ ਬੈਗ ਪਿਆ ਵੇਖਿਆ। ਖੋਲ੍ਹਣ 'ਤੇ ਇਸ ਵਿੱਚੋਂ ਗੁੰਮ ਬੱਚੇ ਦੀ ਲਾਸ਼ ਮਿਲੀ। ਜਾਂਚ ਵਿੱਚ ਪੁਲਿਸ ਨੇ ਪਾਇਆ ਕਿ ਬੱਚਾ ਆਖਰੀ ਵਾਰ ਇਸ ਔਰਤ ਕੋਲ ਵੇਖਿਆ ਗਿਆ। ਪੁਲਿਸ ਵੱਲੋਂ ਇਸ ਤੋਂ ਪੁੱਛ ਗਿੱਛ ਕੀਤੇ ਜਾਣ 'ਤੇ ਉਸ ਨੇ ਆਪਣਾ ਜੁਰਮ ਕਬੂਲ ਕਰ ਲਿਆ। ਔਰਤ ਨੇ ਕਿਹਾ ਕਿ ਬੱਚੇ ਦੇ ਜਨਮ ਲਈ ਉਸਦੇ ਪਰਿਵਾਰ ਵੱਲੋਂ ਉਸ 'ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ, ਜਿਸ ਕਾਰਣ ਉਹ ਤਾਂਤ੍ਰਿਕ ਦੇ ਝਾਂਸੇ ਵਿੱਚ ਆ ਗਈ।

### ਅੰਧਵਿਸ਼ਵਾਸ ਅਧੀਨ ਦੋ ਨੌਜਵਾਨ ਲੜਕੀਆਂ ਦਾ ਕੀਤਾ ਕਤਲ

ਘਰ ਵਿੱਚ ਸੁੱਖ ਸ਼ਾਂਤੀ ਲਈ ਆਂਧਰਾ ਪ੍ਰਦੇਸ਼ ਦੇ ਚਿੱਤੂਰ ਜਿਲ੍ਹੇ ਦੇ ਮਦਨਪੱਲੀ ਕਸਬੇ ਵਿੱਚ ਰਹਿਣ ਵਾਲੇ ਨਾਇਡੂ ਪਰਿਵਾਰ ਦੀ ਔਰਤ ਪਦਯਜਾ ਨੇ ਆਪਣੀਆਂ ਦੋ ਨੌਜਵਾਨ ਲੜਕੀਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਜਵਾਨ ਲੜਕੀਆਂ ਦੀਆਂ ਸਿਰ ਵੱਢੀਆਂ ਨੰਗੀਆਂ ਲਾਸ਼ਾਂ 'ਤੇ ਮਾਂ ਨੱਚ ਰਹੀ ਸੀ। ਅਤੇ ਬਾਪ ਸਮਾਧੀ ਲਾਈ ਬੈਠਾ ਸੀ। ਇਹ ਮਨ ਕੰਬਾਊ ਦ੍ਰਿਸ਼ ਵੇਖ ਕੇ ਪੁਲਿਸ ਵੀ ਭੈਭੀਤ ਹੋ ਗਈ। ਉਹਨਾਂ ਨੇ ਇਹ ਹੱਤਿਆਵਾਂ ਤ੍ਰਿਸ਼ੂਲ ਨਾਲ ਕੀਤੀਆਂ ਸਨ ਅਤੇ ਉਹਨਾਂ ਦਾ ਉਦੇਸ਼ ਪੁੱਤਰੀਆਂ ਅੰਦਰ ਬੈਠੀਆਂ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢਣਾ ਸੀ। ਉਹਨਾਂ ਨੇ ਪੁਲਿਸ ਕੋਲ ਮੰਨਿਆ ਕਿ ਉਹਨਾਂ ਨੂੰ ਸਵਰਗ ਤੋਂ ਇੱਕ ਗੈਬੀ ਇਸ਼ਾਰਾ ਮਿਲਿਆ ਸੀ ਕਿ ਲੜਕੀਆਂ ਨੂੰ ਮਾਰ ਦੇਵੋ, ਸਵੇਰੇ ਉਹ ਫਿਰ ਜਿੰਦਾ ਹੋ ਜਾਣਗੀਆਂ ਕਿਉਂਕਿ ਸਤਯੁੱਗ ਸ਼ੁਰੂ ਹੋ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਕੋਰੋਨਾ ਵਾਇਰਸ ਤਾਂ ਸ਼ਿਵ ਸ਼ੰਕਰ ਨੇ ਦੁਸ਼ਟ ਆਤਮਾਵਾਂ ਦੇ ਨਾਸ ਲਈ ਭੇਜਿਆ ਹੈ। ਇਹ ਹੈ ਅੰਧਵਿਸ਼ਵਾਸੀ ਮਾਨਸਿਕਤਾ ਦੀ ਇੰਤਹਾ!

### ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨੋ

ਕੇਰਲ ਜਨਪਕਸ਼ਮ ਦੇ ਵਿਧਾਇਕ ਪੀ.ਸੀ. ਜਾਰਜ ਨੇ ਕਿਹਾ ਕਿ ਲਵ ਜਿਹਾਦ ਵਰਗੇ ਤਮਾਮ ਮੁੱਦਿਆ ਦੇ ਹੱਲ ਲਈ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਦਿੱਤਾ ਜਾਣਾ ਚਾਹੀਦਾ ਹੈ।

ਯਾਦ ਕਰਦਿਆਂ



# ਮਾਰਕਸ ਨੇ ਧਰਮ ਨੂੰ ਅਫੀਮ ਕਿਉਂ ਕਿਹਾ ?

**ਸ਼ਿਆਮ ਸੁੰਦਰ ਦੀਪਤੀ**

ਮਾਰਕਸ ਦੇ ਪੂਰੇ ਚਿੰਤਨ ਅਤੇ ਫਲਸਫੇ ਬਾਰੇ ਚੰਗੀ ਤਰ੍ਹਾਂ ਨਾ ਜਾਣਨ ਵਾਲੇ ਵਿਰੋਧੀਆਂ ਕੋਲ, ਇਕ ਨੁਕਤਾ ਜ਼ਰੂਰ ਹੈ ਜੋ ਉਹ ਖ਼ੂਬ ਉਭਾਰਦੇ ਅਤੇ ਉਛਾਲਦੇ ਹਨ ਕਿ ਮਾਰਕਸ ਨੇ ਧਰਮ ਨੂੰ ਅਫ਼ੀਮ ਕਿਹਾ। ਮਾਰਕਸ ਰੱਬ ਦੀ ਹੋਂਦ ਤੋਂ ਇਨਕਾਰੀ ਹੈ, ਉਹ ਨਾਸਤਿਕਤਾ ਦਾ ਪ੍ਰਚਾਰ ਕਰਦਾ ਹੈ। ਇਸ ਤਰ੍ਹਾਂ ਇੱਕ ਬਹੁਤ ਵੱਡੀ ਗਿਣਤੀ, ਜੋ ਕਿ ਰੱਬ ਦੀ ਅਣਹੋਂਦ ਬਾਰੇ ਸੋਚ ਹੀ ਨਹੀਂ ਸਕਦੀ, ਵਿਰੋਧ ਵਿਚ ਆ ਖੜਦੀ ਹੈ। ਇਸ ਦੇ ਨਾਲ ਹੀ, ਮਾਰਕਸ ਨੂੰ ਜਾਨਣ ਵਾਲੇ, ਮਾਰਕਸ ਦੇ ਧਾਰਨੀ, ਇਸ ਗੱਲ ਨੂੰ ਕਿਸੇ ਠੋਸ ਦਲੀਲ ਜਾਂ ਵਿਚਾਰ ਨਾਲ ਸਮਝਾ ਨਹੀਂ ਸਕਦੇ ਕਿ ਮਾਰਕਸ ਨੇ ਧਰਮ ਨੂੰ ਅਫੀਮ ਕਿਉਂ ਕਿਹਾ। ਸਗੋਂ ਕਈ ਵਾਰ ਉਹ ਮਾਰਕਸ 'ਤੇ ਖਿਝਦੇ ਹਨ ਕਿ ਉਸ ਨੂੰ ਇਹ ਗੱਲ ਕਹਿਣ-ਲਿਖਣ ਦੀ ਕੀ ਲੋੜ ਸੀ। ਉਸ ਨੂੰ ਅਜਿਹੀ ਟਿੱਪਣੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਸਾਡੇ ਵਰਗੇ ਮੁਲਕ ਵਿਚ ਖ਼ਾਸ ਕਰ,ਜਿੱਥੇ ਰੱਬ ਅਤੇ ਧਰਮ ਦੀ ਸੱਤਾ ਅਜੇ ਤਕ ਮਜਬੂਤ ਹੈ ਜਾਂ ਕਹੀਏ ਉਸ ਨੂੰ ਲਗਾਤਾਰ ਪੋਸ਼ਿਤ ਕੀਤਾ ਜਾ ਰਿਹਾ ਹੈ ਤੇ ਕਮਜ਼ੋਰ ਨਹੀਂ ਪੈਣ ਦਿੱਤਾ ਜਾਂਦਾ। ਕਈ ਥਾਂਵਾਂ 'ਤੇ ਧਰਮ, ਰਾਜਨੀਤੀ ਨਾਲ ਪੱਕੇ ਪੈਰੀਂ ਖੜਦਾ ਹੈ ਤੇ ਧਰਮ 'ਤੇ ਉਂਗਲ ਚੁੱਕਣ ਵਾਲੇ ਦੀ ਗਰਦਨ ਲਾਹ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ।

ਮਾਰਕਸ ਨੇ ਆਪਣੇ ਸਮੇਂ ਦੌਰਾਨ, ਪੂੰਜੀਵਾਦ ਦੇ ਹੋ ਰਹੇ ਉਭਾਰ ਅਤੇ ਉਸ ਨਾਲ ਹੋ ਰਹੀ ਬਦਤਰ ਹਾਲਤ ਨੂੰ ਇੱਕ ਨਵੇਂ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਉਸ ਦੇ ਮੂਲਭੂਤ, ਬੁਨਿਆਦੀ ਕਾਰਨਾਂ ਨੂੰ ਜਾਨਣ ਵਿਚ ਜ਼ਿੰਦਗੀ ਲਾਈ, ਤਾਂ ਜੋ ਇਸ ਤਰ੍ਹਾਂ ਦੀ ਗੈਰ-ਮਨੁੱਖੀ ਵਤੀਰੇ ਵਾਲੀ ਵਿਵਸਥਾ ਨੂੰ ਬਦਲਿਆ ਜਾ ਸਕੇ।

ਪੂੰਜੀਵਾਦ ਦਾ ਉਭਾਰ ਵਿਗਿਆਨ ਦੀ ਚੜ੍ਹਤ ਨਾਲ ਸੰਭਵ ਹੋਇਆ ਤੇ ਤਕਨਾਲੋਜੀ ਦੇ ਵਿਕਾਸ ਨੇ, ਇਸ ਨੂੰ ਰਫ਼ਤਾਰ ਬਖਸ਼ੀ, ਜਦੋਂ ਵਿਗਿਆਨਕ ਖੋਜਾਂ ਨੂੰ ਇਕ ਸਰੂਪ ਦੇਣ ਲਈ ਫੈਕਟਰੀਆਂ, ਕਾਰਖਾਨਿਆਂ ਅਤੇ ਮਸ਼ੀਨਾਂ ਦੀ ਲੋੜ ਪਈ। ਨਾਲ ਹੀ ਜਾਗੀਰਦਾਰੀ ਹੇਠਾਂ ਵੱਡੀ ਹੋਈ ਗੁਲਾਮ ਪੀੜ੍ਹੀ ਨੇ, ਉਸ ਪਾਬੰਦੀ ਵਾਲੀ ਵਿਵਸਥਾ ਤੋਂ ਛੁਟਕਾਰਾ ਲਿਆ ਤੇ ਇਕ ਚੈਨ ਦੀ ਸਾਹ ਲਈ ਕਿ ਹੁਣ ਉਹ ਮਨਮਰਜ਼ੀ ਨਾਲ ਕੰਮ ਕਰਨਗੇ, ਜਿੱਥੇ ਮਰਜ਼ੀ ਜਾ ਸਕਣਗੇ। ਇਸ ਰੋਅ ਵਿਚ ਉਨ੍ਹਾਂ ਨੇ ਫੈਕਟਰੀਆਂ ਵੱਲ ਮੂੰਹ ਕੀਤਾ। ਵਧੀਆ ਸ਼ਹਿਰੀ ਜ਼ਿੰਦਗੀ ਦਾ ਸੁਪਨਾ ਲਿਆ ਤੇ ਅਨਜਾਣੇ ਵਿਚ, ਇਕ ਨਵੀਂ ਕਿਸਮ ਦੀ ਗੁਲਾਮੀ ਅਤੇ ਬਦਹਾਲੀ ਵਿੱਚ ਆ ਫਸੇ।

ਪੂੰਜੀਵਾਦੀ ਵਿਵਸਥਾ ਵਿਚ ਮੁਨਾਫ਼ਾ ਪ੍ਰਧਾਨ ਹੈ। ਮਸ਼ੀਨਾਂ ਨੇ ਰਫ਼ਤਾਰ ਨਾਲ ਪੈਦਾਵਾਰ ਵਿਚ ਬੇਇੰਤਹਾ ਵਾਧਾ ਕੀਤਾ। ਮਸ਼ੀਨ ਨੇ ਮਜਦੂਰ ਨਾਲ ਖੜਨਾ ਸੀ ਜਾਂ ਥੋੜੀ ਬਹੁਤ ਸਿਖਲਾਈ ਨਾਲ ਮਸ਼ੀਨ ਦੇ ਨਾਲ ਕੁਝ ਕੰਮ ਕਰਨੇ ਸੀ। 'ਰਫਤਾਰੀ ਪੈਦਾਵਾਰ' ਨੂੰ ਮਾਰਕੀਟ ਦੀ ਲੋੜ ਸੀ ਤਾਂ ਜੋ ਲੋਕ ਉਸਦਾ ਬਣਾਇਆ ਮਾਲ ਖਰੀਦਣ। ਇਸ 'ਰਫ਼ਤਾਰੀ ਪੈਦਾਵਾਰ' ਪਿੱਛੇ, ਪੂੰਜੀਪਤੀ ਦੇ ਮਨ ਵਿਚ 'ਰਫ਼ਤਾਰੀ ਪੈਸਾ' ਇਕੱਠਾ ਕਰਨਾ ਸੀ। ਇਸ ਤਰ੍ਹਾਂ ਪੂੰਜੀਪਤੀ ਲਈ ਮਸ਼ੀਨ, ਮਜਦੂਰ ਅਤੇ ਮੁਨਾਫ਼ਾ ਤਿੰਨ ਮੁੱਖ ਧੁਰੇ ਸਨ।

ਪੂੰਜੀਪਤੀ ਲਈ ਆਪਣੀ ਇਸ ਵਿਵਸਥਾ ਵਿਚ, ਮਸ਼ੀਨ ਦੇ ਇਸਤੇਮਾਲ ਨਾਲ, ਮਜ਼ਦੂਰ ਦਾ ਜੀਵਨ ਸੁਖਾਲਾ ਬਣਾਉਣਾ, ਕੋਈ ਮੰਤਵ ਨਹੀਂ ਸੀ। ਉਸ ਦੀ ਨਜ਼ਰ ਤਾਂ ਮੁਨਾਫੇ 'ਤੇ ਸੀ। ਇਸ ਲਈ ਜ਼ਰੂਰੀ ਸੀ ਪੈਦਾਵਾਰ ਲਈ ਕੱਚਾ ਮਾਲ ਸਸਤਾ ਮਿਲੇ ਅਤੇ ਮਜਦੂਰ ਨੂੰ ਘੱਟ ਤੋਂ ਘੱਟ ਦਿਹਾੜੀ ਦਿੱਤੀ ਜਾਵੇ। ਇਸ ਤਰ੍ਹਾਂ ਦੀ ਮੁਨਾਫੇਖੋਰੀ ਵਾਲੀ ਸਮਝ ਨੂੰ ਬਣਾਈ ਰੱਖਣ ਅਤੇ ਸਹੀ ਠਹਿਰਾਉਣ ਲਈ, ਇਹ ਜ਼ਰੂਰੀ ਸੀ ਕਿ 'ਰੱਬ ਅਤੇ ਧਰਮ' ਦੀ ਸੱਤਾ ਨੂੰ ਨਾਲ ਰਖਿਆ ਜਾਵੇ ਜੋ ਕਰਮਾਂ, ਪਿਛਲੇ ਜਨਮਾਂ, ਕਿਸਮਤ ਆਦਿ ਦੇ ਜਾਲ ਨੂੰ ਵਿਛਾ ਕੇ ਰੱਖੇ।

ਭਾਵੇਂ ਕਿ ਰੱਬ ਅਤੇ ਧਰਮ ਦਾ ਬਣਿਆ-ਬਣਾਇਆ ਸਰੂਪ, ਪੂੰਜੀਵਾਦ ਨੂੰ ਮਿਲਿਆ ਜੋ ਕਿ ਜਾਗੀਰਦਾਰੀ ਵਿਵਸਥਾ ਵਿਚ ਪਹਿਲਾਂ ਹੀ ਪਿਆ ਸੀ। ਵਿਗਿਆਨ ਨੇ ਕੁਦਰਤ ਦੇ ਕਈ ਭੇਦ ਖੋਲ੍ਹੇ, ਜੋ ਕਿ ਪੂੰਜੀਵਾਦ ਨੂੰ ਰਾਸ ਵੀ ਆਏ ਤੇ ਮੁਨਾਫ਼ਾ ਕਮਾਉਣ ਵਿਚ ਸਹਾਈ ਹੋਏ। ਇਹੀ ਵਿਗਿਆਨ ਰੱਬ ਦੇ ਸਰੂਪ ਦਾ ਪਰਦਾਫਾਸ਼ ਕਰਨ ਦੇ ਯੋਗ ਵੀ ਸੀ/ਹੈ, ਪਰ ਪੂੰਜੀਵਾਦ ਨੂੰ ਇਹ ਮਾਫ਼ਿਕ ਨਹੀਂ ਸੀ ਆਉਂਦਾ। ਇਸ ਲਈ, ਜਿਸ ਵਿਗਿਆਨ ਨੇ ਪੂੰਜੀਵਾਦ ਨੂੰ ਪਨਪਨ ਵਿਚ ਮਦਦ ਕੀਤੀ, ਉਸਦੇ ਜ਼ਰੀਏ ਹੀ ਕੁੱਝ ਅਣਸੁਲਝੇ ਸਵਾਲਾਂ ਨੂੰ ਅੱਗੇ ਰੱਖ ਕੇ, ਕਿਸੇ ਅਦ੍ਰਿਸ਼ ਤਾਕਤ ਦੀ ਗੱਲ ਨੂੰ ਜਾਰੀ ਰੱਖਿਆ ਤੇ ਕੁਝ ਕੁ ਉਦਾਹਰਨਾਂ ਲੱਭ ਕੇ ਵਿਗਿਆਨ ਨੂੰ ਧਰਮ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ। ਇਸ ਤਰ੍ਹਾਂ ਲੋਕਾਂ ਨੂੰ ਦੁਨਿਆਵੀ

ਅਤੇ ਆਤਮਿਕ ਜਗਤ ਵਿਚ ਵੰਡ ਕੇ, ਭੰਬਲਭੂਸਾ ਬਣਾਈ ਰੱਖਿਆ।

ਮਾਰਕਸ ਨੇ ਆਪਣੇ ਫਲਸਫੇ ਵਿਚ, ਪੂੰਜੀ ਦੀ ਵਿਆਖਿਆ ਦੌਰਾਨ, ਮਸ਼ੀਨਾਂ ਰਾਹੀਂ ਮਜ਼ਦੂਰ ਦੀ ਲੁੱਟ ਦੀ ਗੱਲ ਕਰਦਿਆਂ, ਮਜਦੂਰ ਦੀ ਦਿਹਾੜੀ ਅਤੇ ਮੁਨਾਫ਼ੇ ਦੀ ਗੁੱਥੀ ਸੁਲਝਾਉਂਦਿਆ, ਧਰਮ ਦੀ ਭੂਮਿਕਾ ਨੂੰ ਵੀ ਉਭਾਰਿਆ। ਉਸ ਨੇ ਸਿਰਫ਼ ਏਨਾ ਹੀ ਨਹੀਂ ਕਿਹਾ, 'ਬੰਦਾ ਧਰਮ ਨੂੰ ਸਿਰਜਦਾ ਹੈ, ਧਰਮ ਬੰਦੇ ਨੂੰ ਨਹੀਂ' ਸਗੋਂ ਇਸ ਦੀ ਪੂਰੀ ਵਿਆਖਿਆ ਕੀਤੀ ਤੇ ਇਸ ਨੂੰ ਦਲੀਲਾਂ ਨਾਲ ਸਿੱਧ ਵੀ ਕੀਤਾ। ਮਾਰਕਸ ਦੀ ਇਹ ਦੇਣ ਹੈ ਕਿ ਉਸ ਨੇ ਸਮਾਜਿਕ ਫਲਸਫੇ ਨੂੰ, ਮਨੁੱਖੀ ਮਨੋਵਿਗਿਆਨ ਨੂੰ ਵਿਗਿਆਨਕ ਤਰਜ਼ 'ਤੇ ਪਰਖ ਕਸੌਟੀ ਦੇ ਜ਼ਰੀਏ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਕਾਮਯਾਬ ਵੀ ਹੋਇਆ।

ਮਾਰਕਸ ਨੇ ਦੱਸਿਆ ਕਿ ਜੇਕਰ ਲੋਕਾਂ ਦੀ ਬਦਹਾਲੀ ਦੀ ਵਿਆਖਿਆ ਅਤੇ ਆਲੋਚਨਾ ਕਰਨੀ ਹੈ ਤਾਂ ਯਥਾਰਥਕ ਸੰਸਾਰ ਦੀ ਆਲੋਚਨਾ ਕਰਨੀ ਚਾਹੀਦੀ ਹੈ। ਇਹ ਸੰਸਾਰ ਮਾਇਆ ਨਹੀਂ ਹੈ, ਕੂੜ ਪਸਾਰਾ ਨਹੀਂ ਹੈ। ਇਹ ਸਾਫ-ਸਪੱਸ਼ਟ ਮਹਿਸੂਸ ਕੀਤਾ ਜਾ ਸਕਣ ਵਾਲਾ ਸੱਚ ਹੈ। ਧਰਮ ਤਾਂ ਉਸਦਾ ਇਕ ਪ੍ਰਭਾਵ ਹੈ, ਜੋ ਯਥਾਰਥ ਨੂੰ ਇਕ ਅਲੋਕਾਰੀ ਯੁੱਗ ਬਣਾ ਕੇ ਪੇਸ਼ ਕਰਦਾ ਹੈ। ਯਥਾਰਥ ਨੂੰ ਚਮਚਮਾਉਂਦਾ ਲਿਬਾਸ ਪਵਾਉਂਦਾ ਹੈ। ਸੱਚ ਨੂੰ ਭਰਮ ਵਿਚ ਪਾਉਂਦਾ-ਭਟਕਾਉਂਦਾ ਹੈ।

ਪੂੰਜੀਵਾਦੀ ਵਿਵਸਥਾ ਸਮਝਦੀ ਹੈ, ਜੇਕਰ ਰੱਬ ਦੀ ਸੱਤਾ ਦਾ ਪਰਦਾਫਾਸ਼ ਹੁੰਦਾ ਹੈ ਤਾਂ ਲੋਕ ਰੱਬ ਦੇ ਡਰ ਤੋਂ ਛੁਟਕਾਰਾ ਪਾਉਣਗੇ ਤੇ ਵਿਗਿਆਨ ਦੇ ਸਹਾਰੇ, ਇਕ ਤਰਕਸ਼ੀਲ ਰਵੱਈਏ ਨਾਲ, ਵਿਸ਼ਵਾਸ ਅਤੇ ਹਿੰਮਤ ਨਾਲ ਜੀਉਣਾ ਸਿੱਖ ਜਾਣਗੇ। ਪਰ ਪੂੰਜੀਵਾਦ ਨੇ ਰੱਬ ਨੂੰ ਆਪਣੇ ਮੁਤਾਬਕ ਸਜਾਇਆ-ਸੰਵਾਰਿਆ ਤਾਂ ਜੋ ਉਸਦੇ ਸ਼ੋਸ਼ਣ ਦੀ ਸੱਤਾ ਬਣੀ ਰਹੀ। ਇਹ ਨਹੀਂ ਕਿ ਵਿਗਿਆਨਕ ਸਮਝ ਨੇ ਰੱਬ ਅਤੇ ਧਰਮ ਦੀ ਸੱਤਾ ਨੂੰ ਕਮਜ਼ੋਰ ਨਹੀਂ ਕੀਤਾ, ਸਗੋਂ ਅਨੇਕਾਂ ਲੋਕਾਂ ਦੇ ਮਨਾਂ ਵਿਚ ਰੱਬ ਦੀ ਹੋਂਦ ਨੂੰ ਖਤਮ ਵੀ ਕੀਤਾ। ਇੱਕ ਅੰਦਾਜ਼ੇ ਮੁਤਾਬਕ, ਦੁਨੀਆਂ ਵਿਚ ਸਭ ਤੋਂ ਵੱਧ ਈਸਾਈ ਧਰਮ ਦੇ ਮੰਨਣ ਵਾਲੇ ਹਨ ਤੇ ਉਸ ਤੋਂ ਬਾਅਦ ਨਾਸਤਿਕਾਂ (ਰੱਬ ਨੂੰ ਨਾ ਮੰਨਣ ਵਾਲੇ) ਦਾ ਨੰਬਰ ਹੈ ਤੇ ਫਿਰ ਮੁਸਲਮਾਨਾਂ ਦਾ। ਪਰ ਰੱਬ ਨੂੰ ਨਾ ਮੰਨਣ ਵਾਲਿਆਂ ਕੋਲ ਕੋਈ ਉਸ ਤਰ੍ਹਾਂ ਦਾ ਝੰਡਾ ਜਾਂ ਮੰਚ ਨਹੀਂ ਹੈ, ਜੋ ਦੁਨੀਆਂ ਦੇ ਇਨ੍ਹਾਂ ਲੋਕਾਂ ਨੂੰ ਇਕੱਠਿਆ ਕਰ ਸਕੇ। ਸ਼ਾਇਦ ਇਹੀ ਇਸ ਦੀ ਖਾਸੀਅਤ ਹੈ, ਖੁੱਲ੍ਹਾਪਨ ਅਤੇ ਵਿਵਹਾਰ ਵਿਚ ਮਨੁੱਖਤਾ ਅਤੇ ਕੁਦਰਤ ਲਈ ਪਿਆਰ, ਕਿਸੇ ਵੀ ਚਿਨ੍ਹਾਂ ਰਾਹੀਂ ਕੋਈ ਪਛਾਣ ਨਾ ਬਣਾਕੇ, ਕੰਮਾਂ ਵਿਚ ਆਪਣੀ ਸ਼ਖਸੀਅਤ ਦਾ ਪ੍ਰਗਟਾਵਾ।

ਇਸ ਵਿਗਿਆਨਕ ਸਮਝ ਦੇ ਵਿਕਾਸ ਨਾਲ ਅਤੇ ਧਰਮ ਦੀ ਭੂਮਿਕਾ 'ਤੇ ਉਠਦੇ ਸਵਾਲਾਂ ਕਾਰਨ ਅਤੇ ਆਪਣੀ ਮੁਨਾਫ਼ੇ ਵਾਲੇ ਪ੍ਰਵਿਰਤੀ ਦੇ ਮੱਦੇ ਨਜ਼ਰ-ਪੂੰਜੀਵਾਦ ਨੇ ਰੱਬ ਦੀ ਜ਼ਰੂਰਤ ਨੂੰ ਬਣਾਈ ਰੱਖਣ ਲਈ ਕੁੱਝ ਨਵੇਂ ਤਰੀਕਿਆਂ/ਦਾਅ-ਪੇਚਾਂ ਨੂੰ ਵੀ ਸਮਝਿਆ ਤੇ ਵਰਤਿਆ। ਪਹਿਲਾਂ ਮਹੱਤਵਪੂਰਨ ਹਥਿਆਰ ਵਰਤਿਆ, ਜ਼ਿੰਦਗੀ ਵਿਚ ਅਸੁਰੱਖਿਆ ਨੂੰ ਬਣਾਈ ਰੱਖਣਾ। ਇਕ ਤਰ੍ਹਾਂ ਦੀ ਅਨਿਸ਼ਚਿਤਤਾ ਕਿ ਕੱਲ੍ਹ ਕੀ ਹੋਵੇਗਾ ? ਸ਼ਾਮੀਂ ਖਾਣ ਨੂੰ ਮਿਲੇਗਾ ਕਿ ਨਹੀਂ ? ਇਸ ਦੇ ਨਾਲ, ਪੂੰਜੀਵਾਦ ਦੀ ਦੂਸਰੀ ਆਪਣੀ ਖਾਸੀਅਤ ਮੁਨਾਫ਼ੇ ਨੇ, ਜਿੱਥੇ ਇਕ ਪਾਸੇ ਉਸ ਦੇ ਲਈ ਦੌਲਤ ਦੇ ਭੰਡਾਰ ਲਾ ਦਿੱਤੇ, ਉਥੇ ਦੂਜੇ ਪਾਸੇ ਮਜਦੂਰ ਨੂੰ ਦੋ ਵਕਤ ਦੀ ਰੋਟੀ ਲਈ ਤਰਸਾਇਆ। ਇਕ ਨਾਬਰਾਬਰੀ ਵਾਲਾ ਮਾਹੌਲ ਉਸਾਰਿਆ ਗਿਆ, ਇਸ ਤਰ੍ਹਾਂ ਦੇ ਮਾਹੌਲ ਵਿਚ ਆਦਮੀ ਖ਼ੁਦ-ਮ-ਖ਼ੁਦ ਅਸੁਰੱਖਿਅਤ ਮਹਿਸੂਸ ਕਰਦਾ ਹੈ। ਇਕ ਜਿੰਦਾ, ਧੜਕਦਾ, ਸੋਚਵਾਨ ਵਿਅਕਤੀ ਜ਼ਰੂਰ ਸੋਚੇਗਾ ਕਿ ਏਨੀ ਮੇਹਨਤ ਤੋਂ ਬਾਅਦ ਵੀ ਦਿਨ-ਰਾਤ ਇੱਕ ਕਰਕੇ ਵੀ, ਹਾਲਤ ਉਸੇ ਤਰ੍ਹਾਂ ਦੀ ਕਿਉਂ ਹੈ ? ਇਹ ਅਹਿਸਾਸ ਫਿਰ ਉਸ ਨੂੰ ਕਿਸੇ ਦੈਵੀ ਸ਼ਕਤੀ ਵਿਚ ਵਿਸ਼ਵਾਸ ਕਰਨ ਲਈ ਭੁਲੇਖਾ ਪਾਏਗਾ ਹੀ। ਕਿਸਮਤ ਬਾਰੇ ਸੋਚਣ ਦੇ ਰਾਹ ਪਾਵੇਗਾ ਹੀ।

ਇਸ ਤਰ੍ਹਾਂ ਇਹ ਵਿਵਸਥਾ, ਵਿਅਕਤੀ ਦੀ ਆਪਣੇ ਆਪ 'ਤੇ ਯਕੀਨ ਕਰਨ ਦੀ ਕਾਬਲੀਅਤ ਨੂੰ ਖੋਰਾ ਲਗਾਉਂਦੀ ਹੈ, ਸਵੈ-ਭਰੋਸੇ ਨੂੰ ਕਮਜ਼ੋਰ ਕਰਦੀ ਹੈ। ਕਈ ਵਾਰੀ ਲੋਕ, ਪੱਕੇ ਇਰਾਦੇ ਨਾਲ ਤੁਰਨ ਦਾ ਯਤਨ ਵੀ ਕਰਦੇ ਹਨ ਤੇ ਇਹ ਵਿਸ਼ਵਾਸ ਜਦੋਂ ਵਾਰ-ਵਾਰ ਉਨ੍ਹਾਂ ਨੂੰ ਤੋੜਦਾ ਹੈ ਤਾਂ ਉਸ ਨੂੰ ਲਗਦਾ ਹੈ ਕਿ 'ਸੱਚੀ ਹੀ ਕਿਸਮਤ ਮਾੜੀ ਹੈ'।

ਮਾਰਕਸ ਇਸ ਹਾਲਤ ਨੂੰ ਇਸ ਤਰ੍ਹਾਂ ਸਮਝਾਉਂਦਾ ਹੈ ਕਿ ਧਰਮ ਉਸ ਬੰਦੇ ਦੀ ਆਤਮ ਚੇਤਨਾ ਤੇ ਆਤਮ ਸਨਮਾਨ ਹੈ, ਜਿਸ ਨੂੰ ਆਪਣੇ ਆਪ 'ਤੇ ਭਰੋਸਾ ਨਹੀਂ ਹੈ, ਜੋ ਆਪਣੇ ਆਪ 'ਤੇ ਜਿੱਤ ਹਾਸਿਲ ਨਹੀਂ ਕਰ ਸਕਿਆ, ਜੋ ਕਿ ਉਸ ਦੀ ਪਰਵਰਿਸ਼ ਦੌਰਾਨ ਉਸ ਨੂੰ ਸਿਖਾਇਆ ਹੀ ਨਹੀਂ ਗਿਆ ਜਾਂ ਉਹ ਹਰ ਹੀਲੇ, ਆਪਣੀ ਮੇਹਨਤ ਕਰਦਾ, ਅੱਗੇ ਵਧਦਾ ਹੋਇਆ, ਮੁੜਕੇ ਹਾਰ ਚੁੱਕਿਆ ਹੈ। ਇਸ ਤਰ੍ਹਾਂ ਮਾਰਕਸ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਧਰਮ ਤੋਂ ਛੁਟਕਾਰਾ ਆਪਣੇ ਆਪ 'ਤੇ ਜਿੱਤ ਹਾਸਿਲ ਕਰਨ ਵਿਚ ਹੈ। ਮਤਲਬ ਆਪਣੇ ਸਵੈ ਨੂੰ ਮਜਬੂਤ ਅਤੇ ਵਿਸ਼ਵਾਸੀ ਬਨਾਉਣਾ ਤੇ ਫਿਰ ਹਰ ਉਲਝਣ ਨੂੰ ਪਾਰ ਕਰਨਾ!

ਪੂੰਜੀਵਾਦ ਦੇ ਆਪਣੇ ਵਿਚਾਰ ਮੁਤਾਬਕ, ਮੁਨਾਫ਼ੇ

ਸਾਹਮਣੇ ਮਜਦੂਰੀ ਤੈਅ ਕਰਦਿਆਂ, ਇਹ ਧਿਆਨ ਰੱਖਿਆ ਗਿਆ ਕਿ ਏਨੀ ਕੁ ਦਿਹਾੜੀ ਤੈਅ ਹੋਵੇ ਕਿ ਮਹੀਨੇ ਦੇ ਵੀਹ-ਪੰਝੀ ਦਿਨ ਹੀ ਨਿਕਲਣ। ਆਖਰੀ ਪੰਜ-ਸੱਤ ਦਿਨ, ਮਿੰਨਤਾਂ ਤਰਲੇ, ਉਧਾਰ, ਏਧਰੋਂ-ਉਧਰੋਂ ਫੜ ਕੇ ਗੁਜਾਰਾ ਹੋਵੇ। ਬੱਚਿਆਂ ਦੀ ਪੜ੍ਹਾਈ ਨੂੰ ਲੈ ਕੇ ਜਾਂ ਕਿਸੇ ਬੀਮਾਰੀ ਦੇ ਝਟਕੇ ਵੇਲੇ, ਘਰ ਦੇ ਭਾਂਡੇ ਵੇਚਣ ਤੱਕ ਦੀ ਨੌਬਤ ਆ ਜਾਵੇ ਜਾਂ ਕੋਈ ਕਰਜ਼ਾ ਲੈਣਾ ਪਵੇ। ਇਹ ਸਭ ਕੁਝ ਇਸ ਹੱਦ ਤੱਕ ਚਲਾ ਜਾਵੇ ਤੇ ਜ਼ਿੰਦਗੀ ਦਾ ਰੋਜਮਰਾ ਦਾ ਹਿੱਸਾ ਹੋਵੇ ਕਿ ਰੱਬ ਦਾ ਖਿਆਲ, ਜ਼ਿੰਦਗੀ ਵਿਚੋਂ ਵਿਸਰੇ ਹੀ ਨਾ। ਬੰਦਾ ਪੱਥਰ ਨਾਲ ਸਿਰ ਮਾਰੇ ਤੇ ਆਪਣਾ ਹੀ ਸਿਰ ਪੜਵਾ ਕੇ, ਰੋਵੇ ਤੇ ਸ਼ਾਂਤ ਹੋ ਜਾਵੇ।

ਆਮ ਲੋਕਾਂ, ਮਜਦੂਰਾਂ ਦੀ ਮੇਹਨਤ ਨੂੰ, ਰੱਬ ਦੀ ਰਹਿਮਤ ਨਾਲ ਜੋੜਿਆ। 'ਮੇਹਨਤ ਤੇਰੀ, ਰਹਿਮਤ ਉਸ ਦੀ', ਕਹਿਣ ਤੋਂ ਭਾਵ ਤੂੰ ਜ਼ਿੰਨੀ ਮਰਜ਼ੀ ਮੇਹਨਤ ਕਰ ਲੈ, ਜਦ ਤਕ ਉਸ ਦੀ ਰਹਿਮਤ ਨਹੀਂ, ਸਵੱਲੀ ਨਜ਼ਰ ਨਹੀਂ, ਉਸ ਦੇ ਦਰਬਾਰ ਵਿਚ ਤੇਰੀ ਦੁਆ ਕਬੂਲ ਨਹੀਂ ਹੁੰਦੀ, ਕੁਝ ਵੀ ਸੰਵਰਨ ਵਾਲਾ ਨਹੀਂ। 'ਉਸ ਦੇ ਘਰ ਦੇਰ ਹੈ, ਹਨੇਰ ਨਹੀਂ ਹੈ', ਵਰਗੇ ਫਲਸਫੇ ਘੜੇ ਗਏ। ਇਸ ਤਰ੍ਹਾਂ ਦੀਆਂ ਗੱਲਾਂ ਸੱਚ ਵੀ ਜਾਪੀਆਂ ਜਦੋ ਆਸੇ-ਪਾਸੇ ਦੇਖਿਆ ਕਿ ਕਿਸੇ ਦੀ ਪਰਮੋਸ਼ਨ ਹੋ ਰਹੀ ਹੈ, ਕਿਸੇ ਦੇ ਬੱਚੇ ਨੂੰ ਚੰਗੇ ਕੋਰਸ ਵਿਚ ਦਾਖਲਾ ਮਿਲ ਰਿਹਾ ਹੈ, ਨੌਕਰੀ ਮਿਲ ਰਹੀ ਹੈ ਤੇ ਦੂਸਰੇ ਪਾਸੇ ਬਿਲਕੁਲ ਉਲਟ। ਉਹੀ ਅਸੁਰੱਖਿਆ ਅਤੇ ਅਨਿਸ਼ਚਿਤਤਾ ਦੀ ਭਾਵਨਾ ਦਾ ਲਗਾਤਾਰ ਬਣੇ ਰਹਿਣਾ।

ਇਸਦੇ ਨਾਲ ਹੀ ਨਾ ਬਰਾਬਰੀ ਦਾ ਮਹੌਲ। ਇਹ ਸਿਰਫ਼ ਪੈਸੇ/ਸਰਮਾਏ ਦੀ ਨਾ ਬਰਬਾਰੀ ਤੱਕ ਹੀ ਸੀਮਤ ਨਹੀਂ ਰੱਖਿਆ ਗਿਆ, ਧਰਮ-ਜਾਤ, ਖਿੱਤੇ ਬੋਲੀ, ਜਿੱਥੇ ਕਿਤੇ ਵੀ ਸੰਭਵ ਹੋਇਆ, ਭਾਈਚਾਰਕ ਸਾਂਝ ਨੂੰ ਬਣਾ ਕੇ ਰੱਖਣ ਦੀਆਂ ਕੋਸ਼ਿਸ਼ਾਂ 'ਤੇ ਹਮਲਾ ਹੋਇਆ। ਮਨੁੱਖ ਦੀ ਸਮਰੱਥਾ 'ਤੇ ਮਾਣ ਕਰਨ ਦੀ ਥਾਂ ਜਾਤ-ਬਰਾਦਰੀ ਦੀ ਸੁੱਚਤਾ ਅਤੇ ਸ੍ਰੇਸ਼ਟਤਾ 'ਤੇ ਮਾਣ ਕਰਨ ਨੂੰ ਉਭਾਰਿਆ। 'ਮਾਣ ਨਾਲ ਕਹੋ ਅਸੀਂ ..... ਹਾਂ, ਮਾਣ ਨਾਲ ਕਹੋ ਅਸੀਂ...', ਖਾਣ-ਪੀਣ, ਪਹਿਨਣ ਦੇ ਵਖਰੇਵਿਆਂ ਵਿੱਚ ਨਫ਼ਰਤ ਨੂੰ ਭਰਿਆ। ਪੂੰਜੀਵਾਦੀ ਨੂੰ ਏਕੇ ਤੋਂ ਪਰਹੇਜ ਹੀ ਨਹੀਂ ਹੈ, ਡਰ ਵੀ ਲਗਦਾ ਹੈ।

ਕਿਸੇ ਵੀ ਸਮੱਸਿਆ ਦਾ ਇਲਾਜ ਕਰਨਾ ਹੋਵੇ ਤਾਂ ਉਸ ਸਮੱਸਿਆ ਦੇ ਕਾਰਨ ਹੀ ਸਹੀ ਰਾਹ ਦਿਖਾ ਸਕਦੇ ਨੇ। ਜਦੋਂ ਹਰ ਸਮੱਸਿਆ, ਜ਼ਿੰਦਗੀ ਦੀ ਬਦਹਾਲੀ ਦਾ ਕਾਰਨ, ਕਿਸਮਤ, ਸਵੱਲੀ ਨਜ਼ਰ ਵਿੱਚ ਦੱਸਿਆ ਜਾਵੇ ਤਾਂ ਉਸ ਨੂੰ ਕਿਸੇ ਮੰਦਰ, ਮਸਜਿਦ, ਕਿਸੇ ਪੰਡਤ, ਪੁਜਾਰੀ, ਮੁੱਲੇ ਕੋਲ ਭੇਜਿਆ ਜਾਵੇਗਾ। ਅਖੌਤੀ ਰੱਬ ਜੋ ਕਿਸਮਤ ਲਿਖਦਾ ਹੈ ਤੇ ਪੰਡਤ ਮੁੱਲੇ ਇਨਸਾਫ ਦਿਵਾਉਣ ਦੇ, ਦੁਆ ਕਬੂਲ ਕਰਵਾਉਣ ਦੇ ਵਕੀਲ ਬਣ ਕੇ ਪੇਸ਼ ਹੁੰਦੇ ਹਨ। ਇਸ ਤਰ੍ਹਾਂ ਪੂੰਜੀਵਾਦ, ਧਰਮ ਦੀ ਸੱਤਾ ਨੂੰ ਵਧੀਆ-ਵਧੀਆ ਮੰਦਰਾਂ ਦਾ ਨਿਰਮਾਣ ਕਰਕੇ, ਸੋਨਾ-ਚਾਂਦੀ ਚੜ੍ਹਾ ਕੇ, ਲੰਗਰ ਲਵਾ ਕੇ, ਮੋਟੀ ਰਕਮ ਦਾ ਦਾਨ ਦੇ ਕੇ, ਏਨਾ ਸੰਸਥਾਵਾਂ ਨੂੰ ਜਿੰਦਾ ਰੱਖਣ ਵਿੱਚ ਮੁਹਰਲੀ ਭੂਮਿਕਾ ਅਦਾ ਕਰਦਾ ਹੈ।

ਇਸ ਲਈ ਧਰਮ ਵਿਰੁੱਧ ਸੰਘਰਸ਼, ਅਸਿੱਧੇ ਤੌਰ 'ਤੇ ਉਸ ਸੰਸਾਰ ਵਿਰੁੱਧ ਸੰਘਰਸ਼ ਹੈ, ਜਿਸ ਵਿੱਚ ਧਰਮ ਪੈਦਾ ਹੋਇਆ ਹੈ। ਧਰਮ ਆਦਮੀ ਨੂੰ ਵਕਤੀ ਤੌਰ 'ਤੇ ਅਸਲੀ ਅਮਲੀ ਜ਼ਿੰਦਗੀ ਦੇ ਦੁੱਖਾਂ ਨੂੰ ਭੁਲਾਉਣ ਲਈ, ਛੈਣੇ-ਚਿਮਟੇ ਖੜਕਾਉਣ ਲਈ ਕਹਿੰਦਾ ਹੈ, ਅੱਖਾਂ ਬੰਦ ਕਰਕੇ ਕੀਰਤਨ ਦਾ ਆਨੰਦ ਮਾਨਣ ਦੇ ਰਾਹ ਪਾਉਂਦਾ ਹੈ। ਇਸ ਲਈ ਮਾਰਕਸ ਧਰਮ ਨੂੰ ਅਫੀਮ ਕਹਿੰਦਾ ਹੈ। ਉਹ ਨਸ਼ਾ, ਜੋ ਦੀਨ ਦੁਨੀਆਂ, ਉਸ ਦੀਆਂ ਤਕਲੀਫਾਂ ਤੋਂ ਕਿਨਾਰਾ ਕਰਵਾ ਦਿੰਦਾ ਹੈ।

ਮਾਰਕਸ ਆਪਣੇ ਅਸਲੀ ਮੁੱਦੇ, ਮਜ਼ਦੂਰੀ ਦੀ ਬਦਤਰ ਹਾਲਤ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਤਹਿਤ, ਮਜ਼ਦੂਰ ਨੂੰ ਖਾਲੀ ਹੱਥਾਂ ਦੀ ਲਾਚਾਰੀ ਤੋਂ ਬਾਹਰ ਕੱਢਦਾ ਹੈ। ਉਹ ਮਜ਼ਦੂਰ ਨੂੰ ਉਸ ਦੇ 'ਚਮਤਕਾਰੀ' ਹੱਥਾਂ ਦੇ ਵਿਸ਼ਵਾਸ ਨਾਲ ਜੋੜਦਾ ਹੈ ਤੇ ਇਸ ਸੰਦਰਭ ਵਿੱਚ ਧਰਮ ਅਤੇ ਰੱਬ ਦਾ ਖੁਲਾਸਾ ਕਰਦਾ ਹੈ। ਮਾਰਕਸ ਨੇ ਆਪਣੀ ਵਿਆਖਿਆ ਵਿੱਚ ਕਿਹਾ, ਧਰਮ ਦੇ ਖਿਲਾਫ਼ ਬੋਲਣਾ, ਧਰਮ ਦੇ ਖਾਤਮੇ ਦੀ ਗੱਲ ਕਰਨਾ, ਇਸ ਅਫੀਮ ਦੇ ਨਸ਼ੇ ਤੋਂ ਮੁਕਤ ਹੋਣਾ, ਲੋਕਾਂ ਨੂੰ ਅਸਲੀ ਖੁਸ਼ੀ ਨਾਲ ਜੋੜਦਾ ਹੈ। ਧਰਮ ਤੋਂ ਮੁਕਤੀ, ਉਸ ਭਰਮ ਤੋਂ ਮੁਕਤੀ ਦੀ ਮੰਗ ਹੈ ਕਿ ਵਿਅਕਤੀ ਅਸਲੀ-ਅਮਲੀ ਜ਼ਿੰਦਗੀ ਵਿੱਚ ਜਿਉਣਾ ਲੋਚਦਾ ਹੈ। ਇਹ ਉਸ ਦੀ ਸੱਚੇ ਸੂਰਮੇ ਵਾਂਗ ਵਿਚਰਨ ਦੀ ਮੰਗ ਹੈ, ਜੋ ਬੇਬੱਸ, ਵਿਚਾਰਗੀ ਵਿੱਚ ਦਿਨ ਕਟੀ ਕਰ ਰਿਹਾ ਹੁੰਦਾ ਹੈ। ਜੋ ਸਵਰਗ ਦੇ ਭੁਲਾਵੇ ਵਿੱਚ ਆਪਣੀ ਬਦਹਾਲ ਜ਼ਿੰਦਗੀ ਨੂੰ ਹੋਣੀ ਸਮਝ ਕੇ ਜੀ ਰਿਹਾ ਹੁੰਦਾ ਹੈ।

**98158-08506**

ਹਰ ਰੋਜ਼, ਸੈਂਕੜੇ ਵਾਰ ਮੈਂ ਖ਼ੁਦ ਨੂੰ ਚੇਤਾ ਕਰਾਉਂਦਾ ਹਾਂ ਕਿ ਮੇਰਾ ਅੰਦਰੂਨੀ ਤੇ ਬਾਹਰੀ ਜੀਵਨ ਦੂਜੇ ਲੋਕਾਂ ਦੀ ਮਿਹਨਤ 'ਤੇ ਟਿਕਿਆ ਹੈ ਜਿੰਨ੍ਹਾਂ 'ਚੋਂ ਕਈ ਜਿਉਂਦੇ ਨੇ ਤੇ ਕਈ ਮਰ ਚੁੱਕੇ ਨੇ, ਤੇ ਇਹ ਵੀ ਕਿ ਮੈਂ ਵੀ ਸਮਾਜ ਨੂੰ ਓਸੇ ਤਰ੍ਹਾਂ ਮੋੜਨਾ ਹੈ ਜਿਸ ਤਰ੍ਹਾਂ ਹਾਸਲ ਕੀਤਾ ਹੈ ਤੇ ਕਰ ਰਿਹਾ ਹਾਂ।



**ਅਲਬਰਟ ਆਈਨਸਟਾਈਨ**

# ਕੁੰਡਲੀ ਮਿਲਾਉਣਾ

**ਸ਼ਾਹਨਵਾਜ**

ਲੜਕੇ-ਲੜਕੀ ਦੀਆਂ ਕੁੰਡਲੀਆਂ ਵਿਚ ਜੇਕਰ 36 ਗੁਣਾਂ ਵਿਚੋਂ ਸਾਰੇ ਗੁਣਾਂ ਦਾ ਮਿਲਾਨ ਹੋ ਜਾਵੇ ਤਾਂ ਕੀ ਇਸ ਦੀ ਕੋਈ ਗਰੰਟੀ ਹੈ ਕਿ ਵਿਆਹੁਤਾ ਜੀਵਨ ਖੁਸ਼ਹਾਲ ਰਹੇਗਾ ? ਜੇਕਰ ਅਜਿਹਾ ਨਾ ਹੋਇਆ ਤਾਂ ਇਸ ਵਿੱਚ ਕਿਸ ਦਾ ਦੋਸ਼ ਮੰਨਿਆ ਜਾਵੇਗਾ ? ਕੀ ਵਿਆਹ ਤੋਂ ਪਹਿਲਾਂ ਕੁੰਡਲੀ ਮਿਲਾਨ ਕਰਨਾ ਜ਼ਰੂਰੀ ਹੈ ?

ਸਾਲ ਸੀ ਜਨਵਰੀ 2018, ਜਦ ਰਾਜੀਵ ਦੇ ਵਿਆਹ ਦੇ ਲਈ ਥਾਂ-ਥਾਂ ਲੜਕੀ ਲੱਭਣ ਦੇ ਲਈ ਲੋਕਾਂ ਦੇ ਘਰ ਜਾਇਆ ਜਾ ਰਿਹਾ ਸੀ। ਉਸਦੇ ਘਰ ਵਾਲੇ ਅਜਿਹੀ ਲੜਕੀ ਦੀ ਖੋਜ ਵਿਚ ਸਨ ਜਿਹੜੀ ਸੁੰਦਰ ਹੋਵੇ, ਸਾਊ ਹੋਵੇ, ਘਰ ਬਾਰ ਦਾ ਕੰਮ ਕਰਨਾ ਆਉਂਦਾ ਹੋਵੇ, ਪੜ੍ਹੀ ਲਿਖੀ ਹੋਵੇ ਆਦਿ। ਖ਼ਾਨਦਾਨ ਦੇ ਪੰਡਤ ਬਹੁਤ ਮਿਹਨਤ ਨਾਲ ਲੜਕੀਆਂ ਦੇ ਰਿਸ਼ਤੇ ਦਾ ਪਤਾ ਕਰਦੇ ਰਹੇ।

ਅੰਤ ਵਿਚ ਕਾਫੀ ਲੱਭਣ ਦੇ ਬਾਅਦ ਅਜਿਹੀ ਲੜਕੀ ਮਿਲ ਹੀ ਗਈ ਜਿਸ ਨਾਲ ਰਾਜੀਵ ਦੀ ਕੁੰਡਲੀ ਦੇ 36 ਗੁਣਾਂ ਵਿਚੋਂ 32 ਗੁਣਾਂ ਦਾ ਮਿਲਾਣ ਹੋ ਗਿਆ। ਰਾਜੀਵ ਦੇ ਘਰ ਵਾਲੇ ਬਹੁਤ ਖੁਸ਼ ਹੋਏ ਅਤੇ ਛੇਤੀ ਹੀ ਲੜਕੀ ਵਾਲਿਆਂ ਨੂੰ ਮਿਲ ਕੇ ਰਿਸ਼ਤੇ ਦੀ ਗੱਲ ਵੀ ਪੱਕੀ ਕਰ ਆਏ। ਅਪਰੈਲ ਤੱਕ ਆਉਂਦੇ-ਆਉਂਦੇ ਰਾਜੀਵ ਦਾ ਵਿਆਹ ਹੋ ਗਿਆ।

ਰਾਜੀਵ ਅਤੇ ਕਲਪਨਾ ਦੇ ਵਿਆਹ ਦੇ ਕੁੱਝ ਮਹੀਨੇ ਹਾਲੇ ਹੋਏ ਵੀ ਨਹੀਂ ਸਨ ਕਿ ਉਹਨਾਂ ਦੇ ਵਿਚ ਛੋਟੀਆਂ-ਮੋਟੀਆਂ ਗੱਲਾਂ ਨੂੰ ਲੈ ਕੇ ਅਣਬਣ ਹੋਣੀ ਸ਼ੁਰੂ ਹੋ ਗਈ। ਜਿਵੇਂ-ਕਿਵੇਂ ਰਾਜੀਵ ਕਲਪਨਾ ਦੇ ਵਿਆਹ ਨੂੰ 7-8 ਮਹੀਨੇ ਲੰਘ ਗਏ। ਉਹਨਾਂ ਦਾ ਕੋਈ ਵੀ ਦਿਨ ਅਜਿਹਾ ਨਹੀਂ ਲੰਘਦਾ ਸੀ। ਜਦ ਉਹ ਝਗੜਾ ਨਾ ਕਰਦੇ। ਸਾਲ 2019 ਦੇ ਸ਼ੁਰੂਆਤ ਵਿੱਚ ਹੀ ਉਹ ਦੋਵੇਂ ਇਕ ਦੂਜੇ ਤੋਂ ਐਨੇ ਪ੍ਰੇਸ਼ਾਨ ਹੋ ਗਏ ਕਿ ਉਹਨਾਂ ਦੋਹਾਂ ਨੇ ਹੀ ਆਪਣੇ ਪਰਿਵਾਰ ਦੀ ਗੱਲ ਨਾ ਮੰਨਦੇ ਹੋਏ ਇਕ ਦੂਜੇ ਨੂੰ ਤਲਾਕ ਦੇਣ ਦਾ ਫੈਸਲਾ ਕਰ ਲਿਆ ਅਤੇ ਅਪਰੈਲ 2019 ਦੇ ਆਉਂਦੇ-ਆਉਂਦੇ ਉਹ ਦੋਵੇਂ ਕਾਨੂੰਨੀ ਢੰਗ ਨਾਲ ਇਕ ਦੂਜੇ ਤੋਂ ਅੱਡ ਹੋ ਗਏ।

**ਕੀ ਹੈ ਕੁੰਡਲੀ ਮਿਲਾਨ** : ਇਹ ਝੂਠਾ ਦਾਅਵਾ ਕੀਤਾ ਜਾਂਦਾ ਹੈ ਕਿ ਕੁੰਡਲੀ ਤੁਹਾਡੀ ਊਰਜਾ ਪ੍ਰਣਾਲੀ ਅਤੇ ਉਸ ਉੱਤੇ ਗ੍ਰਹਿਆਂ ਦੀ ਪ੍ਰਣਾਲੀ ਦੇ ਪ੍ਰਭਾਵਾਂ ਦਾ ਵਰਣਨ ਕਰਦੀ ਹੈ। ਵਿਆਹ ਦੇ ਸਮੇਂ ਲੜਕੇ ਅਤੇ ਲੜਕੀ ਦੀਆਂ ਜਨਮ ਕੁੰਡਲੀਆਂ ਨੂੰ ਮਿਲਾ ਕੇ ਦੇਖਿਆ ਜਾਂਦਾ ਹੈ। ਕੁੰਡਲੀ ਮਿਲਾਨ ਦੀ ਇਸ ਵਿਧੀ ਵਿੱਚ ਅਖੌਤੀ 36 ਗੁਣ ਹੁੰਦੇ ਹਨ। ਵਿਆਹ ਦੀ ਅਖੌਤੀ ਮਾਨਤਾ ਦੇ ਲਈ 36 ਗੁਣਾਂ ਵਿਚੋਂ ਘੱਟ ਤੋਂ ਘੱਟ 18 ਗੁਣਾਂ ਦਾ ਮਿਲਾਨ ਹੋਣਾ ਚਾਹੀਦਾ ਹੈ। ਕੁੰਡਲੀ ਮਿਲਾਨ ਤਾਂ ਕੀ ਜੋਤਿਸ਼ ਹੀ ਵਿਗਿਆਨ ਨਹੀਂ ਹੈ।

**ਕਿਉਂ ਬਣ ਗਿਆ ਜ਼ਰੂਰੀ** : ਜੇਕਰ ਅਸੀਂ ਕੁੰਡਲੀ ਮਿਲਾਨ ਪ੍ਰਥਾ ਨੂੰ ਅਤੇ ਇਸ ਦੀ ਪ੍ਰੀਕ੍ਰਿਆ ਨੂੰ ਧਿਆਨ ਨਾਲ ਅਧਿਐਨ ਕਰੀਏ ਤਾਂ ਦੇਖਾਂਗੇ ਕਿ ਇਸ ਮਿਲਾਨ ਦੇ 36 ਗੁਣਾਂ ਵਿੱਚ ਸਭ ਤੋਂ ਮਹੱਤਵਪੂਰਨ ਗੁਣ (ਜਿਸ ਨੂੰ ਗੁਣ ਨਹੀਂ ਮੰਨਿਆ ਜਾਣਾ ਚਾਹੀਦਾ) ਵਰਣ ਕੂਟ ਹੈ। ਵਰਣ ਕੂਟ ਤੋਂ ਮਤਲਬ ਵਰਣ ਵਿਵਸਥਾ ਤੋਂ ਹੈ। ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ। ਇਹਨਾਂ ਹੀ ਵਰਣਾਂ ਤੋਂ ਜਾਤਾਂ ਦੀ ਉੱਨਤੀ ਹੁੰਦੀ ਹੈ ਅਤੇ ਹੋਰ ਤਾਂ ਹੋਰ, ਵਰਣ ਕੂਟ ਨੂੰ ਕੁੰਡਲੀ ਮਿਲਾਨ ਦੀ ਪ੍ਰੀਕ੍ਰਿਆ ਵਿੱਚ ਸਭ ਤੋਂ ਪਹਿਲੀ ਥਾਂ ਦਿੱਤੀ ਗਈ ਹੈ।

ਕੁੰਡਲੀ ਮਿਲਾਨ ਦੀ ਇਹ ਪ੍ਰੀਕ੍ਰਿਆ ਸਮਾਜ ਵਿੱਚ ਤਦ ਤੋਂ ਹੀ ਚਲਦੀ ਆ ਰਹੀ ਹੈ ਜਦ ਤੋਂ ਭਾਰਤੀ ਸਮਾਜ ਵਿੱਚ ਜਾਤੀ ਵਿਵਸਥਾ/ਜਾਤੀ ਪ੍ਰਬੰਧ ਦੀ ਉੱਨਤੀ ਹੋਈ। ਪੁਰਾਣੇ ਸਮੇਂ ਵਿੱਚ ਕੁੰਡਲੀ ਮਿਲਾਨ ਦੀ ਲੋੜ ਸਿਰਫ਼ ਬਿਹਤਰ ਸਾਥੀ ਦੀ ਭਾਲ ਦੇ ਲਈ (ਜਿਸ ਦੀ ਕੋਈ ਗਾਰੰਟੀ ਹਾਲੇ ਵੀ ਨਹੀਂ ਹੈ) ਨਹੀਂ, ਸਗੋਂ ਜਾਤੀ ਵਿਵਸਥਾ ਕਾਇਮ ਰੱਖਣ ਦੇ ਲਈ ਸੀ।

ਭਾਰਤ ਵਿੱਚ ਜਾਤੀ ਵਿਵਸਥਾ ਨੇ ਸਮਾਜ ਨੂੰ ਹਮੇਸ਼ਾ ਵੰਡ ਕੇ ਰੱਖਿਆ ਹੈ। ਉਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਸਮਾਜ ਵਿੱਚ ਕੁੱਝ ਲੋਕਾਂ ਦੇ ਕੋਲ ਹੀ ਸਭ ਤੋਂ ਵੱਧ ਸਾਧਨ ਅਤੇ ਸਭ ਤੋਂ ਵੱਧ ਹੱਕਾਂ/ਅਧਿਕਾਰਾਂ ਨੂੰ ਆਪਣੇ ਹੱਥਾਂ ਵਿਚ ਬਣਾਈ ਰੱਖਣਾ ਸੀ ਅਤੇ ਇਹ ਸਭ ਸਮਾਜ ਵਿਚ ਬਿਨ੍ਹਾਂ ਧਰਮ ਦੇ ਲਾਗੂ ਕਰਨਾ ਸੰਭਵ ਹੀ ਨਹੀਂ ਸੀ। ਮੁੱਠੀਭਰ ਲੋਕ, ਜਿਹਨਾਂ ਦੇ ਹੱਥਾਂ ਵਿੱਚ ਸਾਧਨਾਂ ਅਤੇ ਹੱਕਾਂ ਦਾ ਕੇਂਦਰੀਕਰਨ ਹੋ ਗਿਆ, ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸਭ ਕੁੱਝ ਦੇਣਾ ਚਾਹੁੰਦੇ ਸਨ।

ਇਸੇ ਕਾਰਨ ਉਹਨਾਂ ਨੇ ਸਮਾਜ ਵਿਚ ਲੋਕਾਂ ਦੇ ਪੇਸ਼ੇ/ਕੰਮ ਧੰਦੇ ਦੇ ਅਨੁਸਾਰ ਉਹਨਾਂ ਨੂੰ ਵੰਡ ਦਿੱਤਾ। ਕਿਸੇ ਦੂਜੀ ਜਾਤ ਦਾ ਵਿਅਕਤੀ ਕਿਸੇ ਹੋਰ ਜਾਤ ਦੇ ਨਾਲ ਸੰਬੰਧ ਨਾ ਬਣਾ ਲਏ, ਇਸ ਲਈ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਇਹ ਸਿਰਫ਼ ਸੰਬੰਧ ਬਣਾਉਣ ਦੀ ਗੱਲ ਨਹੀਂ ਸੀ, ਸਗੋਂ ਇਕ ਜਾਤੀ ਦਾ ਖ਼ੂਨ ਦੂਜੀ ਜਾਤੀ ਵਿੱਚ

ਮਿਸ਼ਰਤ ਨਾ ਹੋ ਜਾਵੇ, ਇਸ ਦੇ ਉੱਪਰ ਕੰਟਰੋਲ ਕਰਨ ਦੇ ਲਈ ਉਹਨਾਂ ਵਾਸਤੇ ਕੁੰਡਲੀ ਮਿਲਾਨ ਦੀ ਪ੍ਰਥਾ ਸਭ ਤੋਂ ਮਹੱਤਵਪੂਰਨ ਸੀ।

ਅੱਜ ਦੇ ਸਮੇਂ ਵਿਚ ਵੀ ਵਿਆਹ ਤੋਂ ਪਹਿਲਾਂ ਕੁੰਡਲੀ ਮਿਲਾਨ ਦੀ ਇਹ ਪ੍ਰਥਾ ਆਮ ਘਰਾਂ ਵਿੱਚ ਬੇਹੱਦ ਆਮ ਹੈ। ਭਾਵੇਂ ਲੜਕੇ ਦੇ ਲਈ ਲੜਕੀ ਲੱਭਣੀ ਹੋਵੇ ਜਾਂ ਫੇਰ ਲੜਕੀ ਦੇ ਲਈ ਲੜਕਾ, ਕੁੰਡਲੀ ਵਿੱਚ ਜਦ ਤੱਕ 18 ਗੁਣ ਨਹੀਂ ਮਿਲ ਜਾਂਦੇ ਤਦ ਤੱਕ ਵਿਆਹ ਦੇ ਲਈ ਮੰਜ਼ੂਰੀ ਨਹੀਂ ਮਿਲਦੀ ਹੈ ਅਤੇ ਕੁੰਡਲੀ ਮਿਲਾਨ ਦੀ ਇਹ ਪ੍ਰਥਾ, ਪੜ੍ਹਾਈ-ਲਿਖਾਈ ਤੋਂ ਵਾਂਝੇ ਲੋਕਾਂ ਦੇ ਨਾਲ-ਨਾਲ ਚੰਗੇ ਪੜ੍ਹੇ ਲਿਖੇ ਲੋਕ ਵੀ ਆਪਣੇ ਵਿਆਹ ਦੇ ਲਈ ਯੋਗ ਵਰ ਦੀ ਭਾਲ ਲਈ ਵਰਤੋਂ ਕਰਦੇ ਹਨ।

**ਸਫ਼ਲ ਹੋਣ ਦੀ ਨਹੀਂ ਹੈ ਗਾਰੰਟੀ** : ਕਿਉਂਕਿ ਜੋਤਿਸ਼ ਕਿਸੇ ਤਰ੍ਹਾਂ ਦਾ ਕੋਈ ਵਿਗਿਆਨ ਨਹੀਂ ਹੈ, ਇਸ ਲਈ ਇਸ ਦੇ ਇੱਕ ਹਿੱਸੇ ਭਾਵ ਕਿ ਕੁੰਡਲੀ ਮਿਲਾਨ ਦਾ ਵੀ ਕਿਸੇ ਤਰ੍ਹਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਕੁੰਡਲੀ ਪ੍ਰਥਾ ਵਿੱਚ ਗ੍ਰਹਿਆਂ ਅਤੇ ਨੱਛਤਰਾਂ ਦੇ ਮੇਲ ਜਾਂ ਅਮੇਲ ਨਾਲ ਕਿਸੇ ਵਿਅਕਤੀ ਦੇ ਲਈ ਕੌਣ ਯੋਗ ਹੈ ਅਤੇ ਕੌਣ ਨਹੀਂ, ਇਸ ਦਾ ਗੈਰ ਵਿਗਿਆਨਕ ਆਂਕਲਨ ਕਰਨ ਦੀ ਨਾਟਕੀ ਖੇਡ ਕੀਤੀ ਜਾਂਦੀ ਹੈ।

ਇੱਕ ਰਵੀ ਦੇ ਵਿਆਹ ਦਾ ਕਿੱਸਾ ਹੈ। ਕਾਲਜ ਦੇ ਦਿਨਾਂ ਵਿੱਚ ਰਵੀ ਦਾ ਕਾਲਜ ਵਿੱਚ ਇਕ ਲੜਕੀ ਨਾਲ ਪਿਆਰ ਹੋ ਗਿਆ। ਲੜਕੀ ਦਾ ਨਾਂ ਬੁਸ਼ਰਾ ਹਸਨ ਸੀ। ਬੁਸ਼ਰਾ ਅਤੇ ਰਵੀ ਨੇ ਆਪਣੇ ਘਰ ਵਿੱਚ ਇੱਕ ਦੂਜੇ ਦੇ ਬਾਰੇ ਵਿੱਚ ਦੱਸਿਆ। ਪਰ ਕੋਈ ਗੱਲ ਨਹੀਂ ਬਣੀ। ਅੰਤ ਵਿੱਚ ਰਵੀ ਅਤੇ ਬੁਸ਼ਰਾ ਨੇ ਕਾਨੂੰਨੀ ਢੰਗ ਨਾਲ ਕੋਰਟ ਵਿਚ ਜਾ ਕੇ ਵਿਆਹ ਕਰ ਲਿਆ। ਹੁਣੇ-ਹੁਣੇ ਉਹਨਾਂ ਨਾਲ ਮੁਲਾਕਾਤ ਹੋਈ ਤਾਂ ਉਹ ਇਕ ਦੂਜੇ ਦੇ ਨਾਲ ਬੇਹੱਦ ਖੁਸ਼ ਨਜ਼ਰ ਆਏ।

ਅੱਜਕੱਲ੍ਹ ਇਹਨਾਂ ਵਿਆਹਾਂ ਨੂੰ ਰੋਕਣ ਦੇ ਲਈ ਲਵ ਜਿਹਾਦ ਦਾ ਨਾਅਰਾ ਦਿੱਤਾ ਜਾ ਰਿਹਾ ਹੈ ਤਾਂ ਜੋ ਧਾਰਮਿਕ ਭੇਦਭਾਵ ਦੀਆਂ ਲਕੀਰਾਂ ਨੂੰ ਉੱਚੀਆਂ ਕੰਧਾਂ ਵਿੱਚ ਬਦਲਿਆ ਜਾ ਸਕੇ।

ਉਦਾਹਰਣ ਲਈ ਰਵੀ ਅਤੇ ਬੁਸ਼ਰਾ ਦੀ ਜੋੜੀ ਨੂੰ ਹੀ ਲੈ ਲਵੋ। ਜੇਕਰ ਅਸੀਂ ਨਾਂ ਤੋਂ ਦੋਹਾਂ ਦੇ ਧਰਮ ਦਾ ਅੰਦਾਜ਼ਾ ਲਗਾਈਏ ਤਾਂ ਰਵੀ ਹਿੰਦੂ ਧਰਮ ਤੋਂ ਹੈ ਅਤੇ ਬੁਸ਼ਰਾ ਮੁਸਲਿਮ ਧਰਮ ਨੂੰ ਸਬੰਧ ਰੱਖਦੀ ਹੈ। ਇਸ ਹਿਸਾਬ ਤੋਂ ਤਾਂ ਰਵੀ ਦਾ ਮੇਲ ਕਿਸੇ ਵੀ ਤਰੀਕੇ ਬੁਸ਼ਰਾ ਦੇ ਨਾਲ ਹੋਣਾ ਹੀ ਨਹੀਂ ਚਾਹੀਦਾ। ਪ੍ਰੰਤੂ ਸੱਚਾਈ ਕੁੱਝ ਹੋਰ ਹੀ ਬਿਆਨ ਕਰਦੀ ਨਜ਼ਰ ਆ ਰਹੀ ਹੈ ਕਿ ਦੋਵੇਂ ਹੀ ਇਕ ਦੂਜੇ ਦੇ ਨਾਲ ਬੇਹੱਦ ਖ਼ੁਸ਼ ਹਨ।

ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਵਿੱਚੋਂ ਕਈ ਅਜਿਹੇ ਹਨ ਜਿਹਨਾਂ ਨੇ ਖ਼ੁਦ ਅਤੇ ਉਹਨਾਂ ਦੇ ਬੱਚਿਆਂ ਨੇ ਦੂਜੇ ਧਰਮਾਂ ਦੇ ਨਾਲ ਵਿਆਹ ਕੀਤਾ ਅਤੇ ਉਹਨਾਂ ਦੇ ਵਿਆਹ ਵੀ ਸਫ਼ਲ ਰਹੇ।

ਅੱਜ ਦੇ ਸਮਾਜ ਵਿੱਚ ਜੋਤਿਸ਼, ਜਨਮ-ਕੁੰਡਲੀ/ ਟੇਵਾ ਆਦਿ ਉੱਤੇ ਭਰੋਸਾ ਕਰਨਾ ਆਪਣੇ ਆਪ ਨੂੰ ਸਮੇਂ ਵਿੱਚ ਪਿੱਛੇ ਧੱਕਣ ਵਰਗਾ ਹੈ। ਜੇ ਦੁਨੀਆਂ ਵਿੱਚ ਵਿਗਿਆਨ ਤੇਜੀ ਨਾਲ ਉੱਨਤੀ ਦੇ ਰਸਤੇ ਉੱਤੇ ਹੈ ਤਾਂ ਕੁੱਝ ਲੋਕ ਦੂਜੇ ਪਾਸੇ ਧਰਮ ਦੀ ਐਨਕ ਲਗਾ ਕੇ ਕੀ ਇਸ ਨੂੰ ਪਿੱਛੇ ਧੱਕਣ ਦਾ ਕੰਮ ਨਹੀਂ ਕਰ ਰਹੇ ਹਨ ?

ਕਹਿੰਦੇ ਹਨ ਕਿ ਮੁਸਲਮਾਨਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਜਾਤੀ ਨਹੀਂ ਹੁੰਦੀ ਸਭ ਬਰਾਬਰ ਹੁੰਦੇ ਹਨ ਆਦਿ। ਮੁਸਲਿਮ ਸਮੂਹ ਵਿੱਚ ਜਾਤੀ ਹੁੰਦੀ ਹੈ ਕਿ ਨਹੀਂ, ਇਹ ਜਾਣਨ ਦੇ ਲਈ ਸਭ ਤੋਂ ਸਿੱਧਾ ਅਤੇ ਆਸਾਨ ਤਰੀਕਾ ਇੰਟਰਨੈੱਟ ਉੱਤੇ ਸਰਚ ਕਰਨਾ ਹੈ। ਇੰਟਰਨੈੱਟ ਖੋਲ੍ਹੋ। ਗੂਗਲ ਉੱਤੇ ਮੁਸਲਿਮ ਮੈਟਰੀਮੋਨੀਅਲ ਟਾਈਪ ਕਰੋ। ਕਿਸੇ ਵੀ ਇਕ ਵੈਬਸਾਇਟ ਉੱਤੇ ਵਿਜਿਟ ਕਰੋ। ਸ਼ੇਖ, ਸਿੱਦੀਕੀ, ਅਨਵਰ, ਆਰਿਫ਼, ਮਲਿਕ, ਅਲੀ ਆਦਿ ਕਰ ਕੇ ਤੁਹਾਨੂੰ ਮੁਸਲਮਾਨਾਂ ਵਿੱਚ ਜਾਤਾਂ ਦੀ ਇਕ ਲੰਬੀ ਸੂਚੀ ਦੇਖਣ ਨੂੰ ਮਿਲ ਜਾਵੇਗੀ।

ਭਾਵੇਂ, ਮੁਸਲਿਮ ਧਰਮ ਵਿੱਚ ਕੁੰਡਲੀ ਮਿਲਾਨ ਵਰਗੀ ਪ੍ਰੀਕ੍ਰਿਆ ਨਹੀਂ ਮੰਨੀ ਜਾਂਦੀ ਹੈ ਪਰ ਜਾਤ ਦਾ ਧਿਆਨ ਤਾਂ ਇੱਥੇ ਵੀ ਰੱਖਿਆ ਜਾਂਦਾ ਹੈ। ਮੁਸਲਿਮ ਸਮੂਹ ਵਿੱਚ ਰੋਹਬਦਾਬ ਵਾਲੇ ਮੰਨੇ ਜਾਣ ਵਾਲੇ (ਮੁਗ਼ਲ, ਪਠਾਨ, ਸੈਯਦ, ਸ਼ੇਖ ਆਦਿ) ਨਹੀਂ ਚਾਹੁੰਦੇ ਕਿ ਉਹਨਾਂ ਦਾ ਵਿਆਹ ਪਿਛੜੇ ਮੰਨੇ ਜਾਣ ਵੇਲੇ (ਅੰਸਾਰੀ, ਨਾਈ, ਸਿੱਦੀਕੀ, ਜੁਲਾਹਾ ਆਦਿ) ਦੇ ਘਰ ਵਿਚ ਹੋਵੇ ਭਾਵੇਂ ਆਰਥਕ ਅਤੇ ਸਿੱਖਿਆ ਹਾਲਤ ਇੱਕੋ ਜਿਹੀ ਹੋਵੇ।

ਕੁੱਝ ਅਜਿਹਾ ਹੀ ਸਿੱਖ ਫਿਰਕੇ ਦਾ ਵੀ ਹਾਲ ਹੈ। ਇੱਥੇ ਵੀ ਗੋਤਾਂ ਦੇ ਆਧਾਰ ਤੇ ਛੋਟਾ-ਵੱਡਾ ਸਮਝਿਆ ਜਾਂਦਾ ਹੈ।

ਸਮਾਂ ਵਿਗਿਆਨ ਦਾ ਹੈ, ਨਾ ਕਿ ਧਾਰਮਿਕ ਅੰਧਵਿਸ਼ਵਾਸ ਅਤੇ ਵਹਿਮਾਂ-ਭਰਮਾਂ ਦਾ। ਆਪਣੇ ਬੱਚਿਆਂ ਨੂੰ ਇੱਕ ਵਧੀਆ ਭਵਿੱਖ ਦਿਓ। ਵਿਆਹ ਲਈ ਚੋਣ ਦਾ ਆਧਾਰ ਵਿਦਿਅਕ ਯੋਗਤਾ, ਸਮਾਜਿਕ ਗੁਣ, ਵਿਚਾਰਾਂ ਦੀ ਸੁਮੇਲਤਾ ਆਦਿ ਹੋਣਾ ਚਾਹੀਦਾ, ਨਾ ਕਿ ਧਰਮ, ਜਾਤ ਜਾਂ ਕੋਈ ਹੋਰ ਗ਼ੈਰ ਮਨੁੱਖੀ ਗੱਲ।



**ਅਨੁਵਾਦਕ : ਪਵਨ ਕੁਮਾਰ ਰੱਤੋ**
94173-71455

# ਮਹਿੰਗੇ ਬਰਾਂਡ



**ਸ਼ਿਵਾਨੀ**

ਵੱਡੇ ਸ਼ਾਪਿੰਗ ਮਾਲਾਂ ਦੀ ਸ਼ਾਨੋ-ਸ਼ੌਕਤ ਹੋਰ ਹੀ ਹੁੰਦੀ ਹੈ। ਰੰਗ-ਬਿਰੰਗੀਆਂ ਰੌਸ਼ਨੀਆਂ ਨਾਲ ਚਮਕਦੀਆਂ-ਦਮਕਦੀਆਂ ਉੱਚੀਆਂ ਇਮਾਰਤਾਂ ਅੰਦਰ ਕਦਮ ਰੱਖਦਿਆਂ ਹੀ ਅਲੱਗ-ਅਲੱਗ ਮਹਿੰਗੇ ਬ੍ਰਾਂਡਾਂ ਦੀਆਂ ਅੱਖਾਂ ਨੂੰ ਚੁੰਧਿਆਉਂਦੀਆਂ ਦੁਕਾਨਾਂ, ਜਿੱਥੇ ਜਾ ਕੇ ਗਰੀਬ ਕੱਪੜੇ ਦੇਖਣ ਤੇ ਠੀਕ-ਠਾਕ ਮੱਧਵਰਗ ਦੇ ਲੋਕ ਕੱਪੜੇ ਖਰੀਦਣ ਦੀ ਹੈਸੀਅਤ ਵੀ ਨਹੀਂ ਰੱਖਦੇ, ਜਿੱਥੇ ਕੱਪੜਿਆਂ 'ਤੇ ਲੱਗੀਆਂ ਕੀਮਤਾਂ ਸਾਡਾ ਮੂੰਹ ਚਿੜਾਉਂਦੀਆਂ ਹਨ। ਪਰ ਇਹ ਸਾਰੀ ਚਮਕ-ਦਮਕ, ਵੱਡੀਆਂ-ਵੱਡੀਆਂ ਸ਼ੀਸ਼ਿਆਂ ਵਾਲੀਆਂ ਦੁਕਾਨਾਂ, ਸ਼ੀਸ਼ਿਆਂ 'ਚੋਂ ਝਾਕਦੇ ਰੰਗ-ਬਰੰਗੇ ਸੋਹਣੇ-ਸੁਨੱਖੇ ਕੱਪੜੇ ਇੱਕ ਪਰਦਾ ਹਨ- ਉਹ ਸਾਰੀ ਲੁੱਟ, ਜਬਰ ਅਤੇ ਅਨਿਆ ਨੂੰ ਢਕਣ ਦਾ, ਲੁਕਾਉਣ ਦਾ ਪਰਦਾ, ਜਿਸ ਹੇਠ ਇਨ੍ਹਾਂ ਕੱਪੜਿਆਂ ਨੂੰ ਬਣਾਉਣ ਵਾਲਿਆਂ ਦੇ ਸਰੀਰਾਂ 'ਚੋਂ ਰੱਤ ਚੂਸ ਕੇ ਇਨ੍ਹਾਂ ਮਹਿੰਗੇ ਕੱਪੜਿਆਂ ਨੂੰ ਰੰਗ ਦਿੱਤੇ ਜਾਂਦੇ ਹਨ।

ਵੱਡੇ-ਵੱਡੇ ਬ੍ਰਾਂਡ ਜਿਵੇਂ 'ਮਾਕ ਐਂਡ ਸਪੈਂਸਰ', 'ਟੈਸਕੋ ਤੇ ਸੈਂਸਵਰੀਜ਼' ਤੇ ਫੈਸ਼ਨ ਬ੍ਰਾਂਡ 'ਰੌਲਫ ਲੌਰੇਨ' (ਇਸ ਬ੍ਰਾਂਡ ਦੇ ਕੱਪੜਿਆਂ ਦੀ ਕੀਮਤ ਲੱਖਾਂ ਵਿਚ ਹੈ) ਨੂੰ ਸਪਲਾਈ ਕਰਨ ਵਾਲੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਕਾਮੇ ਜਬਰਦਸਤ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੀਆਂ ਔਰਤ ਕਾਮਿਆਂ ਨੇ ਦੱਸਿਆ - "ਅਸੀਂ ਲਗਾਤਾਰ ਕੰਮ ਕਰਦੇ ਹਾਂ। ਅਕਸਰ ਰਾਤ ਭਰ। ਤੇ ਕਰੀਬ ਤੜਕੇ ਤਿੰਨ ਵਜੇ ਸੌਂਦੇ ਹਾਂ। ਤੇ ਫਿਰ ਪੰਜ ਵਜੇ ਉੱਠ ਜਾਂਦੇ ਹਾਂ ਤੇ ਪੂਰਾ ਦਿਨ ਕੰਮ ਕਰਦੇ ਹਾਂ!"

"ਸਾਨੂੰ ਬਾਥਰੂਮ ਜਾਣ ਲਈ ਤੇ ਪਾਣੀ ਪੀਣ ਲਈ ਵੀ ਸਮਾਂ ਨਹੀਂ ਦਿੱਤਾ ਜਾਂਦਾ। ਬੱਸ ਮੁਸ਼ਕਲ ਨਾਲ਼ ਹੀ ਖਾਣੇ ਲਈ ਸਮਾਂ ਦਿੱਤਾ ਜਾਂਦਾ ਹੈ ਤੇ ਉਸ ਵਿੱਚ ਵੀ ਮੈਨੇਜਰ ਸਾਡੇ ਸਿਰਾਂ 'ਤੇ ਖੜ੍ਹਾ ਰਹਿੰਦਾ ਹੈ ਤੇ ਖਾਣਾ ਖਾਂਦੇ ਸਾਰ ਹੀ ਕੰਮ 'ਤੇ ਵਾਪਸ ਪਹੁੰਚਣ ਲਈ ਸੀਟੀ ਵਜਾ ਦਿੱਤੀ ਜਾਂਦੀ ਹੈ।"

"ਮਜ਼ਦੂਰਾਂ, ਮੁਲਾਜ਼ਮਾਂ ਨੂੰ ਓਵਰਟਾਈਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਤੇ ਵਾਧੂ ਕੰਮ ਖਤਮ ਹੋਣ ਤੱਕ ਘਰ ਜਾਣ ਤੋਂ ਰੋਕਿਆ ਜਾਂਦਾ ਹੈ। ਸਾਨੂੰ ਵੱਧ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਮਨ੍ਹਾਂ ਕਰਨ 'ਤੇ ਉਹ ਸਾਡੇ 'ਤੇ ਚੀਕਦੇ ਹਨ ਤੇ ਸਾਨੂੰ ਕੰਮ ਤੋਂ ਕੱਢਣ ਦੀਆਂ ਧਮਕੀਆਂ ਦਿੰਦੇ ਹਨ, ਸਾਨੂੰ ਡਰ ਲੱਗਦਾ ਹੈ, ਅਸੀਂ ਕੰਮ ਨਹੀਂ ਗੁਆਉਣਾ ਚਾਹੁੰਦੇ।"

"ਸਾਡੇ ਮਾਲਕਾਂ ਨੂੰ ਸਾਡੀ ਕੋਈ ਪ੍ਰਵਾਹ ਨਹੀਂ, ਉਨ੍ਹਾਂ ਨੂੰ ਸਿਰਫ ਪੈਦਾਵਾਰ ਤੋਂ ਮਤਲਬ ਹੈ।"

ਇਹ ਇਕਬਾਲਨਾਮੇ ਮਹਿੰਗੇ ਬ੍ਰਾਂਡ ਦੇ ਕੱਪੜਿਆਂ ਨੂੰ ਬਣਾਉਣ ਵਾਲ਼ੇ ਮਜ਼ਦੂਰਾਂ ਦੀ ਜ਼ਮੀਨੀ ਹਾਲਤ ਦੀ ਪੇਸ਼ਕਾਰੀ ਕਰਦੇ ਸਨ।

ਰੌਲਫ ਲੌਰੇਨ ਦੀ 2020 'ਗਲੋਬਲ ਸਿਟੀਜ਼ਨ ਐਂਡ ਸਸਟੇਨਬਿਲਟੀ' ਰਿਪੋਰਟ ਮੁਤਾਬਕ "ਕੰਪਨੀ ਪੈਦਾਵਾਰ ਵਿੱਚ ਲੱਗੇ ਕਾਮਿਆਂ ਨੂੰ ਇੱਜ਼ਤ ਤੇ ਸਨਮਾਨ ਵਾਲ਼ੀ ਜ਼ਿੰਦਗੀ ਦੇਣ ਲਈ ਵਚਨਬੱਧ ਹੈ।", ਰਿਪੋਰਟ ਵਿੱਚ ਇਹ ਵੀ ਸ਼ਾਮਲ ਹੈ ਕਿ "ਕਾਮੇ ਨੂੰ ਵਾਧੂ ਘੰਟੇ ਕੰਮ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ ਤੇ ਨਾ ਹੀ ਮੌਖਿਕ ਜ਼ਬਰਦਸਤੀ ਸਜ਼ਾ ਜਾਂ ਮਾੜਾ ਵਤੀਰਾ ਹੋਣਾ ਚਾਹੀਦਾ ਹੈ।"

ਇੱਕ ਪਾਸੇ ਮਜ਼ਦੂਰ ਔਰਤਾਂ ਦੇ ਉਪਰੋਕਤ ਬਿਆਨ ਅਤੇ ਦੂਜੇ ਪਾਸੇ ਕੰਪਨੀਆਂ ਵੱਲੋਂ ਕੀਤੇ ਗਏ ਦਾਅਵਿਆਂ ਨੂੰ ਰੱਖ ਕੇ ਜੇ ਆਪਸ 'ਚ ਤੁਲਨਾ ਕੀਤੀ ਜਾਵੇ ਤਾਂ ਖੋਖਲੀ ਦਾਅਵੇਦਾਰੀ ਦਾ ਸੱਚ ਉੱਘੜ ਕੇ ਸਾਹਮਣੇ ਆ ਜਾਂਦਾ ਹੈ। ਨਾਲ ਹੀ ਰਿਪੋਰਟਾਂ ਛਾਪ ਕੇ ਆਪਣੇ ਹੇਠ ਕੰਮ ਕਰ ਰਹੇ ਕਾਮਿਆਂ ਨੂੰ ਚੰਗਾ ਮਾਹੌਲ ਤੇ ਚੰਗੀ ਤਨਖਾਹ ਦਾ ਦਾਅਵਾ ਕਰ ਰਹੀਆਂ ਕੰਪਨੀਆਂ ਦੀ ਸ਼ਾਨੋ-ਸ਼ੌਕਤ ਕਾਮਿਆਂ ਦੀ ਜ਼ਿੰਦਗੀ ਦੇ ਭਿਆਨਕ ਸੱਚ ਸਾਹਮਣੇ ਧੁੰਦਲੀ ਪੈ ਜਾਂਦੀ ਹੈ।

ਅਸਲ ਵਿੱਚ ਇਨ੍ਹਾਂ ਵਿਦੇਸ਼ੀ ਕੰਪਨੀਆਂ ਲਈ ਭਾਰਤ ਸਸਤੀ ਕਿਰਤ ਸ਼ਕਤੀ ਤੇ ਕਮਜ਼ੋਰ ਕਿਰਤ ਕਾਨੂੰਨਾਂ ਕਰਕੇ ਕਾਰਖਾਨੇ ਲਗਾਉਣ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਉੱਪਰੋਂ ਮਜ਼ਦੂਰਾਂ ਦਾ ਪਛੜੇਵਾਂ, ਬੇਰੁਜ਼ਗਾਰੀ ਦੀ ਮਾਰ ਤੇ ਉਨ੍ਹਾਂ ਵਿੱਚ ਏਕਤਾ ਦੀ ਘਾਟ ਫੈਕਟਰੀ ਮਾਲਕਾਂ ਨੂੰ ਹੋਰ ਖੁੱਲ੍ਹ ਦਿੰਦੀ ਹੈ ਕਿ ਉਹ ਮਜ਼ਦੂਰਾਂ ਦੀ ਰੱਤ ਦੀ ਆਖ਼ਰੀ ਬੂੰਦ 'ਚੋਂ ਵੀ ਮੁਨਾਫ਼ਾ ਨਿਚੋੜ ਸਕਣ।

ਇਨ੍ਹਾਂ ਸਾਰੇ ਇਲਜ਼ਾਮਾਂ ਦੀ ਜਵਾਬਦੇਹੀ ਵਿੱਚ ਉਪਰੋਕਤ ਬ੍ਰਾਂਡਾਂ ਦੀ ਕਹਿਣਾ ਹੈ ਕਿ ਭਾਰਤ ਵਿੱਚ ਚੱਲ ਰਹੀਆਂ ਫੈਕਟਰੀਆਂ ਵਿੱਚ ਕੰਮ ਕਰ ਰਹੇ ਕਾਮੇ ਉਨ੍ਹਾਂ ਦੀ ਸਿੱਧੀ ਨਿਗਰਾਨੀ ਵਿੱਚ ਨਹੀਂ ਹਨ। ਇਸ ਕਰਕੇ ਉਨ੍ਹਾਂ 'ਤੇ ਕਾਮਿਆਂ

***ਬਾਕੀ ਪੰਨਾ 50 'ਤੇ***

# ਬੋਲ ਸਦੀਵੀਂ



## ਜ਼ਿੰਦਗੀ ਦਾ ਮਕਸਦ

*ਕਾਰਲ ਮਾਰਕਸ*



ਔਕੜਾਂ ਤੋਂ ਸੱਖਣੀ ਜ਼ਿੰਦਗੀ
ਮੇਰੇ ਲਈ ਨਹੀਂ,
ਨਹੀਂ, ਮੇਰੇ ਤੂਫ਼ਾਨੀ ਮਨ ਨੂੰ
ਇਹ ਮਨਜ਼ੂਰ ਨਹੀਂ।
ਮੈਂ ਤਾਂ ਚਾਹੁਨਾਂ,
ਇੱਕ ਮਹਾਨ ਉੱਚਾ ਮਕਸਦ
ਤੇ, ਉਹਦੇ ਲਈ ਜ਼ਿੰਦਗੀ ਭਰ
ਸੰਘਰਸ਼ਾਂ ਦਾ ਅਟੁੱਟ ਸਿਲਸਿਲ਼ਾ
ਐ ਕਲਾ! ਤੂੰ ਖੋਲ੍ਹ,
ਮਨੁੱਖਤਾ ਦੀ ਵਿਰਾਸਤ,
ਆਪਣੇ ਅਨਮੋਲ ਖ਼ਜ਼ਾਨਿਆਂ ਦੇ ਬੂਹੇ,
ਮੇਰੇ ਲਈ ਖੋਲ੍ਹ !
ਆਪਣੀ ਸੂਝ ਤੇ ਭਾਵਾਂ ਦੀ ਗਲਵਕੜੀ ਵਿੱਚ
ਸਾਰੇ ਸੰਸਾਰ ਨੂੰ ਲਪੇਟ ਲਵਾਂਗਾ ਮੈਂ !
ਆਓ, ਅਸੀਂ ਔਕੜਾਂ ਭਰੇ ਲੰਮੇ ਸਫ਼ਰ 'ਤੇ ਚੱਲੀਏ,
ਕਿਉਂਕਿ ਸਾਨੂੰ ਮਨਜ਼ੂਰ ਨਹੀਂ,
ਪੇਤਲੀ, ਉਦੇਸ਼ਹੀਣ ਅਤੇ ਬੇਮਕਸਦ ਜ਼ਿੰਦਗੀ,
ਅਸੀਂ ਊਂਘਦੇ, ਕਲਮ ਘਸਾਉਂਦੇ
ਬਦਹਾਲੀ ਤੇ ਬੇਵਸੀ ਵਿੱਚ ਨਹੀਂ ਜੀਆਂਗੇ।
ਅਸੀਂ ਅਭਿਲਾਸ਼ਾ, ਰੋਹ, ਜੋਸ਼ ਅਤੇ
ਮਾਣ ਨਾਲ ਜੀਆਂਗੇ।
ਅਸਲੀ ਇਨਸਾਨ ਦੀ ਤਰ੍ਹਾਂ ਜੀਆਂਗੇ।

## ਪੀੜ

ਧਰਤੀ ਤੇ ਔਰਤ ਦੀ ਪੀੜ ਕਿੰਨੀ ਇੱਕ ਹੈ
ਮਿਹਨਤ ਦੇ ਹਿੱਸੇ ਭੁੱਖਾਂ ਹਨ
ਸਿਤਮ ਦੇ ਨੈਣੀਂ ਅੰਗਾਰੇ ਹਨ
ਧਰਤੀ ਦੇ ਨੈਣੀਂ ਹੰਝੂ ਹਨ
ਔਰਤ ਦੇ ਨੈਣੀਂ ਹੰਝੂ ਹਨ
ਇਸੇ ਲਈ ਸਾਗਰ ਖ਼ਾਰੇ ਹਨ...

**ਲਾਲ ਸਿੰਘ ਦਿਲ**

## ਜਗਾ ਦੇ ਮੋਮਬੱਤੀਆਂ

ਜਗਾ ਦੇ ਮੋਮਬੱਤੀਆਂ
ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ ਕੁਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ।
ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਜ਼ਿੰਦਗੀ ਦੀਆਂ ਮਾਣ ਮੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ।
ਮੰਨਿਆ ਕਿ ਰਾਜ ਹਨੇਰੇ ਦਾ ਹਠੀਲਾ
ਪਰ ਅਜੇ ਜੀਊਂਦਾ ਏ ਕਿਰਨਾਂ ਦਾ ਕਬੀਲਾ
ਕਾਲਿਆਂ ਸਫਿਆਂ 'ਤੇ ਸਤਰਾਂ ਲਾਲ ਰੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ।
ਪੌਣ ਵਿੱਚ ਵਧ ਰਹੀ ਵਿਸ਼ ਤੋਂ ਨਾ ਡਰਦੇ
ਬਿਰਖ ਬੂਟੇ ਰੋਜ਼ ਆਪਣਾ ਕਰਮ ਕਰਦੇ
ਜਹਿਰ ਨੂੰ ਅਮ੍ਰਿਤ 'ਚ ਬਦਲੀ ਜਾਣ ਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ।
ਵਾਵਰੋਲੇ ਉਠਦੇ ਹੀ ਰਹਿੰਦੇ ਨੇ ਤੱਤੇ
ਪੱਤਝੜਾਂ ਨੇ ਝਾੜ ਦੇਣੇ ਆਕੇ ਪੱਤੇ
ਪਰ ਇਸ ਦਾ ਮਤਲਬ ਇਹ ਨਹੀਂ
ਕਿ ਪੁੰਗਰਨ ਨਾ ਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ।



**ਸੁਰਜੀਤ ਪਾਤਰ**

## ਅਹਿਦ

ਆਉ ਸਖੀਓ ਸਹੇਲੀਓ।
ਅੱਧਾ ਅਸਮਾਨ ਆਪਾਂ ਰਲ਼ ਕੇ ਥੰਮ੍ਹੀਏਂ
ਜੋ ਥੰਮ੍ਹ ਸਕਦੀਆਂ ਹਾਂ
ਅੱਧਾ ਅਸਮਾਨ ਮਰਦ ਥੰਮ੍ਹਣ ਜੋ ਥੰਮ੍ਹ ਸਕਦੇ ਨੇ।
ਅਸਮਾਨ ਸਿਰਾਂ 'ਤੇ ਕੜਕ ਰਿਹਾ ਹੈ
ਧਰਤੀ ਦਾ ਸਿੰਗ ਵੀ ਹਿੱਲ ਰਿਹਾ ਹੈ
ਅਸਮਾਨ ਡਿੱਗਣ ਤੋਂ ਪਹਿਲਾਂ
ਮੌਕਾ ਤਾਂ ਸਾਂਭ ਲਈਏ
ਉੱਠ ਖਲੋਈਏ, ਮਰਦਾਂ ਸੰਗ ਰਲ਼ ਕੇ
ਹੱਥ ਚੁੱਕੀਏ, ਅਸਮਾਨ ਥੰਮ੍ਹੀਏਂ।

**ਹਰਜੀਤ ਦੌਧਰੀਆ**

*ਵਿਦਿਆਰਥੀਆਂ ਲਈ*

# ਆਓ ਵਿਗਿਆਨਕ ਕਾਰਨ ਜਾਣੀਏ



**ਰਣਧੀਰ ਗਿੱਲਪੱਤੀ**

ਵਿਦਿਆਰਥੀ ਦੋਸਤੋ, ਅੱਜ ਆਪਾਂ ਕਈ ਮਹੀਨਿਆਂ ਦੇ ਵਕਫ਼ੇ ਬਾਅਦ ਮਿਲ ਰਹੇ ਹਾਂ। ਆਓ ਫੁਰਸਤ ਦੇ ਕੁਝ ਪਲਾਂ ਵਿੱਚ ਇੱਕ ਵਾਰ ਫਿਰ ਕੁਝ ਹੋਰ ਕੁਦਰਤੀ ਵਰਤਾਰਿਆਂ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਨਾਂ ਨੂੰ ਸਮਝਣ ਤੇ ਬੁੱਝਣ ਦਾ ਯਤਨ ਕਰੀਏ।

****ਸਿਆਲ ਵਿੱਚ ਬੱਦਲਵਾਈ ਵਾਲੀ ਰਾਤ ਨਿੱਘੀ ਮਹਿਸੂਸ ਹੁੰਦੀ ਹੈ, ਕਿਉਂ ?**

ਦੋਸਤੋ ! ਸਿਆਲ ਦੀ ਰੁੱਤ ਵਿੱਚ ਤੁਸੀਂ ਨੋਟ ਕੀਤਾ ਹੋਵੇਗਾ ਕਿ ਬੱਦਲ ਰਹਿਤ ਆਮ ਰਾਤਾਂ ਦੇ ਮੁਕਾਬਲੇ, ਬੱਦਲਵਾਈ ਵਾਲੀ ਰਾਤ ਨਿੱਘੀ ਮਹਿਸੂਸ ਹੁੰਦੀ ਹੈ। ਇਸ ਦਾ ਕਾਰਨ ਸਰਦੀ ਦਾ ਪ੍ਰਕੋਪ ਘਟਣਾ ਨਹੀਂ ਹੁੰਦਾ ਸਗੋਂ ਸੀਮਤ ਸਮੇਂ ਲਈ ਮੌਸਮ ਵਿੱਚ ਆਈ ਤਬਦੀਲੀ ਹੁੰਦਾ ਹੈ। ਦਿਨ ਵੇਲੇ ਸੂਰਜ ਦੀ ਗਰਮੀ ਨਾਲ ਵਾਯੂਮੰਡਲ ਗਰਮ ਹੋ ਜਾਂਦਾ ਹੈ। ਵਾਯੂਮੰਡਲ ਗਰਮੀ ਦੇ ਸੰਚਾਰ ਦਾ ਵਧੀਆ ਮਾਧਿਅਮ ਹੈ ਤੇ ਇਸ ਰਾਹੀਂ ਹੀ ਤਾਪਮਾਨ ਪ੍ਰਿਥਵੀ ਦੇ ਧਰਾਤਲ ਤੱਕ ਪਹੁੰਚਦਾ ਹੈ। ਇਸ ਤਰ੍ਹਾਂ ਜ਼ਮੀਨ ਰਾਤ ਦੇ ਨੀਵੇਂ ਤਾਪਮਾਨ ਦੇ ਮੁਕਾਬਲੇ ਵਧੇਰੇ ਗਰਮ ਹੋ ਜਾਂਦੀ ਹੈ। ਜਿਉਂ ਹੀ ਦਿਨ ਛਿਪਦਾ ਹੈ ਤੇ ਗਰਮੀ ਦਾ ਇਹ ਸਰੋਤ ਸੂਰਜ ਵਕਤੀ ਤੌਰ ’ਤੇ ਅੱਖੋਂ ਓਹਲੇ ਹੋ ਕੇ ਪ੍ਰਿਥਵੀ ਦੇ ਦੂਜੇ ਪਾਸੇ ਚਮਕਣ ਲਗਦਾ ਹੈ। ਇਸ ਹਾਲਤ ਵਿੱਚ ਜ਼ਮੀਨ ਦਿਨ ਵੇਲੇ ਹਾਸਲ ਕੀਤੀ ਗਰਮੀ ਛੱਡਣ ਲਗਦੀ ਹੈ। ਜ਼ਮੀਨ ਦੀ ਛੱਡੀ ਹੋਈ ਇਸ ਗਰਮੀ ਦੀ ਵਾਯੂਮੰਡਲ ਰਾਹੀਂ ਰੇਡੀਏਸ਼ਨ ਹੋ ਜਾਂਦੀ ਹੈ। ਇਸ ਨਾਲ ਜ਼ਮੀਨ ਅਤੇ ਵਾਯੂਮੰਡਲ ਦਾ ਤਾਪਮਾਨ ਹੇਠਾਂ ਆ ਜਾਂਦਾ ਹੈ। ਪਰ ਰਾਤ ਵੇਲੇ ਆਕਾਸ਼ ਵਿੱਚ ਬੱਦਲਵਾਈ ਹੋਣ ਦੀ ਹਾਲਤ ਵਿੱਚ ਇਹ ਬੱਦਲ ਜ਼ਮੀਨ ਦੇ ਨੇੜੇ ਵਾਯੂਮੰਡਲ ਵਿੱਚ ਇਕ ਗਿਲਾਫ਼ ਦੀ ਤਰ੍ਹਾਂ ਸੰਘਣੀ ਪਰਤ ਬਣਾ ਲੈਂਦੇ ਹਨ। ਇਹ ਪਰਤ ਜ਼ਮੀਨ ਦੀ ਗਰਮੀ ਦੀ ਵਾਯੂਮੰਡਲ ਰਾਹੀਂ ਹੋਣ ਵਾਲੀ ਰੇਡੀਏਸ਼ਨ ਵਿੱਚ ਰੁਕਾਵਟ ਪੈਦਾ ਕਰ ਦਿੰਦੀ ਹੈ। ਇਸ ਹਾਲਤ ਵਿੱਚ ਜ਼ਮੀਨ ਦੀ ਹਵਾ ਰਾਹੀਂ ਸੰਚਾਰ ਹੋ ਕੇ ਉਪਰ ਜਾਣ ਵਾਲੀ ਗਰਮੀ ਜ਼ਿਆਦਾਤਰ ਜ਼ਮੀਨ ਤੇ ਬੱਦਲਾਂ ਦੀ ਪਰਤ ਦੇ ਵਿਚਕਾਰਲੇ ਸੀਮਤ ਵਾਯੂਮੰਡਲ ਵਿੱਚ ਹੀ ਰੁਕੀ ਰਹਿੰਦੀ ਹੈ ਜਿਸ ਕਰਕੇ ਸਾਨੂੰ ਬੱਦਲਵਾਈ ਵਾਲੀ ਰਾਤ ਆਮ ਸਰਦ ਰਾਤਾਂ ਦੇ ਮੁਕਾਬਲੇ ਨਿੱਘੀ ਮਹਿਸੂਸ ਹੁੰਦੀ ਹੈ।

****ਮੋਟੇ ਕੱਚ ਦਾ ਗਲਾਸ ਇੱਕਦਮ ਗਰਮ ਤਰਲ ਪਾਉਣ ਨਾਲ ਤਿੜਕ ਜਾਂਦਾ ਹੈ, ਕਿਉਂ ?**

ਜੇਕਰ ਤੁਹਾਨੂੰ ਬਾਜ਼ਾਰ ਵਿੱਚੋਂ ਕੱਚ ਦੇ ਗਿਲਾਸ ਲਿਆਉਣ ਲਈ ਕਿਹਾ ਜਾਵੇ ਤਾਂ ਤੁਸੀਂ ਕਿਹੋ ਜਿਹੇ ਗਲਾਸ ਪਸੰਦ ਕਰੋਗੇ ? ਜੇਕਰ ਤੁਸੀਂ ਕੱਚ ਦੇ ਗਰਮੀ ਨਾਲ ਫੈਲਣ ਤੇ ਠੰਢ ਨਾਲ ਸੁੰਗੜਣ ਦੇ ਕੁਦਰਤੀ ਵਰਤਾਰੇ ਤੋਂ ਅਣਜਾਣ ਹੋਵੋ ਤਾਂ ਤੁਸੀਂ ਨਿਰਸੰਦੇਹ ਮਜ਼ਬੂਤ ਸਮਝਕੇ ਮੋਟੇ ਕੱਚ ਦੇ ਗਲਾਸ ਖਰੀਦਣੇ ਪਸੰਦ ਕਰੋਗੇ। ਪਰ ਇਸ ਨਾਲ ਤੁਸੀਂ ਕੋਈ ਵਧੀਆ ਖਰੀਦਦਾਰ ਸਾਬਤ ਨਹੀਂ ਹੋਵੋਗੇ ਤੇ ਤੁਹਾਡੇ ਖਰੀਦੇ ਹੋਏ ਗਲਾਸ ਜਲਦੀ ਟੁੱਟ ਜਾਣਗੇ। ਪਰ ਜੇਕਰ ਤੁਸੀਂ ਵਿਗਿਆਨ ਦੇ ਨਿਯਮਾਂ ਤੋਂ ਜਾਣੂ ਕਿਸੇ ਵਿਅਕਤੀ ਦੀ ਇਸ ਮਾਮਲੇ ਵਿੱਚ ਸਲਾਹ ਲਵੋਗੇ ਤਾਂ ਉਹ ਤੁਹਾਨੂੰ ਕੱਚ ਦੇ ਪਤਲੇ ਗਲਾਸ ਖਰੀਦਣ ਦਾ ਮਸ਼ਵਰਾ ਦੇਵੇਗਾ।

ਦਰਅਸਲ ਕੱਚ ਅਤੇ ਇੱਕੋ-ਇੱਕ ਤਰਲ ਧਾਤ ਪਾਰੇ ਸਮੇਤ ਸਾਰੀਆਂ ਧਾਤਾਂ ਦਾ ਇਹ ਗੁਣ ਹੈ ਕਿ ਇਹ ਗਰਮੀ ਨਾਲ ਫੈਲਦੀਆਂ ਹਨ ਤੇ ਠੰਢੀਆਂ ਹੋਣ ’ਤੇ ਸੁੰਗੜ ਜਾਂਦੀਆਂ ਹਨ। ਉਪਰੋਕਤ ਗੁਣ ਹੀ ਗਰਮ ਤਰਲ ਪਾਉਣ ਨਾਲ ਕੱਚ ਦੇ ਗਲਾਸ ਦੇ ਤਿੜਕਨ ਲਈ ਜ਼ਿੰਮੇਵਾਰ ਹੈ। ਜਦੋਂ ਕੱਚ ਦੇ ਮੋਟੇ ਸ਼ੀਸ਼ੇ ਵਾਲੇ ਗਲਾਸ ਵਿੱਚ ਉਬਲਦੀ ਹੋਈ ਚਾਹ ਆਦਿ ਪਾਈ ਜਾਂਦੀ ਹੈ ਤਾਂ ਇਸਦੀ ਅੰਦਰਲੀ ਪਰਤ ਇੱਕਦਮ ਗਰਮ ਹੋਕੇ ਫੈਲਣ ਲਗਦੀ ਹੈ, ਜਦਕਿ ਬਾਹਰਲੀ ਪਰਤ ਅਜੇ ਮੁਕਾਬਲਤਨ ਠੰਢੀ ਹੀ ਹੁੰਦੀ ਹੈ। ਇਸ ਤਰ੍ਹਾਂ ਇੱਕਦਮ ਫੈਲੀ ਹੋਈ ਅੰਦਰਲੀ ਪਰਤ ਨੂੰ ਬਾਹਰਲੀ ਮੁਕਾਬਲਤਨ ਠੰਢੀ ਪਰਤ, ਕੱਚ ਵਿੱਚ ਲਚਕ ਨਾ ਹੋਣ ਕਾਰਨ, ਫੈਲਣ ਵਾਸਤੇ ਸਪੇਸ ਨਹੀਂ ਦੇ ਸਕਦੀ ਤੇ ਅੰਦਰਲੀ ਫੈਲੀ ਪਰਤ ਦੇ ਦਬਾਅ ਕਾਰਣ ਗਲਾਸ ਤਿੜਕ ਜਾਂਦਾ ਹੈ। ਇਸ ਦੇ ਉਲਟ ਪਤਲੇ ਸ਼ੀਸ਼ੇ ਵਾਲੇ ਗਲਾਸ ਵਿੱਚ ਜਦੋਂ ਗਰਮ ਤਰਲ ਪਾਇਆ ਜਾਂਦਾ ਹੈ ਤਾਂ, ਗਲਾਸ ਦੀਆਂ ਕੰਧਾਂ ਪਤਲੀਆਂ ਹੋਣ ਕਾਰਣ, ਇਸ ਦੀਆਂ ਅੰਦਰੂਨੀ ਤੇ ਬਾਹਰੀ ਪਰਤਾਂ ਜਲਦੀ ਇੱਕ ਸਮਾਨ ਤਾਪਮਾਨ ਹਾਸਲ ਕਰ ਲੈਂਦੀਆਂ ਹਨ ਤੇ ਇੱਕ ਸਮਾਨ ਫੈਲ ਜਾਂਦੀਆਂ ਹਨ। ਇਸ ਹਾਲਤ ਵਿੱਚ ਗਲਾਸ ਟੁੱਟਣੋਂ ਬਚ ਜਾਂਦਾ ਹੈ। ਇਸ ਵਰਤਾਰੇ ਵਿੱਚ ਯਾਦ ਰੱਖਣਯੋਗ ਗੱਲ ਇਹ ਹੈ ਕਿ ਗਲਾਸ ਵਿੱਚ ਕੇਵਲ ਗਰਮ ਤਰਲ ਹੀ ਨਹੀਂ ਸਗੋਂ ਇੱਕਦਮ ਬਹੁਤ ਠੰਢਾ ਤਰਲ ਪਾਉਣ ਨਾਲ ਵੀ ਮੋਟੇ ਸ਼ੀਸ਼ੇ ਦਾ ਗਲਾਸ ਤਿੜਕ ਸਕਦਾ ਹੈ। ਠੰਢਾ ਤਰਲ ਪਾਉਣ ਨਾਲ ਗਲਾਸ ਦੀ ਅੰਦਰਲੀ ਪਰਤ

ਇੱਕਦਮ ਸੁੰਗੜ ਜਾਂਦੀ ਹੈ ਜਦਕਿ ਇਸਦੀ ਬਾਹਰੀ ਪਰਤ ਅਜੇ ਉਤਨੀ ਠੰਢੀ ਨਹੀਂ ਹੋਈ ਹੁੰਦੀ, ਜਿਸ ਕਾਰਣ ਗਲਾਸ ਟੁੱਟ ਜਾਂਦਾ ਹੈ। ਕੱਚ ਦੇ ਗਲਾਸ ਖਰੀਦਣ ਵੇਲੇ ਇਸ ਗੱਲ ਦਾ ਵੀ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ ਕਿ ਗਲਾਸ ਦਾ ਥੱਲਾ ਵੀ ਪਤਲਾ ਹੀ ਹੋਵੇ ਕਿਉਂਕਿ ਇਸ ਵਿੱਚ ਪਾਏ ਜਾਣ ਵਾਲੇ ਜ਼ਿਆਦਾ ਗਰਮ ਜਾਂ ਜ਼ਿਆਦਾ ਠੰਢੇ ਤਰਲ ਦਾ ਸਭ ਤੋਂ ਪਹਿਲਾਂ ਸੰਪਰਕ ਇਸਦੇ ਥੱਲੇ ਨਾਲ਼ ਹੀ ਹੁੰਦਾ ਹੈ। ਜੇਕਰ ਗਲਾਸ ਦਾ ਥੱਲਾ ਮੋਟੇ ਕੱਚ ਦਾ ਬਣਿਆ ਹੋਵੇ ਤਾਂ ਇਸਦੀਆਂ ਕੰਧਾਂ ਪਤਲੀਆਂ ਹੋਣ ਦੇ ਬਾਵਜੂਦ ਇਸਦੇ ਟੁੱਟਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਹੰਢਣਸਾਰ ਕੱਚ ਦਾ ਗਲਾਸ ਦਾ ਉਹੀ ਹੋ ਸਕਦਾ ਹੈ ਜਿਸਦਾ ਥੱਲਾ ਅਤੇ ਕੰਧਾਂ ਕੱਚ ਦੀ ਪਤਲੀ ਪਰਤ ਦੀਆਂ ਬਣੀਆਂ ਹੋਣ।

ਕੱਚ ਅਤੇ ਧਾਤਾਂ ਦੇ ਉਪਰੋਕਤ ਗੁਣ ਕਾਰਣ ਹੀ ਸਮਝਦਾਰ ਰਸੋਈਆ ਕੱਚ ਦੇ ਬਰਤਨ ਵਿੱਚ ਉਬਲਦਾ ਪਾਣੀ ਜਾਂ ਚਾਹ ਆਦਿ ਪਾਉਣ ਤੋਂ ਪਹਿਲਾਂ ਇਸ ਵਿੱਚ ਧਾਤ ਦਾ ਚਮਚਾ ਰੱਖ ਲੈਂਦਾ ਹੈ। ਕਿਉਂਕਿ ਧਾਤ ਦਾ ਚਮਚਾ ਤਾਪ ਦਾ ਸੁਚਾਲਕ ਹੁੰਦਾ ਹੈ ਤੇ ਇਹ ਕੱਚ ਦੇ ਬਰਤਨ ਵਿੱਚ ਪਾਏ ਗਰਮ ਤਰਲ ਦਾ ਕਾਫ਼ੀ ਸਾਰਾ ਤਾਪਮਾਨ ਖਾਰਜ ਕਰ ਦਿੰਦਾ ਹੈ ਜਿਸ ਨਾਲ ਬਰਤਨ ਟੁੱਟਣ ਤੋਂ ਬਚਿਆ ਰਹਿੰਦਾ ਹੈ। ਜੇ ਚਮਚਾ ਚਾਂਦੀ ਜਾਂ ਤਾਂਬੇ ਦਾ ਹੋਵੇ ਤਾਂ ਹੋਰ ਵੀ ਚੰਗਾ ਹੈ ਕਿਉਂਕਿ ਇਹ ਧਾਤਾਂ ਤਾਪ ਦੀਆਂ ਵਧੀਆ ਸੁਚਾਲਕ ਹਨ ਤੇ ਤਰਲ ਦੇ ਤਾਪਮਾਨ ਨੂੰ ਤੇਜ਼ੀ ਨਾਲ ਖਾਰਜ ਕਰਨ ਵਿੱਚ ਸਹਾਈ ਹੁੰਦੀਆਂ ਹਨ। ਕੱਚ ਦੇ ਗਰਮ ਗਲਾਸ ਨੂੰ ਇੱਕਦਮ ਠੰਢੇ ਪਾਣੀ ਨਾਲ ਜਾਂ ਫਿਰ ਠੰਢੇ ਗਲਾਸ ਨੂੰ ਇੱਕਦਮ ਗਰਮ ਪਾਣੀ ਨਾਲ ਧੋਣ ਨਾਲ ਵੀ ਇਸਦੇ ਤਿੜਕਣ ਦਾ ਖ਼ਤਰਾ ਬਣਿਆ ਰਹਿੰਦਾ ਹੈ ਇਸ ਲਈ ਸਿਆਣਾ ਰਸੋਈਆ ਇਸ ਅਣਸੁਖਾਵੀਂ ਹਾਲਤ ਪੈਦਾ ਹੋਣ ਤੋਂ ਵੀ ਬਚਦਾ ਹੈ।

ਹੁਣ ਤੁਸੀਂ ਆਪਣੇ ਸਕੂਲ ਦੀ ਸਾਇੰਸ ਪ੍ਰਯੋਗਸ਼ਾਲਾ ਵਿੱਚ ਪਈਆਂ ਕੱਚ ਦੀਆਂ ਪਰਖ ਨਲ਼ੀਆਂ, ਰੀਟਾਰਟਾਂ, ਨਲਕੀਆਂ ਤੇ ਬੀਕਰਾਂ ਆਦਿ ਨੂੰ ਗਹੁ ਨਾਲ਼ ਵੇਖੋ। ਤੁਸੀਂ ਵੇਖੋਗੇ ਕਿ ਪ੍ਰਯੋਗਸ਼ਾਲਾ ਵਿੱਚ ਵਰਤੀਆਂ ਜਾਣ ਵਾਲੀਆਂ ਇਹ ਵਸਤਾਂ ਪਤਲੀ ਪਰਤ ਦੀਆਂ ਬਣੀਆਂ ਹੁੰਦੀਆਂ ਹਨ। ਪਤਲੀ ਪਰਤ ਕਾਰਣ ਇਹਨਾਂ ਦੇ ਅੰਦਰਲੇ ਤੇ ਬਾਹਰੀ ਭਾਗ ਲਗਭਗ ਇੱਕਸਾਰ ਗਰਮ ਜਾਂ ਠੰਢੇ ਹੋ ਜਾਂਦੇ ਹਨ। ਇਹੀ ਵਜਾਹ ਹੈ ਕਿ ਪ੍ਰਯੋਗਸ਼ਾਲਾ ਵਿੱਚ ਅੱਗ ਦੀ ਲਾਟ ਉੱਪਰ ਰੱਖੀਆਂ ਵਸਤਾਂ ਵਿੱਚ ਤਰਲ ਖੌਲਦੇ ਰਹਿੰਦੇ ਹਨ ਪਰ ਇਹ ਟੁਟਦੀਆਂ ਨਹੀਂ। ਉਂਝ ਅੱਜਕੱਲ੍ਹ ਵਿਗਿਆਨੀ ਪ੍ਰਯੋਗਸ਼ਾਲਾਵਾਂ ਵਿੱਚ ਕੁਆਰਟਜ਼ ਤੋਂ ਬਣੀਆਂ ਪਰਖ ਨਲੀਆਂ, ਰੀਟਾਰਟਾਂ ਤੇ ਬੀਕਰ ਆਦਿ ਵਰਤਦੇ ਹਨ। ਇਸ ਤੋਂ ਬਣੀਆਂ ਵਸਤਾਂ ਕੱਚ ਦੇ ਮੁਕਾਬਲੇ ਕਰੀਬ ਪੱਚੀ ਗੁਣਾ ਘੱਟ ਫੈਲਦੀਆਂ ਹਨ ਤੇ ਇਹਨਾਂ ਦਾ ਪਿਘਲਾਅ ਦਰਜਾ ਵੀ 1700 ਸੈਲਸੀਅਸ ਹੁੰਦਾ ਹੈ। ਪ੍ਰਯੋਗਸ਼ਾਲਾ ਵਿੱਚ ਤਰਲਾਂ ਨੂੰ ਉਚ ਤਾਪਮਾਨ ਤੱਕ ਨਿਰਸੰਕੋਚ ਉਬਾਲਣ ਲਈ ਕੱਚ ਦੇ ਮੁਕਾਬਲੇ ਕੁਆਰਟਜ਼ ਦੇ ਬਰਤਨ ਬਿਹਤਰ ਬਦਲ ਹਨ।

**...ਗੱਤੇ ਦੇ ਡੱਬੇ ਵਿੱਚ ਪਾਣੀ ਉਬਾਲਿਆ ਜਾ ਸਕਦਾ ਹੈ ਪਰ ਇਹ ਜਲਦਾ ਨਹੀਂ, ਕਿਉਂ ?**

ਜੇਕਰ ਗੱਤੇ ਦੇ ਡੱਬੇ ਵਿੱਚ ਪਾਣੀ ਪਾ ਕੇ ਇਸ ਨੂੰ ਅੱਗ ਉੱਪਰ ਰੱਖਿਆ ਜਾਵੇ ਤਾਂ ਕੁੱਝ ਸਮੇਂ ਬਾਅਦ ਪਾਣੀ ਉਬਲਣ ਲੱਗ ਜਾਵੇਗਾ ਪਰ ਗੱਤਾ ਨਹੀਂ ਜਲੇਗਾ। ਪਰ ਸ਼ਰਤ ਇਹ ਹੈ ਕਿ ਅੱਗ ਦੀ ਲਾਟ ਗੱਤੇ ਦੇ ਥੱਲੇ ਦੇ ਉਸ ਭਾਗ ਨੂੰ ਛੂੰਹਦੀ ਹੋਵੇ ਜਿਸ ਵਿੱਚ ਪਾਣੀ ਭਰਿਆ ਹੋਵੇ। ਇਸ ਪ੍ਰਯੋਗ ਨੂੰ ਕਰਨ ਵਾਸਤੇ ਕੋਨਿਆਂ ਤੋਂ ਚੰਗੀ ਤਰ੍ਹਾਂ ਸੀਲ ਕੀਤੇ ਡੱਬੇ ਵਿੱਚ ਪਾਣੀ ਭਰਕੇ ਕੁੱਝ ਦੇਰ ਲਈ ਪਿਆ ਰਹਿਣ ਦਿਉ। ਜਦ ਡੱਬੇ ਦਾ ਥੱਲਾ ਚੰਗੀ ਤਰ੍ਹਾਂ ਗਿੱਲਾ ਹੋ ਜਾਵੇ ਤਾਂ ਇਸਨੂੰ ਗੈਸੀ ਚੁੱਲ੍ਹੇ ’ਤੇ ਰੱਖ ਦਿਉ। ਤੁਸੀਂ ਦੇਖੋਗੇ ਕਿ ਕੁੱਝ ਸਮੇਂ ਬਾਅਦ, ਗੱਤੇ ਦੇ ਬਿਨ੍ਹਾਂ ਜਲੇ ਤੋਂ, ਪਾਣੀ ਉਬਲਣ ਲੱਗੇਗਾ। ਇਸ ‘ਬਰਤਨ’ ਵਿੱਚ ਪਾਣੀ ਨੂੰ ਭਾਫ਼ ਬਣਕੇ ਉੱਡ ਜਾਣ ਤੱਕ ਲੰਮਾਂ ਸਮਾਂ ਉਬਾਲਿਆ ਜਾ ਸਕਦਾ ਹੈ। ਇਹ ਕਾਰਜ ਕਿਸੇ ‘ਜਾਦੂ ਸ਼ਕਤੀ’ ਨਾਲ ਨਹੀਂ ਹੋ ਰਿਹਾ ਬਲਕਿ ਇਸਦੇ ਪਿੱਛੇ ਵਿਗਿਆਨ ਦਾ ਇੱਕ ਨਿਯਮ ਕੰਮ ਕਰ ਰਿਹਾ ਹੈ।

ਦਰਅਸਲ ਹਰ ਵਸਤ ਨੂੰ ਜਲਾਉਣ ਜਾਂ ਪਿਘਲਾਉਣ ਵਾਸਤੇ ਵੱਖੋਂ ਵੱਖਰੇ ਤਾਪਮਾਨ ਦੀ ਜ਼ਰੂਰਤ ਹੁੰਦੀ ਹੈ। ਇਹ ਨਿਯਮ ਗੱਤੇ ਉਪਰ ਵੀ ਲਾਗੂ ਹੰਦਾ ਹੈ। ਉਪਰੋਕਤ ਪ੍ਰਯੋਗ ਵਿੱਚ ਗੱਤੇ ਦੇ ਡੱਬੇ ਦਾ ਥੱਲਾ ਇਸ ਵਿੱਚ ਭਰੇ ਪਾਣੀ ਨਾਲ ਗਿੱਲਾ ਹੋ ਗਿਆ। ਚੁੱਲ੍ਹੇ ਦੀ ਲਾਟ ਤੋਂ ਮਿਲਿਆ ਤਾਪ, ਗੱਤੇ ਦੇ ਗਿੱਲੇ ਹੋਏ ਥੱਲੇ ਵਿਚ ਮੌਜੂਦ ਪਾਣੀ ਦੇ ਅਣੂਆਂ ਰਾਹੀਂ, ਗੱਤੇ ਵਿੱਚ ਭਰੇ ਪਾਣੀ ਨੂੰ ਗਰਮ ਕਰਨ ਲਗਦਾ ਹੈ। ਅਸੀਂ ਜਾਣਦੇ ਹਾਂ ਕਿ ਸਮੁੰਦਰੀ ਸਤਹ ’ਤੇ ਸ਼ੁੱਧ ਪਾਣੀ 100 ਦਰਜੇ ਸੈਲਸੀਅਸ ਤਾਪਮਾਨ ’ਤੇ ਉਬਲਣ ਲੱਗ ਜਾਂਦਾ ਹੈ। ਜਿਉਂ ਹੀ ਪਾਣੀ ਨੂੰ ਕਰੀਬ 100 ਦਰਜੇ ਦੇ ਨੇੜੇ ਤੇੜੇ ਲੋੜੀਂਦਾ ਤਾਪਮਾਨ ਮਿਲਦਾ ਹੈ ਤਾਂ ਇਹ ਉਬਲਣ ਲੱਗ ਪੈਂਦਾ ਹੈ। ਪੂਰੇ ਪਾਣੀ ਦੇ ਭਾਫ਼ ਬਣਕੇ ਉੱਡ ਜਾਣ ਤੱਕ ਗੱਤੇ ਦੇ ਥੱਲੇ ਇਹੀ ਤਾਪਮਾਨ ਬਣਿਆ ਰਹਿੰਦਾ ਹੈ। ਗੱਤਾ ਲਗਭਗ 300 ਦਰਜੇ ਸੈਲਸੀਅਸ ਤਾਪਮਾਨ ’ਤੇ ਹੀ ਜਲਦਾ ਹੈ ਤੇ ਪਾਣੀ ਦੇ ਉੱਬਲ ਕੇ ਭਾਫ਼ ਬਣਨ ਤੱਕ ਗੱਤੇ ਨੂੰ ਜਲਣ ਵਾਸਤੇ ਲੋੜੀਂਦਾ ਤਾਪਮਾਨ ਨਹੀਂ ਮਿਲਦਾ ਤੇ ਉਹ ਜਲਣ ਤੋਂ ਬਚਿਆ ਰਹਿੰਦਾ ਹੈ।

98556-56156

## ਜ਼ਿੰਦਗੀ ਦਾ ਮਕਸਦ

ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਸਰ ਦੇ ਚਾਨਣ ਰੰਗੇ ਬੋਲ ਅਸੀਂ ਸਭਨਾਂ ਨੇ ਸੁਣੇ। "ਮੈਨੂੰ ਤੁਹਾਡੇ ਸਭਨਾਂ 'ਤੇ ਫ਼ਖ਼ਰ ਹੈ। ਚਾਨਣ ਵੰਡਦੇ ਅਧਿਆਪਕ ਮੇਰਾ ਮਾਣ ਹਨ। ਜਿਨ੍ਹਾਂ ਸਕੂਲ ਵਿੱਚ ਬਣ ਰਹੇ ਡਰ ਤੇ ਸਹਿਮ ਦੇ ਮਾਹੌਲ ਨੂੰ ਤਰਕ ਬੁੱਧੀ ਨਾਲ ਸੁਖਾਵਾਂ ਬਣਾਇਆ।

ਬੱਚਿਓ, ਇਹ ਵਿਗਿਆਨ ਤੇ ਚੇਤਨਾ ਦਾ ਯੁੱਗ ਹੈ। ਇੱਲ ਬਲਾਵਾਂ ਦੀਆਂ ਗੱਲਾਂ ਅਗਿਆਨਤਾ, ਅੰਧਵਿਸ਼ਵਾਸਾਂ ਰੂਪੀ ਹਨੇਰੇ ਕਰਕੇ ਹਨ। ਵਿੱਦਿਆ ਦੇ ਇਸ ਘਰ ਵਿੱਚ ਵਹਿਮਾਂ ਭਰਮਾਂ ਦੀ ਥਾਂ ਗਿਆਨ ਰੂਪੀ ਰੌਸ਼ਨੀ ਹੈ। ਜਿਹੜੀ ਸਾਨੂੰ ਜਾਨਣ, ਸਮਝਣ,ਪਰਖਣ ਦੀ ਜਾਂਚ ਦਸਦੀ ਹੈ। ਸਫ਼ਲਤਾ ਦੀ ਮੰਜ਼ਿਲ 'ਤੇ ਪੁੱਜਣ ਦਾ ਰਾਹ ਦਰਸਾਵਾ ਬਣਦੀ ਹੈ। ਵਣਾਂ ਤੇ ਇੱਲ, ਬਲਾਵਾਂ ਨਹੀਂ ਆਪਣੇ ਮਿੱਤਰ ਪੰਛੀਆਂ ਦਾ ਵਾਸਾ ਹੈ। ਜਿਹੜੇ ਸਾਨੂੰ ਮਿਲ ਬੈਠਣ, ਹੱਸਣ ਤੇ ਜਿਉਣ ਦਾ ਸਬਕ ਦਿੰਦੇ ਹਨ।

ਆਓ, ਆਪਾਂ ਸਾਰੇ ਆਪਣਾ ਫਰਜ਼, ਕਰਮ ਸੱਚੇ ਦਿਲੋਂ ਕਰਨ ਦੀ ਆਦਤ ਪਾਈਏ। ਈਰਖਾ, ਵਿਤਕਰਾ ਤਿਆਗ ਤਰਕ ਚੇਤਨਾ ਵਾਲੀ ਚੰਗੇਰੀ ਜ਼ਿੰਦਗੀ ਦਾ ਰਾਹ ਫੜੀਏ। ਇਹੋ ਜ਼ਿੰਦਗੀ ਦਾ ਮਕਸਦ ਹੈ। ਇਸੇ ਚ ਸਭਨਾਂ ਦਾ ਭਲਾ ਛੁਪਿਆ ਹੈ।" ਇਹ ਬੋਲ ਸਾਰਿਆਂ ਨੂੰ ਹੁਲਾਰਾ ਦੇ ਗਏ। ਵਿਦਿਆਰਥੀਆਂ ਦੀਆਂ ਤਾੜੀਆਂ ਦੀ ਗੂੰਜ ਫੁੱਲਾਂ ਦੀ ਮਹਿਕ ਵਿੱਚ ਰਚ ਗਈ।

---



"ਮੈਂ ਔਰਤਾਂ ਦੀ ਪ੍ਰਸ਼ੰਸਾ ਅਤੇ ਇੱਜ਼ਤ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਉਹ ਬਹੁਤ ਮਹਾਨ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਜੀਵਨ-ਤਜ਼ਰਬੇ ਅਤੇ ਸਹਿਣ-ਸ਼ਕਤੀ ਕਿਸੇ ਮਰਦ ਨਾਲੋਂ ਬਹੁਤ ਜ਼ਿਆਦਾ ਹੁੰਦੀ ਹੈ। ਵੱਡੀਆਂ ਮੁਸ਼ਕਲਾਂ ਨਾਲ ਸਾਡਾ ਸਾਹਮਣਾ ਹੋਣ 'ਤੇ ਔਰਤਾਂ ਹਮੇਸ਼ਾ ਮਰਦਾਂ ਨਾਲੋਂ ਵੱਧ ਬਹਾਦੁਰ ਸਾਬਤ ਹੁੰਦੀਆਂ ਹਨ। ਮੇਰੇ ਖ਼ਿਆਲ 'ਚ ਏਨੀ ਤਾਕਤ ਉਨ੍ਹਾਂ ਵਿੱਚ ਇਸ ਵਜ੍ਹਾ ਕਰਕੇ ਹੁੰਦੀ ਹੈ ਕਿਉਂਕਿ ਉਹ ਮਾਂ ਵੀ ਹੁੰਦੀਆਂ ਹਨ।"

**ਮੋ ਯਾਨ**

(ਨੋਬੇਲ ਸਾਹਿਤ ਪੁਰਸਕਾਰ ਵਿਜੇਤਾ ਚੀਨੀ ਲੇਖਕ)

## ਖੋਜ, ਖਾਹਿਸ਼ ਤੇ ਸਿੱਖਿਆ



ਖੋਜ ਤੇ ਖਾਹਿਸ ਦੀ ਭੁੱਖ ਵਧਾਉਣੀ ਚਾਹੀਦੀ ਹੈ। ਤਾਂ ਹੀ ਵਿਗਿਆਨ ਤੇ ਰਚਨਾ ਵਿੱਚ ਦਿਲਚਸਪੀ ਹੋਵੇਗੀ। ਖੋਜ ਤੇ ਇਸਦੀ ਵਿਆਕੁਲਤਾ, ਇਸ ਵਿੱਚ ਬੜਾ ਆਨੰਦ ਹੈ। ਕੰਮ ਕਰਨਾ ਤੇ ਕੁੱਝ ਕਰਨ ਦੀ ਸਿੱਖਿਆ ਦੇਣਾ। ਸੁਭਾਅ ਵਿੱਚ ਸਥਿਰਤਾ ਪੈਦਾ ਕਰਨਾ। ਸੁਪਨੇ ਇਸ ਤਰ੍ਹਾਂ ਸਾਕਾਰ ਕੀਤੇ ਜਾ ਸਕਦੇ ਹਨ। ਥਕਾਵਟ ਤੇ ਆਰਾਮ ਤੋਂ ਮੁਕਤੀ ਮਿਲੇਗੀ। ਇਹ ਵੀ ਕਲਾ ਹੈ... ਪੁਸਤਕਾਂ, ਥੀਏਟਰ ਤੇ ਸੰਗੀਤ... ਤੇ ਨਾਲੇ ਲੋਕਾਂ ਨਾਲ ਮਿਲਣਾ ਜੁਲਣਾ। ਦੁਨੀਆਂ ਵਿੱਚ ਚੰਗੇ ਤੇ ਸਿਆਣੇ ਲੋਕ ਹਨ। ਉਹਨਾਂ ਨੂੰ ਲੱਭਣ ਦੀ ਯੋਗਤਾ ਹੋਣੀ ਚਾਹੀਦੀ ਹੈ। ਅਜਿਹੇ ਲੋਕਾਂ ਨਾਲ ਗੱਲਬਾਤ ਕਰਕੇ ਬੜੀ ਖੁਸ਼ੀ ਮਿਲਦੀ ਹੈ। ਚੀਜਾਂ ਦਾ ਬਹੁਤਾ ਲਾਲਚ ਨਹੀਂ ਕਰਨਾ ਚਾਹੀਦਾ। ਖੈਰ, ਹੋ ਸਕਦਾ ਹੈ ਸਿਖਾਉਣਾ ਸੰਭਵ ਹੋਵੇ। ਮੈਂ ਸਿਖਾਉਣ ਦੀ ਕੋਸ਼ਿਸ਼ ਕਰਦਾ ਹਾਂ।

**ਨਿਕੋਲਾਈ ਅਮੋਸੋਵ**

(ਰੂਸੀ ਵਿਗਿਆਨੀ ਤੇ ਪ੍ਰੋਫ਼ੈਸਰ)

---



ਵੰਡ ਦਾ ਦੁਖਾਂਤ ਸਿਰਫ਼ ਇਹ ਨਹੀਂ ਕਿ ਦੋ 'ਆਜ਼ਾਦ' ਮੁਲਕ ਬਣ ਗਏ ਸਗੋਂ ਇਹ ਹੈ ਕਿ ਦੋਵੇਂ ਮੁਲਕ ਗ਼ੁਲਾਮ ਹੋ ਗਏ; ਤੁਅੱਸਬ ਦੇ ਗ਼ੁਲਾਮ, ਮਜ਼ਹਬੀ ਜਨੂੰਨ ਦੇ ਗ਼ੁਲਾਮ. ਬੇਕਿਰਕੀ ਅਤੇ ਪਸ਼ੂ-ਬਿਰਤੀ ਦੇ ਗ਼ੁਲਾਮ।

**ਸਆਦਤ ਹਸਨ ਮੰਟੋ**

---

## ਸੁਆਦ

ਨਿੱਕੇ ਨਿੱਕੇ ਆਦਰਾਂ 'ਤੇ ਕੀ ਮੁੱਲ ਲਗਦਾ ਹੈ? ਪਰ ਸਾਡੀ ਤੰਗ ਦਿਲੀ ਸਾਨੂੰ ਏਸ ਬੇਮੁੱਲੇ ਸਵਰਗ ਤੋਂ ਵਾਂਝਿਆਂ ਕਰੀ ਰੱਖਦੀ ਹੈ। ਜੀਵਨ ਦਾ ਭਾਰ ਕੇਡਾ ਹੌਲਾ ਹੋ ਜਾਏ, ਜੇ ਮਨੁੱਖ ਕੰਮ ਆਉਣ ਦੇ ਸੁਆਦ ਨੂੰ ਜੀਵਨ ਦੇ ਸੁਆਦਾਂ ਵਿੱਚ ਸ਼ਾਮਲ ਕਰ ਲਏ।

**ਗੁਰਬਖਸ ਸਿੰਘ ਪ੍ਰੀਤਲੜੀ**

# ਰਾਤ ਦੇ ਚਿਹਰੇ ਤੋਂ ਜਦ ਪਰਦਾ ਉਠਾ ਦਿੰਦੇ ਨੇ ਲੋਕ।...ਗੁਰਤੇਜ ਕੋਹਾਰਵਾਲਾ

## ਨਾਇਕ ਦਾ ਨਿਰਣਾ



ਹੋਰ ਸਭਨਾਂ ਵਾਂਗ ਮੈਂ ਵੀ ਸਫ਼ਲਤਾ ਚਾਹੁੰਦਾ ਸੀ। ਮੈਂ ਪ੍ਰਸਿੱਧ ਖੋਜਕਾਰ ਬਣਨ ਦੇ ਅਤੇ ਮਨੁੱਖ ਜਾਤੀ ਲਈ ਕੋਈ ਫ਼ਾਇਦੇਮੰਦ ਚੀਜ਼ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਸਾਂ ਪਰ ਇਹ ਸਭ ਕੁੱਝ ਨਿੱਜੀ ਸਫ਼ਲਤਾ ਦਾ ਸੁਪਨਾ ਸੀ। ਸਾਡੇ ਸਭਨਾਂ ਵਾਂਗ ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀ ਪੈਦਾਵਾਰ ਸਾਂ।

...ਮੈਂ ਵੇਖਿਆ ਕਿ ਕਿਵੇਂ ਮਾਂ-ਬਾਪ ਪੈਸੇ ਦੀ ਥੁੜ੍ਹ ਕਾਰਣ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਭੁੱਖ ਅਤੇ ਦੁੱਖ ਕਾਰਣ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉੱਤੇ ਬੱਚੇ ਦੀ ਮੌਤ ਦਾ ਕੋਈ ਖ਼ਾਸ ਅਸਰ ਨਹੀਂ ਹੁੰਦਾ ਸੀ। ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿਧ ਖੋਜਕਾਰ ਬਣਨ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ।

**ਅਰਨੈਸਟੋ ਚੀ ਗੁਵੇਰਾ**

---

"ਚਾਹੀਏ ਤਾਂ ਚੜ੍ਹ ਸੱਤ ਅਸਮਾਨੀਂ
ਚੰਦ ਨੂੰ ਫੜ੍ਹ ਖੀਸੇ ਵਿਚ ਪਾਈਏ।
ਸੱਤ ਸਮੁੰਦਰੀਂ ਮਾਰ ਕੇ ਚੁੱਭੀ
ਕਛੂਏ ਧੂਹ ਪਤਾਲੋਂ ਲਿਆਈਏ।
ਜੇਤੂ ਹੇਕਾਂ ਹਾਦਸਿਆਂ 'ਤੇ
ਅਸਵਾਰ ਹੋਏ ਮੁੜ ਆਈਏ।
ਇਸ ਜੱਗ 'ਤੇ ਨਹੀਂ ਬੰਦੇ ਖ਼ਾਤਰ
ਕੋਈ ਵੀ ਕੰਮ ਔਖੇਰਾ।
ਬੱਸ ਚਾਹੀਦਾ ਸਿਖ਼ਰਾਂ ਉੱਤੇ
ਪੈੜਾਂ ਕਰਨ ਦਾ ਜੇਰਾ।"



**ਮਾਉ-ਜੇ-ਤੁੰਗ**

---

ਪੁਸਤਕਾਂ ਮਨੁੱਖ ਦਾ ਸਭ ਤੋਂ ਕਰੀਬੀ ਦੋਸਤ ਅਤੇ ਬੇਸ਼ਕੀਮਤੀ ਸਰਮਾਇਆ ਹੁੰਦੀਆਂ ਹਨ; ਤਾਂ ਹੀ ਤਾਂ ਦੁਨੀਆਂ ਦਾ ਇਕ ਮਹਾਨ ਮਨੁੱਖ ਇਹ ਇਕਬਾਲ ਕਰਦਾ ਹੈ ਕਿ;

ਮੇਰੇ ਵਿਚ ਜਿੰਨੀ ਵੀ ਚੰਗਿਆਈ ਹੈ ਉਹ ਪੁਸਤਕਾਂ ਦੀ ਬਦੌਲਤ ਹੈ। **ਮੈਕਸਿਮ ਗੋਰਕੀ**

---

ਲਿਖਣ ਦੀ ਅੰਤਾਂ ਦੀ ਲੋਚਾ ਹੀ ਸਭ ਕੁਝ ਨਹੀਂ ਹੈ, ਉਸ ਤੋਂ ਪਹਿਲਾਂ ਜ਼ਿੰਦਗੀ ਦਾ ਜਾਮ ਪੀਣਾ ਵੀ ਜ਼ਰੂਰੀ ਹੈ।

ਇੱਕ ਬਹਾਦੁਰ ਤੇ ਖੁੱਲ੍ਹੇ ਡੁਲ੍ਹੇ ਦਿਲ ਨਾਲੋਂ ਦੁਨੀਆਂ 'ਚ ਹੋਰ ਕਿਹੜੀ ਚੀਜ਼ ਵਧੇਰੇ ਚੰਗੀ ਹੋ ਸਕਦੀ ਹੈ ਜੋ ਆਪਣੇ ਕੰਮ ਸਦਕਾ ਆਪਣੇ ਲੋਕਾਂ ਲਈ ਤੇ ਕੁੱਲ ਮਨੁੱਖਤਾ ਲਈ ਨਿਆ ਤੇ ਖ਼ੁਸ਼ੀ ਨੂੰ ਜਨਮ ਦੇ ਸਕੇ ?

**ਪਾਸਤੋਵਸਕੀ**

---

*ਵਕਤ ਦੇ ਬੋਲ:*

## ਚੱਲ ਦਿੱਲੀ ਚੱਲੀਏ

ਚੱਲ ਮਾਹੀਆ ਦਿੱਲੀ ਚੱਲੀਏ
ਰੱਦ ਕਰਨੇ ਹੁਕਮ ਸਰਕਾਰੀ
***
ਹਾੜੀ ਆਪੇ ਵੱਢ ਲੈਣਗੇ
ਜਿਹੜੇ ਮੋਰਚੇ ਦੇ ਪੱਕੇ ਮੇਰੇ ਆੜੀ
***
ਘਰ, ਪੈਲੀ ਖੋਹ ਲੈਣਗੇ
ਕਾਪੀ ਜੇ ਨਾ ਕਾਨੂੰਨਾਂ ਦੀ ਸਾੜੀ
***
ਅਪਰੇਸਨ ਕਲੀਨ ਕੀ ਕਰੂ
ਧੌਂਸ ਕਰਨੀ ਕਲੀਨ ਲੋਕਾਂ ਸਾਰੀ
***
ਚੰਦਰੇ ਕਰੋਨੇ 'ਤੇ
ਜਦ ਪੈ ਗਈ ਖਲਕਤ ਭਾਰੀ
***
ਅਡਾਨੀਆਂ ਅੰਬਾਨੀਆਂ 'ਤੇ
ਚੋਟ ਖਿੱਚਕੇ ਨਿਸ਼ਾਨੇ ਮਾਰੀ
***
ਸ਼ਰੇਆਮ ਫੜੀ ਗਈ
ਯਾਰੋ ! ਸਾਮਰਾਜ ਨਾਲ ਯਾਰੀ
***
ਤੁਰ ਗਏ ਮਿੱਤਰਾਂ ਦੀ
ਨਹੀਓਂ ਭੁੱਲਣੀ ਯਾਦ ਪਿਆਰੀ



**ਅਮੋਲਕ ਸਿੰਘ**

# ਬਾਲ ਪੰਨਾ-1



## ਸਤਰੰਗੀ ਪੀਂਘ (Rainbow)

-ਬੂਟਾ ਸਿੰਘ ਵਾਕਫ਼

ਸਤਰੰਗੀ ਪੀਂਘ ਕੁਦਰਤ ਦੀ ਸੁੰਦਰਤਾ ਦਾ ਇੱਕ ਮਨਮੋਹਕ ਪ੍ਰਗਟਾਵਾ ਹੈ। ਇਹ ਕੁਦਰਤੀ ਵਰਤਾਰਾ ਹਰ ਮਨੁੱਖ ਦਾ ਧਿਆਨ ਆਕਰਸ਼ਿਤ ਕਰਦਾ ਹੈ। ਸਤਰੰਗੀ ਪੀਂਘ ਬਣਨ ਦੇ ਕਾਰਣਾਂ ਤੋਂ ਅਣਜਾਣ ਆਦਿ ਮਨੁੱਖ ਇਸ ਨੂੰ ਕੁਦਰਤ ਦਾ ਅਲੌਕਿਕ ਵਰਤਾਰਾ ਹੀ ਸਮਝਦਾ ਸੀ। ਅੱਜ ਵਿਗਿਆਨ ਨੇ ਸਤਰੰਗੀ ਪੀਂਘ ਬਣਨ ਪਿਛਲੇ ਕਾਰਣਾਂ ਦਾ ਭਲੀ-ਭਾਂਤ ਪਤਾ ਲਗਾ ਲਿਆ ਹੈ।

**ਕਾਰਣ** : ਸਤਰੰਗੀ ਪੀਂਘ ਵਰਖਾ ਰੁੱਤ ਦੌਰਾਨ ਸੂਰਜੀ ਰੌਸ਼ਨੀ ਅਤੇ ਅਨੁਕੂਲ ਵਾਯੂਮੰਡਲੀ ਹਾਲਤਾਂ ਕਾਰਣ ਹੋਂਦ ਵਿਚ ਆਉਂਦੀ ਹੈ। ਰੌਸ਼ਨੀ ਪਾਣੀ ਦੀਆਂ ਬੂੰਦਾਂ ਵਿਚ ਦਾਖ਼ਲ ਹੁੰਦੀ ਹੈ। ਹਵਾ ਤੋਂ ਪਾਣੀ ਦੀਆਂ ਬੂੰਦਾਂ ਵਿਚ ਦਾਖ਼ਲ ਹੋਣ ਸਮੇਂ ਰੌਸ਼ਨੀ ਦੀ ਗਤੀ ਕੁਝ ਹੌਲੀ ਹੋ ਜਾਂਦੀ ਹੈ। ਨਾਲ ਹੀ ਰੌਸ਼ਨੀ ਦੀ ਕਿਰਨ ਝੁਕ ਜਾਂਦੀ ਹੈ। ਪਾਣੀ ਦੀ ਬੂੰਦ ਵਿਚ ਦਾਖ਼ਲ ਹੁੰਦਿਆਂ ਹੀ ਬੂੰਦ ਵਿਚੋਂ ਰੌਸ਼ਨੀ ਕਿਰਨ ਪ੍ਰਤੀਬਿੰਬਤ ਹੁੰਦੀ ਹੈ। ਬੂੰਦ ਤੋਂ ਬਾਹਰ ਨਿਕਲਦੇ ਸਮੇਂ ਇਹ ਰੌਸ਼ਨੀ ਵੱਖ-ਵੱਖ ਤਰੰਗ ਲੰਬਾਈਆਂ ਭਾਵ ਰੰਗਾਂ ਦੇ ਇੱਕ ਪੈਟਰਨ ਵਿਚ ਵੰਡੀ ਜਾਂਦੀ ਹੈ। ਰੰਗਾਂ ਦੇ ਇਸ ਪੈਟਰਨ ਨੂੰ ਸਤਰੰਗੀ ਪੀਂਘ ਦਾ ਨਾਂ ਦਿੱਤਾ ਗਿਆ ਹੈ। ਸਧਾਰਨ ਸ਼ਬਦਾਂ ਵਿਚ ਸਤਰੰਗੀ ਪੀਂਘ ਰੌਸ਼ਨੀ ਕਿਰਨਾਂ ਦੇ ਪ੍ਰਤੀਬਿੰਬਤ ਹੋਣ ਅਤੇ ਕਿਰਨਾਂ ਦੇ ਝੁਕਾਓ ਦਰਜੇ ਦਾ ਹੀ ਨਤੀਜਾ ਹੈ।

**ਸਤਰੰਗੀ ਪੀਂਘ ਸਾਨੂੰ ਕਦੋਂ ਵਿਖਾਈ ਦਿੰਦੀ ਹੈ** : ਅਸਲ ਵਿਚ ਸਤਰੰਗੀ ਪੀਂਘ ਕੋਈ ਸਥੂਲ ਵਸਤੂ ਨਹੀਂ ਹੈ। ਨਾ ਹੀ ਇਹ ਪੁਲਾੜ ਵਿਚਲੇ ਹੋਰਨਾਂ ਗ੍ਰਹਿਆਂ ਤੇ ਉੱਪ ਗ੍ਰਹਿਆਂ ਵਾਂਗ



ਕਿਸੇ ਖਾਸ ਜਗ੍ਹਾ 'ਤੇ ਮੌਜੂਦ ਹੁੰਦੀ ਹੈ। ਇਹ ਇੱਕ ਦ੍ਰਿਸ਼ਟੀ-ਭਰਮ ਵਰਤਾਰਾ (Optical illusion) ਹੈ। ਇਹ ਵਰਤਾਰਾ ਉਦੋਂ ਵਾਪਰਦਾ ਹੈ ਜਦੋਂ ਸੂਰਜੀ ਰੌਸ਼ਨੀ, ਵਾਯੂਮੰਡਲੀ ਹਾਲਤਾਂ ਤੇ ਪੀਂਘ ਨੂੰ ਵੇਖਣ ਵਾਲੇ ਵਿਅਕਤੀ ਦੀ ਸਥਿਤੀ ਇੱਕ ਦੂਸਰੇ ਦੇ ਅਨੁਕੂਲ ਹੁੰਦੀ ਹੈ। ਸਤਰੰਗੀ ਪੀਂਘ ਦੇ ਪੈਦਾ ਹੋਣ ਲਈ ਹਵਾ ਵਿਚ ਤੈਰਦੇ ਹੋਏ ਨਮੀ ਭਰਪੂਰ ਜਲ ਕਣਾਂ ਅਤੇ ਸੂਰਜੀ ਰੌਸ਼ਨੀ ਦੀ ਆਮਦ ਜਰੂਰੀ ਹੈ। ਇਸ ਤੋਂ ਇਲਾਵਾ ਸੂਰਜ ਤੁਹਾਡੀ ਪਿੱਠ ਪਿੱਛੇ ਹੋਣਾ ਚਾਹੀਦਾ ਹੈ। ਬੱਦਲ ਸੂਰਜ ਤੋਂ ਦੂਰ ਹੋਣੇ ਚਾਹੀਦੇ ਹਨ। ਵਰਖਾ ਤੋਂ ਤੁਰੰਤ ਬਾਅਦ ਜਦੋਂ ਧੁੱਪ ਨਿਕਲਦੀ ਹੈ ਤਾਂ ਹਾਲੇ ਹਵਾ ਵਿਚ ਨਮੀ ਨਾਲ ਭਰਪੂਰ ਜਲ ਕਣ ਤੈਰ ਰਹੇ ਹੁੰਦੇ ਹਨ। ਸੂਰਜੀ ਰੌਸ਼ਨੀ ਇਨ੍ਹਾਂ ਜਲ ਕਣਾਂ ਤੋਂ ਪਰਵਰਤਿਤ (42° ਜਾਂ ਘੱਟ 'ਤੇ) ਹੁੰਦੀ ਹੋਈ ਮਨੁੱਖੀ ਅੱਖ ਤੱਕ ਪਹੁੰਚਦਿਆਂ ਸਤੰਰਗੀ ਪੀਂਘ ਦੇ ਰੂਪ ਵਿਚ ਵਿਖਾਈ ਦਿੰਦੀ ਹੈ। ਸਤਰੰਗੀ ਪੀਂਘ ਆਕਾਸ਼ ਵਿਚ ਇੱਕ ਪੂਰੇ ਗੋਲ ਚੱਕਰ ਦੇ ਰੂਪ ਵਿਚ ਹੁੰਦੀ ਹੈ। ਧਰਤੀ ਤੋਂ ਸਥਲੀ ਰੁਕਾਵਟਾਂ ਕਾਰਣ ਸਾਨੂੰ ਇਹ ਅਰਧ ਚੱਕਰ ਰੂਪ ਵਿਚ ਵਿਖਾਈ ਦਿੰਦੀ ਹੈ। ਭਾਵ ਧਰਤੀ ਤੋਂ ਸਾਨੂੰ ਸਤਰੰਗੀ ਪੀਂਘ ਦੀ ਸਿਰਫ਼ ਉੱਪਰਲੀ ਅਰਧ ਚਾਪ ਹੀ ਵਿਖਾਈ ਦਿੰਦੀ ਹੈ। ਜੇਕਰ ਅਸੀਂ ਇੱਕ ਸਹੀ ਸਥਿਤੀ ਤੋਂ ਹਵਾਈ ਜਹਾਜ਼ ਵਿਚ ਯਾਤਰਾ ਕਰ ਰਹੇ ਹੋਈਏ ਤਾਂ ਪੀਂਘ ਦਾ ਪੂਰਾ ਗੋਲ ਚੱਕਰ ਵੇਖ ਸਕਦੇ ਹਾਂ। ਕਈ ਵਾਰ ਸਾਨੂੰ ਮੁੱਖ (ਪ੍ਰਾਇਮਰੀ) ਪੀਂਘ ਦੇ ਨਾਲ ਇੱਕ ਹੋਰ (ਸੈਕੰਡਰੀ) ਸਤਰੰਗੀ ਪੀਂਘ ਵੀ ਵਿਖਾਈ ਦਿੰਦੀ ਹੈ। ਅਜਿਹਾ ਪਾਣੀ ਦੀਆਂ ਬੂੰਦਾਂ ਵਿਚੋਂ ਰੌਸ਼ਨੀ ਕਿਰਨਾਂ ਦੀ ਦੂਹਰੀ ਪ੍ਰਤੀਬਿੰਬਤਾ (reflection) ਕਾਰਣ ਵਾਪਰਦਾ ਹੈ।

**ਜਲ ਕਣਾਂ ਅੰਦਰ ਕੀ ਵਾਪਰਦਾ ਹੈ ?** ਜਦੋਂ ਰੌਸ਼ਨੀ ਦੀ ਕਿਰਨ ਪਾਣੀ ਦੀ ਬੂੰਦ (ਜਲ ਕਣਾਂ) ਨਾਲ ਟਕਰਾਉਂਦੀ ਹੈ ਤਾਂ ਬੂੰਦ ਵਿਚ ਦਾਖ਼ਲ ਹੁੰਦਿਆਂ ਉਸ ਦੀ ਰਫ਼ਤਾਰ ਕੁਝ ਮੱਧਮ ਪੈ ਜਾਂਦੀ ਹੈ। (ਜਿਵੇਂ ਤੁਸੀਂ ਜਾਣਦੇ ਹੋਵੋਗੇ ਕਿ ਰੌਸ਼ਨੀ ਦੀ ਕਿਰਨ ਜਿਵੇਂ-ਜਿਵੇਂ ਘੱਟ ਸੰਘਣੇ ਖੇਤਰ ਤੋਂ ਵੱਧ ਸੰਘਣੇ ਖੇਤਰ ਵਿਚ ਦਾਖ਼ਲ ਹੁੰਦੀ ਹੈ ਉਸ ਦੀ ਗਤੀ ਘਟਦੀ ਜਾਂਦੀ ਹੈ।) ਨਾਲ ਹੀ ਰੌਸ਼ਨੀ ਦੀ ਕਿਰਨ ਝੁਕ ਵੀ ਜਾਂਦੀ ਹੈ। ਬੂੰਦ ਦੀ ਅੰਤਿਮ ਸਤ੍ਹਾ ਨਾਲ



ਟਕਰਾਉਂਦਿਆਂ ਰੌਸ਼ਨੀ ਫਿਰ ਹਵਾ ਵਿਚ ਬਾਹਰ ਨਿਕਲਦੀ ਹੋਈ ਸੱਤ ਰੰਗਾਂ ਦਾ ਪੈਟਰਨ ਅਖ਼ਤਿਆਰ ਕਰ ਲੈਂਦੀ ਹੈ।

**ਰੰਗਾਂ ਦਾ ਪੈਟਰਨ ਕਿਵੇਂ ਬਣਦਾ ਹੈ ?** ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ ਕਿ ਸੂਰਜੀ ਰੌਸ਼ਨੀ ਦੀ ਹਰ ਕਿਰਨ ਵੱਖ-ਵੱਖ ਤਰੰਗ ਲੰਬਾਈਆਂ ਦਾ ਸੁਮੇਲ ਹੁੰਦੀ ਹੈ। ਜਦੋਂ ਰੌਸ਼ਨੀ ਦੀ ਕਿਰਨ ਪਾਣੀ ਦੀ ਬੂੰਦ ਵਿਚ ਦਾਖ਼ਲ ਹੁੰਦੀ ਹੈ ਤਾਂ ਕੁਝ ਤਰੰਗ




ਲੰਬਾਈਆਂ ਦੂਜੀਆਂ ਤਰੰਗ ਲੰਬਾਈਆਂ ਨਾਲੋਂ ਜਿਆਦਾ ਦਰਜੇ ’ਤੇ ਝੁਕ ਜਾਂਦੀਆਂ ਹਨ। ਜਾਮਨੀ, ਜੋ ਕਿ ਸਭ ਤੋਂ ਛੋਟੀ ਤਰੰਗ ਲੰਬਾਈ ਹੁੰਦੀ ਹੈ, ਸਭ ਤੋਂ ਵੱਧ ਝੁਕਦੀ ਹੈ। ਲਾਲ, ਜੋ ਕਿ ਸਭ ਤੋਂ ਵੱਡੀ ਤਰੰਗ ਲੰਬਾਈ ਹੁੰਦੀ ਹੈ, ਸਭ ਤੋਂ ਘੱਟ ਝੁਕਦੀ ਹੈ। ਇਸ ਤਰ੍ਹਾਂ ਜਦੋਂ ਰੌਸ਼ਨੀ ਪਾਣੀ ਦੀ ਬੂੰਦ ਵਿਚ ਦਾਖ਼ਲ ਹੁੰਦੀ ਹੈ ਤਾਂ ਆਪਣੇ ਝੁਕਾਅ ਦਰਜੇ ਅਨੁਸਾਰ ਇਹ ਵੱਖ-ਵੱਖ ਤਰੰਗ ਲੰਬਾਈਆਂ ਵਿਚ ਵੰਡੀ ਜਾਂਦੀ ਹੈ। ਪਾਣੀ ਦੀ ਬੂੰਦ ਤੋਂ ਪਰਿਵਰਤਿਤ (reflect) ਹੋਈ ਇਹ ਰੌਸ਼ਨੀ ਮਨੁੱਖੀ ਅੱਖ ਨੂੰ ਰੰਗਾਂ ਦੇ ਇੱਕ ਪੈਟਰਨ ਵਿਚ ਵਿਖਾਈ ਦਿੰਦੀ ਹੈ। ਇਸ ਪੈਟਰਨ ਵਿਚ ਲਾਲ ਰੰਗ ਸਭ ਤੋਂ ਉੱਪਰ ਅਤੇ ਜਾਮਨੀ ਰੰਗ ਸਭ ਤੋਂ ਹੇਠਾਂ ਵਿਖਾਈ ਦਿੰਦਾ ਹੈ। ਆਕਾਸ਼ ਵਿਚ ਮੌਜੂਦ ਜਲ ਬੂੰਦਾਂ ਪ੍ਰਿਜਮ ਦਾ ਕੰਮ ਕਰਦੀਆਂ ਹੋਈਆਂ ਸਤਰੰਗੀ ਪੀਂਘ ਨੂੰ ਜਨਮ ਦਿੰਦੀਆਂ ਹਨ। ਸਤਰੰਗੀ ਪੀਂਘ ਵਿਚਲੇ ਰੰਗ ਵੱਧ ਤਰੰਗ ਲੰਬਾਈ ਤੋਂ ਘੱਟ ਤਰੰਗ ਲੰਬਾਈ ਦੀ ਤਰਤੀਬ ਵਿੱਚ ਹੁੰਦੇ ਹਨ। ਪਹਿਲਾ ਰੰਗ ਲਾਲ ਹੁੰਦਾ ਹੈ। ਇਸ ਤੋਂ ਬਾਅਦ ਸੰਤਰੀ, ਪੀਲਾ, ਹਰਾ, ਨੀਲਾ ਤੇ ਇੰਡੀਗੋ ਆਉਂਦੇ ਹਨ। ਸਭ ਤੋਂ ਅਖੀਰ ਤੇ ਜਾਮਨੀ ਰੰਗ ਹੁੰਦਾ ਹੈ।

**ਮਿੱਥਾਂ ਤੇ ਵਹਿਮ ਭਰਮ** : ਦੁਨੀਆਂ ਭਰ ਵਿਚ ਸਤਰੰਗੀ ਪੀਂਘ ਦੀ ਹੋਂਦ ਸਬੰਧੀ ਕਈ ਵਹਿਮ ਭਰਮ ਪਾਲੇ ਜਾ ਰਹੇ ਹਨ। ਇਸ ਸਬੰਧੀ ਅਨੇਕਾਂ ਮਿੱਥ ਕਥਾਵਾਂ ਵੀ ਪ੍ਰਚਲਿਤ ਹਨ। ਵਧੇਰੇ ਕਰਕੇ ਸਤਰੰਗੀ ਪੀਂਘ ਨੂੰ ਸਾਕਾਰਾਤਮਕ ਚਿੰਨ੍ਹ ਵਜੋਂ ਹੀ ਦਰਸਾਇਆ ਗਿਆ ਹੈ। ਬਹੁਤੀਆਂ ਮਿੱਥ ਕਥਾਵਾਂ ਵਿਚ ਸਤਰੰਗੀ ਪੀਂਘ ਨੂੰ ਧਰਤੀ ’ਤੇ ਵਸਦੇ ਮਨੁੱਖਾਂ ਅਤੇ ਪ੍ਰਾ-ਭੌਤਿਕ ਦੇਵੀ ਦੇਵਤਿਆਂ ਵਿਚਕਾਰ ਪੁਲ ਦੇ ਰੂਪ ਵਿਚ ਦਰਸਾਇਆ ਗਿਆ ਹੈ। ਜਾਪਾਨ ਅਤੇ ਗੈਬੋਨ ਦੀਆਂ ਮਿੱਥਾਂ ਅਨੁਸਾਰ ਸਤਰੰਗੀ ਪੀਂਘ ਨੂੰ ਇੱਕ ਅਜਿਹੇ ਪੁਲ ਦੇ ਰੂਪ ਵਿਚ




ਚਿਤਰਿਆ ਗਿਆ ਹੈ ਜਿਸ ਰਾਹੀਂ ਪੂਰਵਜ਼ ਧਰਤੀ ਤੋਂ ਹੋਰਨਾਂ ਗ੍ਰਹਿਆਂ ’ਤੇ ਉਤਰਦੇ ਮੰਨੇ ਗਏ ਹਨ। ਨੌਰਸ ਦੀਆਂ ਮਿੱਥਾਂ ਵਿਚ ਵੀ ਅਜਿਹੇ ਪੁਲ ਦਾ ਜ਼ਿਕਰ ਹੈ ਜਿਹੜਾ ਧਰਤੀ ਨੂੰ ਉਸ ਸਵਰਗ ਨਾਲ ਜੋੜਦਾ ਹੈ ਜਿੱਥੇ ਦੇਵਤੇ ਰਹਿੰਦੇ ਹਨ। ਭਾਰਤੀ ਹਿੰਦੂ ਮਿਥਿਹਾਸ ਵਿਚ ਸਤਰੰਗੀ ਪੀਂਘ ਨੂੰ ਇੰਦਰ ਦੇਵਤੇ ਦੇ ਸ਼ਸ਼ਤਰ ਤੀਰ-ਕਮਾਨ ਵਜੋਂ ਦਰਸਾਇਆ ਗਿਆ ਹੈ ਜਿਸ ਨਾਲ ਇੰਦਰ ਦੇਵਤਾ ਰੌਸ਼ਨੀ ਦੇ ਤੀਰ ਚਲਾਉਂਦਾ ਹੈ। ਬਾਈਬਲ ਅਤੇ ਗਿਲਮੇਸ਼ ਦੇ ਮਹਾਂ-ਕਾਵਿ ਅਨੁਸਾਰ ਸਤਰੰਗੀ ਪੀਂਘ ਇਸ਼ਤਾਰ ਦੀ ਦੇਵੀ ਡਾਇਟੀ ਦਾ ਚਿੰਨ੍ਹ ਹੈ ਜਿਸ ਦਾ ਭਾਵ ਹੈ ਕਿ ਉਹ ਹੁਣ ਕਦੇ ਵੀ ਹੜ੍ਹਾਂ ਨਾਲ ਧਰਤੀ ਦਾ ਵਿਨਾਸ਼ ਨਹੀਂ ਕਰੇਗੀ।

ਸਭ ਤੋਂ ਪ੍ਰਸਿੱਧ ਆਇਰਸ਼ ਦੀ ਮਿੱਥ ਕਥਾ ‘ਸੋਨੇ ਦਾ ਘੜਾ’ (A Pot of Gold) ਅਨੁਸਾਰ ਸਤਰੰਗੀ ਪੀਂਘ ਦੇ ਅੰਤ ਵਿਚ ਇੱਕ ਸੋਨੇ ਦਾ ਘੜਾ ਛੁਪਿਆ ਹੁੰਦਾ ਹੈ। ਘੜੇ ਦੀ ਰਾਖੀ ਇੱਕ ਛਲ-ਕਪਟੀ ਦੁਆਰਾ ਕੀਤੀ ਜਾਂਦੀ ਹੈ। ਹਰ ਕਿਸੇ ਨੂੰ ਸਤਰੰਗੀ ਪੀਂਘ ਇੱਕੋ ਜਿਹੀ ਵਿਖਾਈ ਨਹੀਂ ਦਿੰਦੀ ਤੇ ਨਾ ਹੀ ਪੀਂਘ ਦੇ ਗੋਲਾਕਾਰੀ ਹੋਣ ਕਾਰਣ ਇਸ ਦਾ ਅੰਤਮ ਸਿਰਾ ਲਭਦਾ ਹੈ। ਇਸ ਪ੍ਰਕਾਰ ਕੋਈ ਵੀ ਵਿਅਕਤੀ ਸੋਨੇ ਦੇ ਘੜੇ ਨੂੰ ਲੱਭ ਨਹੀਂ ਸਕਦਾ।



ਬਰਮਾ (ਮਾਇਆਮਾਰ) ਦੇ ਕੁਝ ਹਿੱਸਿਆਂ ਵਿਚ ਸਤਰੰਗੀ ਪੀਂਘ ਨੂੰ ਨਾਕਾਰਾਤਮਕ ਚਿੰਨ ਵਜੋਂ ਦਰਸਾਇਆ ਜਾਂਦਾ ਹੈ ਜਿਸ ਨੂੰ

***ਬਾਕੀ ਪੰਨਾ 30 ’ਤੇ***



ਸਲਾਮ ਜ਼ਿੰਦਗੀ!

# ਮਿਹਨਤ, ਸਾਦਗੀ ਤੇ ਮਹਾਨਤਾ

# ਬਾਲ ਪੰਨਾ-2

ਸ਼ਾਹੀ ਪ੍ਰਯੋਗਸ਼ਾਲਾ 'ਚ ਵੜਦਿਆਂ ਹੀ ਸਰਕਾਰੀ ਮੁਲਾਜ਼ਮ ਦੀ ਨਜਰ ਸਾਦੇ ਜਿਹੇ ਇਨਸਾਨ 'ਤੇ ਪਈ।

ਦੇਖਦਿਆਂ ਹੀ ਇੱਕ 'ਤੇ ਇੱਕ ਸਵਾਲ ਦਾਗ ਦਿੱਤੇ, "ਤੂੰ ਇੱਥੇ ਨੌਕਰ ਹੈਂ ? ਤਨਖਾਹ ਵਧੀਆ ਮਿਲੀ ਜਾਂਦੀ ਹੋਵੇਗੀ ? ਕੀ ਨਾਮ ਹੈ ਤੇਰਾ ?"

ਕਹਿੰਦਾ, "ਹਾਂ , ਵਧੀਆ ਮਿਲਦੀ ਹੈ, ਪਰ ਥੋੜੀ ਜਿਹੀ ਹੋਰ ਵਧ ਜਾਵੇ ਤਾਂ ਚੰਗਾ।

ਮੇਰਾ ਨਾਮ ਪ੍ਰੋਫੈਸਰ ਮਾਈਕਲ ਫੈਰਾਡੇ ਹੈ, ਜਿਸਦੇ ਅਧੀਨ ਤੂੰ ਇੱਥੇ ਪ੍ਰਯੋਗ ਕਰਨ ਆਇਆ ਹੈਂ।"

ਮੁਲਾਜ਼ਮ ਦੁਨੀਆਂ ਦੇ ਨਾਮੀ ਵਿਗਿਆਨੀ ਦਾ ਪਹਿਰਾਵਾ ਅਤੇ ਸਾਦਗੀ ਦੇਖ ਹੈਰਾਨ ਰਹਿ ਗਿਆ। ਉਸਨੂੰ ਹੈਰਾਨ ਹੋਇਆ ਦੇਖ ਮਾਈਕਲ ਨੇ ਆਪਣੀ ਗਾਥਾ ਦੱਸੀ।

ਸੱਜਣਾ ਹੈਰਾਨ ਨਾ ਹੋ ਮੈਂ ਬਚਪਨ ਤੋਂ ਹੀ ਇਹੋ ਜਿਹਾ ਹਾਂ। ਛੋਟਾ ਹੁੰਦਾ ਕੁਝ ਤੁਤਲਾ ਜਿਹਾ ਸੀ। ਕੁਝ ਅੱਖਰ ਮੈਥੋਂ ਬੋਲ ਨਹੀਂ ਸਨ ਹੁੰਦੇ । ਮੇਰੀ ਟੀਚਰ ਉਚਾਰਨ ਨੂੰ ਲੈਕੇ ਬੜੀ ਸਖਤ ਸੀ। ਸਹੀ ਬੋਲਣ ਨੂੰ ਲੈਕੇ ਮੇਰੇ ਨਾਲ ਸਖਤੀ ਕਰਦੀ ਪਰ ਮੈਥੋਂ ਸਹੀ ਨਹੀਂ ਸੀ ਬੋਲਿਆ ਜਾਂਦਾ। ਉਸ ਨੇ ਰੋਜ ਮੈਨੂੰ ਘੂਰਨਾ ਤੇ ਮੈਂ ਘਰ ਆਕੇ ਮਾਂ ਕੋਲ ਰੋਣਾ। ਮੇਰੇ ਬਾਲ ਮਨ 'ਚ ਟੀਚਰ ਦਾ ਏਨਾ ਸਹਿਮ ਬੈਠ ਗਿਆ ਕਿ ਆਖਰ ਘਰਦਿਆਂ ਨੂੰ ਮੈਨੂੰ ਸਕੂਲੋਂ ਹਟਾਉਣ ਦਾ ਫੈਸਲਾ ਲੈਣਾ ਪਿਆ ।

ਮੈਨੂੰ ਪੜ੍ਹਨ ਦਾ ਸ਼ੌਕ ਸੀ ਪਰ ਸਕੂਲ ਜਾਣ ਤੋਂ ਡਰ ਲਗਦਾ ਸੀ। ਘਰ 'ਚ ਗਰੀਬੀ ਏਨੀ ਸੀ ਕਿ ਮੇਰੇ ਸ਼ੌਕ ਲਈ ਕਿਤਾਬਾਂ ਮੁੱਲ ਖਰੀਦਣੀਆਂ ਦੂਰ ਰੋਟੀ ਦਾ ਜੁਗਾੜ ਕਰਨਾ ਔਖਾ ਹੋਇਆ ਪਿਆ ਸੀ। ਕਿਸ਼ੋਰ ਉਮਰ ਵਿੱਚ ਜਾਂਦਿਆਂ ਹੀ ਮੈਂ ਕਾਗਜਾਂ ਦੇ ਇੱਕ ਵਪਾਰੀ ਕੋਲ ਨੌਕਰੀ ਕਰ ਲਈ। ਉੱਥੇ ਆਏ ਅਖਬਾਰਾਂ ਨੂੰ ਵੰਡਣ ਸਮੇਂ ਮੈਂ ਉਹਨਾਂ 'ਤੇ ਝਾਤੀ ਮਾਰ ਲੈਂਦਾ। ਲੋਕ ਜਿਲਦਾਂ ਬੰਨਣ ਲਈ ਕਿਤਾਬਾਂ ਦੇ ਜਾਂਦੇ।

ਮੈਂ ਜਿਲਦ ਬੰਨ੍ਹ ਕੇ ਰਾਤ ਨੂੰ ਉਹ ਕਿਤਾਬਾਂ ਪੜ੍ਹ ਲੈਂਦਾ। ਕਈ ਵਾਰ ਪੂਰੀ ਤਨਖਾਹ ਬੁੱਧੀਜੀਵੀਆਂ ਵਿਗਿਆਨੀਆਂ ਦੇ ਲੈਕਚਰ ਸੁਣਨ 'ਤੇ ਲਾ ਦਿੰਦਾ। ਉਹਨਾਂ ਦੇ ਲੈਕਚਰ ਸੁਣਕੇ ਤੇ ਦੁਕਾਨ 'ਚ ਆਈਆਂ ਕਿਤਾਬਾਂ ਦੇ ਅਧਾਰ 'ਤੇ ਮੈਂ ਕੁਝ ਲੇਖ ਲਿਖੇ ਜੋ ਸਾਡੀ ਦੁਕਾਨ ਦੇ ਇੱਕ ਗਾਹਕ ਮਿਸਟਰ ਡਾਨਸ ਨੂੰ ਬੜੇ ਪਸੰਦ ਆਏ ।

ਉਸਦੀ ਬਦੌਲਤ ਮੈਨੂੰ ਮਸ਼ਹੂਰ ਵਿਗਿਆਨੀ ਡੈਵੀ ਦੇ ਲੈਕਚਰ ਸੁਣਨ ਦੇ ਮੌਕੇ ਮਿਲੇ। ਆਖਰ ਕੁੱਝ ਨਾਂਹ ਨੁੱਕਰ ਤੋਂ ਬਾਅਦ ਡੈਵੀ ਨੇ ਮੇਰੀ ਲਗਨ ਦੇਖ ਮੈਨੂੰ ਪ੍ਰਯੋਗਸ਼ਾਲਾ ਵਿੱਚ ਆਪਣੇ ਨਾਲ ਰੱਖ ਲਿਆ। ਡੈਵੀ ਦੇ ਸੰਪਰਕ 'ਚ ਆਕੇ ਮੇਰੀ ਜ਼ਿੰਦਗੀ ਹੀ ਬਦਲ ਗਈ। ਉਸ ਨਾਲ ਮੇਰੀ ਬਹੁਤ ਨੇੜਤਾ ਤੇ ਪਿਆਰ ਬਣ ਗਿਆ ਪਰ ਜਦੋਂ ਮੈਂ ਚੁੰਬਕਾਂ ਵਿਚਾਲੇ ਕੁਆਇਲ ਹਿਲਾਕੇ ਬਿਜਲੀ ਬਣਾ ਕੇ ਦਿਖਾ ਦਿੱਤੀ ਤਾਂ ਡੈਵੀ ਮੇਰੇ ਨਾਲ ਸਾੜਾ ਰੱਖਣ ਲੱਗ ਪਿਆ।

ਯੂਨੀਵਰਸਿਟੀ 'ਚ ਪੜ੍ਹੇ ਨਾਮੀ ਵਿਗਿਆਨੀ ਦੁਆਰਾ ਇੱਕ ਝੁੱਗੀ 'ਚੋਂ ਉੱਠ ਕੇ ਆਏ ਗਰੀਬ ਦਾ ਇਹ ਕਾਰਨਾਮਾ ਨਾ ਜਰਨਾ ਸੁਭਾਵਿਕ ਹੀ ਸੀ।

ਉਹ ਮੇਰੇ ਨਾਲ ਕਿਸੇ ਗੱਲੋਂ ਲੜ ਪਿਆ ਤੇ ਮੇਰਾ ਵਿਰੋਧੀ ਬਣ ਗਿਆ, ਪਰ ਮੇਰੇ ਮਨ ਵਿੱਚ ਉਸਦੀ ਇੱਜਤ ਉਸੇ ਤਰ੍ਹਾਂ ਬਣੀ ਰਹੀ। ਮੇਰੇ ਕੋਲ ਕੋਈ ਸਕੂਲੀ ਡਿਗਰੀ ਨਹੀਂ ਸੀ। ਫੇਰ ਵੀ ਮੈਂ ਇੱਕੀ ਸਾਲ ਮਿਲਟਰੀ ਅਕੈਡਮੀ 'ਚ ਬਤੌਰ ਕੈਮਿਸਟਰੀ ਪ੍ਰੋਫੈਸਰ ਜਾਣਿਆਂ ਜਾਂਦਾ ਰਿਹਾ। ਸਾਰੀ ਜ਼ਿੰਦਗੀ ਮੈਂ ਪੜ੍ਹਨ ਪੜ੍ਹਾਉਣ ਅਤੇ ਖੋਜਾਂ ਕਰਨ ਵਿੱਚ ਏਨਾ ਖੁੱਭਿਆ ਰਿਹਾ ਕਿ ਮੇਰਾ ਕੱਪੜੇ ਅਤੇ ਚਕਾਚੌਂਧ ਵਾਲੀ ਦੁਨੀਆ ਵੱਲ ਬਹੁਤਾ ਧਿਆਨ ਹੀ ਨਹੀਂ ਗਿਆ ।

ਪੈਸਾ ਆਉਣ ਤੋਂ ਬਾਅਦ ਅਤੇ ਮਹਾਰਾਣੀ ਵਿਕਟੋਰੀਆ ਦੁਆਰਾ ਦਿੱਤੇ ਅਨੇਕਾਂ ਤੋਹਫਿਆਂ ਦੇ ਬਾਵਜੂਦ ਵੀ ਮੇਰਾ ਜੀਵਨ ਸਾਦ ਮੁਰਾਦਾ ਹੀ ਨਿਕਲ ਗਿਆ। ਮੇਰੀ ਮਿਹਨਤ ਤੇ ਸਾਦਗੀ ਨੇ ਮੈਨੂੰ ਮੰਜ਼ਿਲ ਦੇ ਉੱਚੇ ਮੁਕਾਮ ਤੱਕ ਪੁੱਜਦਾ ਕੀਤਾ। ਮੁਲਾਜਮ ਪ੍ਰੋ.ਫ਼ੈਰਾਡੇ ਦੀ ਮਹਾਨਤਾ ਨੂੰ ਮਨ ਹੀ ਮਨ ਸਿਜਦਾ ਕਰ ਰਿਹਾ ਸੀ।

---

*ਬਾਲ ਪੰਨਾ 29 ਦਾ ਬਾਕੀ...*

ਬੱਚਿਆਂ ਦੇ ਮਨਾਂ ਅੰਦਰ ਖੌਫ਼ ਪੈਦਾ ਕਰਨ ਵਾਲੀ ਮੰਨਿਆ ਗਿਆ ਹੈ। ਐਮੇਜ਼ਿਨ ਬੇਸਿਨ ਦੇ ਕਬਾਇਲੀ ਲੋਕ ਸਤਰੰਗੀ ਪੀਂਘ ਨੂੰ ਬਿਮਾਰੀਆਂ ਦੇ ਪੈਦਾ ਹੋਣ ਦਾ ਪ੍ਰਤੀਕ ਮੰਨਦੇ ਹਨ। ਅੱਜ ਵਿਗਿਆਨਕ ਖੋਜਾਂ ਤੇ ਵਿਗਿਆਨਕ ਵਿਚਾਰਧਾਰਾ ਨੇ ਇਨ੍ਹਾਂ ਸਾਰੀਆਂ ਮਿੱਥਾਂ ਅਤੇ ਵਹਿਮਾਂ-ਭਰਮਾਂ ਦਾ ਅੰਤ ਕਰ ਦਿੱਤਾ ਹੈ। ਅੱਜ ਦਾ ਮਨੁੱਖ ਵਿਗਿਆਨ ਸਦਕਾ ਕੁਦਰਤੀ ਖਗੋਲੀ ਵਰਤਾਰਿਆਂ ਨੂੰ ਸਮਝਣ ਤੇ ਮਾਨਣ ਦੇ ਯੋਗ ਹੋਇਆ ਹੈ।

98762-24461

*ਕਹਾਣੀ*

# ਅਣਿਆਈ ਮੌਤ



**ਸਵੈ ਪ੍ਰਕਾਸ਼**

ਗੱਲ ਉਸ ਸਮੇਂ ਦੀ ਹੈ ਜਦੋਂ ਮੈਂ ਨੌਂਵੀਂ ਵਿੱਚ ਪੜ੍ਹਦਾ ਸੀ। ਸਾਡੀ ਜਮਾਤ ਵਿੱਚ ਅਮ੍ਰਿਤ ਲਾਲ ਨਾਮ ਦਾ ਇੱਕ ਲੜਕਾ ਹੁੰਦਾ ਸੀ। ਪਿਆਰ ਨਾਲ ਸਾਰੇ ਉਸਨੂੰ ਇੰਮੀ ਕਹਿੰਦੇ ਸਨ। ਇੰਮੀ ਫੁੱਟਬਾਲ ਦਾ ਬਹੁਤ ਵਧੀਆ ਖਿਡਾਰੀ ਸੀ। ਉਹ ਨਾ ਸਿਰਫ ਫੁੱਟਬਾਲ ਦੀ ਸਕੂਲ ਦੀ ਟੀਮ ਵਿੱਚ ਸੀ ਸਗੋਂ ਜਿਲ੍ਹੇ ਦੀ ਟੀਮ ਵਿੱਚ ਵੀ ਖੇਡ ਚੁੱਕਾ ਸੀ। ਉਸਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਕਈ ਵਾਰ ਉਹ ਸਮੇਂ 'ਤੇ ਫੀਸ ਜਮਾਂ ਨਹੀਂ ਕਰਵਾ ਪਾਇਆ ਸੀ ਅਤੇ ਉਸ ਨੂੰ ਅਕਸਰ ਆਪਣੀ ਫੀਸ ਮਾਫ ਕਰਵਾਉਣ ਲਈ ਕਦੇ ਇਸਦੇ ਅਤੇ ਕਦੇ ਉਸਦੇ ਪਿੱਛੇ ਘੁੰਮਦੇ ਦੇਖਿਆ ਜਾ ਸਕਦਾ ਸੀ। ਉਸਨੂੰ ਕਿਹਾ ਗਿਆ ਸੀ ਕਿ ਜਿਸ ਦਿਨ ਉਹ ਰਾਜ ਪੱਧਰੀ ਟੀਮ ਵਿੱਚ ਚੁਣਿਆ ਜਾਏਗਾ, ਉਸਦੀ ਫੀਸ ਮਾਫ ਕਰ ਦਿੱਤੀ ਜਾਏਗੀ। ਨਤੀਜਾ ਇਹ ਹੋਇਆ ਕਿ ਸਕੂਲ ਤੋਂ ਬਾਦ ਹਨੇਰਾ ਹੋਣ ਤੱਕ ਉਹ ਸਕੂਲ ਦੇ ਮੈਦਾਨ ਵਿੱਚ ਖੇਡਦਾ ਰਹਿੰਦਾ- ਭਾਵੇਂ ਇਕੱਲਾ ਹੀ ਹੁੰਦਾ, ਮੈਦਾਨ ਦੇ ਦੌੜ ਕੇ ਚੱਕਰ ਲਾਉਂਦਾ ਰਹਿੰਦਾ।

ਇੱਕ ਦਿਨ ਸਵੇਰੇ-ਸਵੇਰੇ ਪਤਾ ਲੱਗਿਆ ਕਿ ਇੰਮੀ ਦੇ ਪਿਤਾ ਜੀ ਦੀ ਮੌਤ ਹੋ ਗਈ ਹੈ। ਸਾਨੂੰ ਬੜਾ ਦੁੱਖ ਹੋਇਆ। ਪੂਰੀ ਕਲਾਸ ਨੂੰ ਪਾਲਾ ਮਾਰ ਗਿਆ। ਅੱਧੀ ਛੁੱਟੀ ਵੇਲੇ ਜਦੋਂ ਬਾਹਰ ਨਿੱਕਲੇ ਤਾਂ ਸੜਕ 'ਤੇ ਇੰਮੀ ਦੇ ਪਿਤਾ ਦੀ ਅੰਤਿਮ ਯਾਤਰਾ ਨਿੱਕਲ ਰਹੀ ਸੀ। ਸਭ ਤੋਂ ਅੱਗੇ ਇੱਕ ਆਦਮੀ ਇੰਮੀ ਦੀ ਬਾਂਹ ਫੜਕੇ ਚੱਲ ਰਿਹਾ ਸੀ। ਇੰਮੀ ਦੇ ਹੱਥ ਵਿੱਚ ਇੱਕ ਛਿੱਕਾ ਫੜਿਆ ਹੋਇਆ ਸੀ ਜਿਸ ਵਿੱਚ ਰੱਖੀ ਮਟਕੀ ਵਿੱਚੋਂ ਧੂੰਆਂ ਨਿੱਕਲ ਰਿਹਾ ਸੀ। ਪਿੱਛੇ ਪਿੱਛੇ ਉਸਦੇ ਪਿਤਾ ਦੀ ਅਰਥੀ। ਤੇ ਅਰਥੀ ਪਿੱਛੇ ਚਲਦੇ ਵੀਹ ਪੱਚੀ ਲੋਕ।

ਤੀਜੇ ਦਿਨ ਸਾਡੀ ਜਮਾਤ ਦੇ ਵੱਡੇ ਮੁੰਡਿਆਂ ਬਾਲਕਿਸ਼ਨ ਤੇ ਰਾਧੇ ਸ਼ਿਆਮ ਨੇ ਆਪਸ ਵਿੱਚ ਕੁੱਝ ਗੱਲਬਾਤ ਕੀਤੀ ਅਤੇ ਸਾਨੂੰ ਸਾਰਿਆਂ ਨੂੰ ਬੁਲਾਕੇ ਕਿਹਾ ਕਿ ਸਾਨੂੰ ਇੰਮੀ ਦੇ ਘਰ ਬੈਠਣ ਜਾਣਾ ਚਾਹੀਦਾ ਹੈ। ਉਸ ਸਮੇਂ ਮੈਨੂੰ ਨਹੀਂ ਸੀ ਪਤਾ ਕਿ ਬੈਠਣ ਜਾਣ ਦਾ ਮਤਲਬ ਅਫਸੋਸ ਕਰਨ ਜਾਣਾ ਹੁੰਦਾ ਹੈ। ਬਾਲ ਕਿਸ਼ਨ ਤੇ ਰਾਧੇਸ਼ਿਆਮ ਦੇ ਸੁਝਾਅ ਨਾਲ ਸਾਰੇ ਸਹਿਮਤ ਹੋ ਗਏ।

ਪਰ ਜਦੋਂ ਅਮੀਰ ਵਕੀਲ ਕੁਟੰਬਲੇ ਦੇ ਬੇਟੇ ਅਸ਼ੋਕ ਨੇ ਕਿਹਾ ਕਿ ਕੱਲ੍ਹ ਸਾਰੇ ਚਿੱਟੇ ਕੱਪੜੇ ਪਾਕੇ ਆਉਣਗੇ ਤਾਂ ਮਾਮਲਾ ਥੋੜ੍ਹਾ ਉਲਝ ਗਿਆ। ਸਾਰਿਆਂ ਕੋਲ ਸਫੇਦ ਪੈਂਟ-ਸ਼ਰਟ ਹੈ ਵੀ ਨਹੀਂ ਸੀ, ਜੇ ਇੱਕ ਦੋ ਕੋਲ ਸੀ ਵੀ ਤਾਂ ਸਾਫ ਨਹੀਂ ਸੀ, ਜਾਂ ਫਟੀ ਹੋਈ ਸੀ। ਦੂਜੀ ਗੱਲ ਇਹ ਸੀ ਕਿ ਸਫੇਦ ਕੱਪੜੇ ਪਾਉਣ ਲਈ ਛੁੱਟੀ ਤੋਂ ਬਾਦ ਪਹਿਲਾਂ ਘਰ ਜਾਣਾ ਪੈਣਾ ਸੀ, ਫਿਰ ਘਰ ਵਾਲੇ ਜਾਣ ਦਿੰਦੇ ਜਾਂ ਨਾ। ਬਹੁਤੇ ਬੱਚਿਆਂ ਲਈ ਸਕੂਲ ਦੀ ਛੁੱਟੀ ਤੋਂ ਬਾਦ ਸਕੂਲ ਤੋਂ ਸਿੱਧਾ ਇੰਮੀ ਦੇ ਘਰ ਜਾਣਾ ਸੌਖਾ ਸੀ। ਵੈਸੇ ਵੀ ਇੰਮੀ ਦਾ ਘਰ ਸਕੂਲ ਤੋਂ ਜ਼ਿਆਦਾ ਦੂਰ ਨਹੀਂ ਸੀ।

ਤਾਂ ਅਗਲੇ ਦਿਨ ਅਸੀਂ ਸਕੂਲ ਤੋਂ ਸਿੱਧੇ ਇੰਮੀ ਦੇ ਘਰ ਗਏ- ਬੈਠਣ ਵਾਸਤੇ। ਇੰਮੀ ਦਾ ਘਰ ਬਹੁਤ ਸਾਰੇ ਦਰਖਤਾਂ ਨਾਲ ਘਿਰਿਆ ਹੋਇਆ ਇੱਕ ਖੰਡਰਨੁਮਾ, ਪਰ ਹਵਾਦਾਰ ਇੱਕ ਮੰਜ਼ਿਲਾ ਮਕਾਨ ਸੀ, ਜੋ ਇਸ ਸਮੇਂ ਬਹੁਤ ਸੁੰਨਾ-ਸੁੰਨਾ ਲੱਗ ਰਿਹਾ ਸੀ। ਅਸੀਂ ਸੰਕੋਚ ਦੇ ਮਾਰੇ ਬਾਹਰ ਖੜ੍ਹੇ ਏਧਰ ਉਧਰ ਦੇਖ ਰਹੇ ਸੀ। ਏਨੀ ਦੇਰ ਚ ਇੱਕ ਵੱਡੀ ਉਮਰ ਦੀ ਕੁੜੀ ਨੇ ਸਾਨੂੰ ਦੇਖ ਕੇ ਪੁੱਛਿਆ, "ਕੀਹਨੂੰ ਮਿਲਣਾ ਹੈ ? ਇੰਮੀ ਨੂੰ ? ਆ ਜਾਓ, ਆ ਜਾਓ, ਇੰਮੀ.... ਤੇਰੇ ਦੋਸਤ ਆਏ ਨੇ।"

ਬੋਲਦੀ ਬੋਲਦੀ ਲੜਕੀ ਮਕਾਨ ਦੇ ਪਿੱਛੇ ਚਲੀ ਗਈ।

ਅਸੀਂ ਹੌਲੀ ਹੌਲੀ ਚਲਦੇ ਚੁੱਪ-ਚਾਪ ਅੰਦਰ ਚਲੇ ਗਏ, ਅਤੇ ਮਕਾਨ ਦੇ ਨੰਗੇ ਠੰਡੇ ਫਰਸ਼ 'ਤੇ ਇੱਕ ਦੂਜੇ ਵਿੱਚ ਫਸਕੇ ਪਲਾਥੀ ਮਾਰਕੇ ਬੈਠ ਗਏ। ਚਾਰ ਪੰਜ ਮਿੰਟ ਬਾਦ ਇੰਮੀ ਆਇਆ। ਆਪਣੇ ਨਾਪ ਤੋਂ ਕਿਤੇ ਛੋਟਾ ਗੁੱਛਾ-ਮੁੱਛਾ ਚਿੱਟੇ ਰੰਗ ਦਾ ਕੁੜਤਾ ਪਜਾਮਾ ਪਾਈ, ਚੋਪੜਿਆ ਹੋਇਆ ਸਿਰ ਤੇ ਪਿੱਛੇ ਛੋਟੀ ਜਿਹੀ ਬੋਦੀ। ਇੰਮੀ ਜ਼ੋਰ-ਜ਼ੋਰ ਨਾਲ ਬੋਲਦਾ ਹੋਇਆ ਅੰਦਰ ਆਇਆ, "ਮੈਂ ਸੋਚ ਹੀ ਰਿਹਾ ਸੀ ਕਿ ਸਕੂਲ ਤੋਂ ਕੋਈ ਨਾ ਕੋਈ ਆਏਗਾ ਜ਼ਰੂਰ। ਹੋਰ ? ਕੀ ਹਾਲ ਹੈ ? ਕਿਵੇਂ ਚੱਲ ਰਿਹੈ ? ਕੱਲ੍ਹ ਹਿਸਾਬ ਦਾ ਟੈਸਟ ਹੋਇਆ ਸੀ ਕੀ ? ਹੋਰ ਗਹਿਲੋਤ ਸਰ ਦਾ ਕੀ ਹਾਲ ਐ ? ਜੇ ਸਟੇਟ ਵਿੱਚ ਸਿਲੈਕਟ ਕਰਵਾ ਦਿੰਦੇ ਤਾਂ ਘੱਟ ਤੋਂ ਘੱਟ ਜੁੱਤੇ ਤੇ ਜਰਸੀ ਤਾਂ ਮਿਲ ਜਾਂਦੀ। ਪਰ ਉਨ੍ਹਾ ਦੀਆਂ ਤਾਂ ਫਰਮਾਇਸ਼ਾਂ ਹੀ ਗਜ਼ਬ ਸਨ !! ਹਾਂ ਸੱਚ ਭਾਰਗਵ ਆ ਰਿਹੈ ? ਉਹਦੇ ਕੋਲ ਮੇਰੀ ਮੈਥ ਦੀ ਕਾਪੀ ਰਹਿ ਗਈ ਸੀ। ਖੈਰ!

ਉਹਨੂੰ ਕਹਿਣਾ ਕਿ ਹੁਣ ਉਹ ਰੱਖ ਲਵੇ। ਹੁਣ ਮੈਨੂੰ

ਉਸਦੀ ਲੋੜ ਨਹੀਂ।

"ਤੇਰੇ ਪਿਤਾ ਜੀ ਨੂੰ ਕੀ ਹੋਇਆ ਸੀ ਇੰਮੀ?", ਅਸ਼ੋਕ ਨੇ ਪੁੱਛਿਆ।

"ਉਨ੍ਹਾਂ ਨੂੰ ਤਾਂ ਟੀਬੀ ਸੀ ਨਾ! ਬਹੁਤ ਦਿਨਾਂ ਤੋਂ ਸੀ" ਇੰਮੀ ਨੇ ਇਸ ਤਰ੍ਹਾਂ ਕਿਹਾ ਜਿਵੇਂ ਇਹ ਗੱਲ ਹੋਰਾਂ ਦੀ ਤਰ੍ਹਾਂ ਸਾਨੂੰ ਵੀ ਪਤਾ ਹੋਣੀ ਚਾਹੀਦੀ ਸੀ। ਏਨੇ ਚਿਰ ਵਿੱਚ ਉਹੀ ਵੱਡੀ ਲੜਕੀ ਪਿੱਤਲ ਦੇ ਲੋਟੇ ਵਿੱਚ ਠੰਡਾ ਪਾਣੀ ਲੈ ਆਈ। ਨਾਲ ਇੱਕ ਪਿੱਤਲ ਦਾ ਗਲਾਸ ਵੀ। ਪਿਆਸ ਤਾਂ ਸਾਨੂੰ ਸਾਰਿਆਂ ਨੂੰ ਲੱਗੀ ਹੀ ਸੀ। ਸਾਰਿਆਂ ਨੇ ਪਾਣੀ ਪੀਤਾ।

ਫਿਰ ਪਿੱਛੇ ਕੁਝ ਸ਼ੋਰ ਸੁਣਾਈ ਦਿੱਤਾ, ਤਾਂ ਇੰਮੀ ਉੱਠਕੇ ਦੇਖਣ ਗਿਆ ਤੇ ਤੁਰੰਤ ਮੁੜ ਆਇਆ। ਉਸਦੇ ਹੱਥ ਵਿੱਚ ਅੱਠ-ਦਸ ਅਮਰੂਦ ਸਨ। "ਅਮਰੂਦ ਖਾਉਗੇ? ਆਪਣੇ ਬਗੀਚੇ ਦੇ ਐ। ਲਓ ਖਾਓ। ਕਈ ਤਾਂ ਤੋਤੇ ਕੁਤਰ ਜਾਂਦੇ ਹਨ। ਪਤਾ ਹੈ ਥੋਨੂੰ ਤੋਤਿਆਂ ਦੇ ਕੁਤਰੇ ਹੋਏ ਅਮਰੂਦ ਬਹੁਤ ਮਿੱਠੇ ਹੁੰਦੇ ਐ। ਲਓ..." ਉਹ ਸਾਰਿਆ ਵੱਲ ਇੱਕ-ਇੱਕ ਅਮਰੂਦ ਸੁੱਟਦਾ ਗਿਆ, ਅਸੀਂ ਕੈਚ ਕਰਦੇ ਗਏ। ਸਮਝ ਨਹੀਂ ਆ ਰਿਹਾ ਸੀ ਖਾਈਏ ਕਿ ਨਾ ਖਾਈਏ। ਪਰ ਇੰਮੀ ਖੁਦ ਖਾ ਰਿਹਾ ਸੀ। ਸਾਨੂੰ ਸੰਕੋਚ ਕਰਦੇ ਵੇਖ ਕੇ ਬੇਪ੍ਰਵਾਹੀ ਨਾਲ ਬੋਲਿਆ, "ਖਾਓ ਯਾਰ, ਸਾਡੇ ਚਲਦੈ।" ਸੰਕੋਚ ਦੇ ਮਾਰੇ ਅਸੀਂ ਹੌਲੀ ਹੌਲੀ ਖਾਣ ਲੱਗੇ। ਅਮਰੂਦ ਮਿੱਠੇ ਸਨ। ਭੁੱਖ ਤਾਂ ਲੱਗੀ ਹੀ ਸੀ। ਇੰਮੀ ਬੋਲਿਆ, "ਤੋਤੇ ਐ ਨਾ, ਐਨੇ ਆਉਂਦੇ ਐ ਕਿ ਕੀ ਦੱਸਾਂ, ਖਾਣ ਦੀ ਤਾਂ ਕੋਈ ਗੱਲ ਨਹੀਂ ਪਰ ਸਾਲੇ ਕੱਚਿਆਂ ਨੂੰ ਹੀ ਥੋੜ੍ਹਾ ਜਿਹਾ ਕੁਤਰ ਕੇ ਸੁੱਟ ਦਿੰਦੇ ਐ। ਅਸੀਂ ਜਾਲੀ ਵੀ ਵਿਛਾਈ, ਤਾਂ ਪੱਠੇ ਜਾਲੀ ਨੂੰ ਹੀ ਕੱਟ ਗਏ। ਹੋਰ ਖਾਉਗੇ? ਛੱਡੋ ਯਾਰ... ਤੁਸੀਂ ਪਿੱਛੇ ਹੀ ਕਿਉਂ ਨਹੀਂ ਆ ਜਾਂਦੇ? ਆਪਾਂ ਪਿੱਛੇ ਹੀ ਚਲਦੇ ਹਾਂ। ਜੱਕੂ ਨੂੰ ਚੜ੍ਹਾ ਦਿਆਂਗੇ, ਉਹ ਤੋੜ-ਤੋੜ ਦਿੰਦਾ ਜਾਊਗਾ। ਕੋਈ ਹੋਰ ਨਾ ਚੜ੍ਹਿਉ। ਅਮਰੂਦ ਦੀਆਂ ਟਹਿਣੀਆਂ ਕੱਚੀਆਂ ਹੁੰਦੀਆਂ ਹਨ।" ਬੋਲਦੇ-ਬੋਲਦੇ ਹੀ ਉਹ ਤੁਰ ਪਿਆ। ਪਿੱਛੇ-ਪਿੱਛੇ ਅਸੀਂ.।

ਘਰ ਦੇ ਪਿਛਲੇ ਵਿਹੜੇ ਵਿੱਚ ਅਮਰੂਦਾਂ ਦੇ ਦੋ ਵੱਡੇ ਵੱਡੇ ਰੁੱਖ ਲੱਗੇ ਸਨ। ਫਲਾਂ ਨਾਲ ਲੱਦੇ ਪਏ ਸਨ। ਕੁੱਝ ਛੋਟੇ ਬੱਚੇ ਅਮਰੂਦ ਤੋੜ ਕੇ ਖਾ ਰਹੇ ਸਨ। ਸਾਨੂੰ ਦੇਖਕੇ ਉਹ ਭੱਜ ਗਏ। ਅਸੀਂ ਵੀ ਅਮਰੂਦ ਖਾਣ ਲੱਗੇ ਅਤੇ ਥੋੜ੍ਹੀ ਦੇਰ ਲਈ ਇਹ ਭੁੱਲ ਹੀ ਗਏ ਕਿ ਅਸੀਂ ਏਥੇ ਅਮਰੂਦ ਖਾਣ ਨਹੀਂ ਬੈਠਣ ਆਏ ਸੀ। ਕੋਈ ਘੰਟੇ ਬਾਦ ਬਾਹਰ ਨਿੱਕਲਣ ਲੱਗੇ ਤਾਂ ਮੰਜੂ ਨੇ ਇੰਮੀ ਨੂੰ ਪੁੱਛਿਆ, "ਇੰਮੀ! ਤੂੰ ਸਕੂਲ ਕਦੋਂ ਆਏਂਗਾ?" ਇੰਮੀ ਬੋਲਿਆ, "ਹੁਣ ਨਹੀਂ ਆਊਂਗਾ"। ਰਾਧੇ ਸ਼ਿਆਮ ਨੇ ਪੁੱਛਿਆ, "ਤਾਂ ਫਿਰ ਕੀ ਕਰੇਂਗਾ?"

ਇੰਮੀ ਬੋਲਿਆ, "ਸਬਜੀ ਦਾ ਠੇਲਾ ਲਾਵਾਂਗਾ। ਜਿੱਥੇ ਬਾਊ ਜੀ ਲਾਉਂਦੇ ਸੀ- ਭੰਡਾਰੀ ਮਿੱਲ ਦੇ ਸਾਹਮਣੇ ਉੱਥੇ ਲਾਊਂਗਾ। ਚਾਚਾ ਜੀ ਪਿੰਡੋਂ ਸਬਜੀ ਲਿਆਉਂਦੇ ਹਨ। ਉਨ੍ਹਾਂ ਦੇ ਦੋਵੇਂ ਬੇਟੇ ਹੁਕਮਚੰਦ ਮਿੱਲ ਦੇ ਅੱਗੇ ਲਾਉਂਦੇ ਹਨ। ਮੈਂ ਏਧਰ ਲਾਊਂਗਾ। ਦਿਨ ਦੇ ਪੰਜਾਹ ਰੁਪਈਏ ਵੀ ਕਮਾ ਲਏ ਤਾਂ ਬਹੁਤ ਐ ਯਾਰ! ਮੈਂ ਆਂ ਅਤੇ ਮਾਂ ਐ। ਹੋਰ ਹੈ ਕੌਣ? ਇੱਕ ਭੈਣ ਸੀ ਉਹਦਾ ਵਿਆਹ 'ਕਰਤਾ। ਵੈਸੇ ਵੀ ਆਦਮੀ ਪੜ੍ਹ ਲਿਖ ਕੇ ਵੀ ਕੀ ਕਰਦਾ ਹੈ? ਕੰਮ ਧੰਦਾ ਹੀ ਤਾਂ ਕਰਦਾ ਹੈ।"

"ਤੇ ਫੁੱਟਬਾਲ?" ਕਿਸੇ ਨੇ ਹੌਲੀ ਜਿਹੀ ਪੁੱਛਿਆ। "ਫੁੱਟਬਾਲ ਨਾਲ ਰੋਟੀ ਨਹੀਂ ਮਿਲਦੀ। ਸਮਝੇ? ਕੋਈ ਕਿੰਨਾ ਵੀ ਵੱਡਾ ਪਲੇਅਰ ਹੋ ਜਾਵੇ...। ਸਮਝੇ? ਇਹ ਖੇਲ-ਵੇਲ ਸਭ ਭਰੇ ਢਿੱਡ ਵਾਲਿਆ ਦੀਆਂ ਗੱਲਾਂ ਨੇ।" ਇੰਮੀ ਚਿੜ ਗਿਆ। "ਹੋ ਜਾਉ ਪਲੇਅਰ, ਪਰ ਕੰਮ ਧੰਦਾ ਤਾਂ ਤੁਹਾਨੂੰ ਕਰਨਾ ਹੀ ਪੈਣਾ ਹੈ।"

ਇੰਮੀ ਦੀ ਗੱਲ ਸੁਣ ਕੇ ਅਸੀਂ ਚੁੱਪ ਤੇ ਉਦਾਸ ਹੋ ਗਏ। ਲੱਗ ਰਿਹਾ ਸੀ ਜਿਵੇਂ ਉਹ ਸਾਨੂੰ ਨਹੀਂ ਖੁਦ ਨੂੰ ਸਮਝਾ ਰਿਹਾ ਸੀ। ਬੋਲਦੇ ਸਮੇਂ ਉਸਦੀ ਅਵਾਜ਼ ਕੰਬ ਰਹੀ ਸੀ, ਲੱਗ ਰਿਹਾ ਸੀ ਜਿਵੇਂ ਕਿਸੇ ਵੀ ਪਲ ਉਹ ਰੋ ਪਏਗਾ। ਰਾਧੇ ਸ਼ਿਆਮ ਨੇ ਇੰਮੀ ਨੂੰ ਗਲ ਨਾਲ ਲਾ ਲਿਆ ਤੇ ਕਿਹਾ, "ਤੇਰੇ ਪਿਤਾ ਜੀ ਦੀ ਡੈੱਥ ਦਾ ਬਹੁਤ ਅਫਸੋਸ ਹੋਇਆ ਇੰਮੀ।" ਇੰਮੀ ਬੋਲਿਆ, "ਜੋ ਵਾਪਰ ਗਿਆ ਸੋ ਵਾਪਰ ਗਿਆ ਭਰਾ। ਫਿਰ ਰੋਵੋ ਭਾਵੇਂ ਛਾਤੀ ਪਿੱਟੋ, ਚਾਹੇ ਕੁੱਝ ਵੀ ਕਰੋ।" ਇੰਮੀ ਆਪਣੀ ਉਮਰ ਤੋਂ ਬਹੁਤ ਵੱਡਾ ਲੱਗ ਰਿਹਾ ਸੀ ਅਤੇ ਇੱਕਦਮ ਵੱਡੇ ਬੰਦਿਆਂ ਵਾਂਗ ਬੋਲ ਰਿਹਾ ਸੀ। ਅਸੀਂ ਚੁੱਪ- ਚਾਪ ਮੂੰਹ ਲਟਕਾਕੇ ਬਾਹਰ ਨਿੱਕਲ ਆਏ ਅਤੇ ਵਾਪਸ ਆ ਗਏ।

ਚਾਰ ਪੰਜ ਸਾਲ ਬਾਦ ਇੱਕ ਸ਼ਾਮ ਕੁੱਝ ਬੱਚੇ ਸਕੂਲ ਦੇ ਮੈਦਾਨ ਵਿੱਚ ਫੁੱਟਬਾਲ ਖੇਡ ਰਹੇ ਸੀ ਕਿ ਮੀਂਹ ਆ ਗਿਆ, ਹਨੇਰਾ ਜਿਹਾ ਹੋ ਗਿਆ। ਪਰ ਖੇਲ ਬੰਦ ਨਹੀਂ ਹੋਇਆ। ਕੁੱਝ ਬੱਚੇ ਮੀਂਹ ਵਿੱਚ ਤਰਬਤਰ ਭਿੱਜਦੇ ਹੋਏ ਵੀ ਖੇਡ ਰਹੇ ਸਨ। ਅਚਾਨਕ ਇੱਕ ਲੰਮਾ ਚੌੜਾ ਆਦਮੀ ਪਤਾ ਨਹੀਂ ਕਿੱਥੋਂ ਆਇਆ ਅਤੇ ਬੱਚਿਆਂ ਨਾਲ ਖੇਡਣ ਲੱਗਾ। ਉਹ ਸਾਰਿਆਂ ਨੂੰ ਚਕਮਾ ਦੇ ਰਿਹਾ ਸੀ, ਉਸ ਨਾਲ ਲਟਕਣ, ਚਿਪਟਣ ਦੇ ਬਾਵਜੂਦ ਉਹ ਉਸਤੋਂ ਗੇਂਦ ਖੋਹ ਨਹੀਂ ਪਾ ਰਹੇ ਸਨ। ਘੰਟੇ ਭਰ ਬਾਦ ਉਹ ਆਦਮੀ ਕੱਪੜੇ ਨਿਚੋੜਦਾ ਚੁੱਪ ਚਾਪ ਉੱਧਰ ਚਲਾ ਗਿਆ, ਜਿੱਥੇ ਸੜਕ ਦੇ ਕਿਨਾਰੇ ਉਸਦਾ ਸਬਜੀ ਦਾ ਠੇਲਾ ਤੇਜ ਮੀਂਹ ਵਿੱਚ ਲਾਵਾਰਸਾਂ ਵਾਂਗ ਖੜ੍ਹਾ ਸੀ। ਸ਼ਾਇਦ ਇਹ ਉਸਦੀ ਆਪਣੇ ਗੁਆਚੇ ਸੁਪਨਿਆਂ ਦੀ ਭਾਲ ਸੀ!

**ਪੰਜਾਬੀ ਅਨੁਵਾਦ : ਜਸਵੰਤ ਮੋਹਾਲੀ**

*ਸਾਡੇ ਸਮਿਆਂ ਵਿੱਚ...*
*(ਲੜੀਵਾਰ)*

# ਜੇਲ੍ਹਾਂ 'ਚ ਬੰਦ ਬੁੱਧੀਜੀਵੀ



**ਤਰਸੇਮ ਲਾਲ ਧੂਰੀ**



**ਸੁਧੀਰ ਧਾਵਲੇ**

ਸੁਧੀਰ ਧਾਵਲੇ ਦਲਿਤ ਸੰਗਠਨਾਂ ਨਾਲ ਜੁੜੇ ਹੋਏ ਦਲਿਤ ਹੱਕਾਂ ਦੇ ਕਾਰਕੁੰਨ ਹਨ। ਉਹ ਰੀਪਬਲਿਕ ਪੈਂਥਰਜ਼ ਦੇ ਮੋਢੀ ਆਗੂਆਂ ਵਿਚੋਂ ਹਨ। ਉਹ ਜਾਣੇ ਪਹਿਚਾਣੇ ਕਵੀ, ਸਿਆਸੀ ਚਿੰਤਕ ਹਨ ਜੋ ਮਹਾਂਰਾਸ਼ਟਰ ਦੇ ਨਾਗਪੁਰ ਖੇਤਰ ਵਿਚ ਬਹੁਤ ਉੱਘੇ ਹਨ। ਉਹ ਮਰਾਠੀ ਮੈਗਜ਼ੀਨ "ਵਿਦਰੋਹੀ" ਦੇ ਪ੍ਰਕਾਸ਼ਕ ਹਨ।

ਉਹ ਬਹੁਤ ਸਪੱਸ਼ਟ ਖਿਆਲਾਂ ਦੇ ਮਾਲਕ ਹਨ। ਉਹਨਾਂ ਨੇ ਮਹਾਂਰਾਸ਼ਟਰ ਸਰਕਾਰ ਦੇ ਮੁੱਖ ਸਕੱਤਰ ਦੀ ਸ਼ਮੂਲੀਅਤ ਵਾਲੇ ਕਮਿਸ਼ਨ ਅੱਗੇ ਇਹ ਕਹਿ ਕੇ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ ਕਿ ਉਸ ਨੂੰ ਅਜਿਹੇ ਕਮਿਸ਼ਨ ਵਿੱਚ ਭੋਰਾ ਵੀ ਵਿਸ਼ਵਾਸ ਨਹੀਂ ਜਿਸ ਵਿਚ ਮਹਾਰਾਸ਼ਟਰ ਸਰਕਾਰ ਦਾ ਮੁੱਖ ਸਕੱਤਰ ਸੁਮਿੱਤ ਮਲਿਕ ਸ਼ਾਮਲ ਹੈ।

ਇਹਨਾਂ ਨੂੰ ਵੀ ਬਾਕੀ ਸਾਥੀਆਂ ਨਾਲ ਜੂਨ 2018 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ 1995 ਤੋਂ ਦਲਿਤਾਂ 'ਤੇ ਹੁੰਦੇ ਜ਼ਬਰ ਜ਼ੁਲਮ ਅਤੇ ਧੱਕੇ ਖਿਲਾਫ਼ ਕੰਮ ਕਰ ਰਹੇ ਹਨ। ਉਹ ਜਮਹੂਰੀ ਨਜ਼ਰੀਏ ਤੋਂ ਦਲਿਤ ਹੱਕਾਂ ਦੀ ਗੱਲ ਕਰਦੇ ਹਨ। ਉਹਨਾਂ ਨੇ ਰਾਮਬਾਈ ਨਗਰ ਹੱਤਿਆ ਕਾਂਡ (11 ਜੁਲਾਈ 1997), ਜਿਸ ਵਿਚ ਪੁਲਿਸ ਦੀ ਗੋਲੀ ਨਾਲ 10 ਦਲਿਤ ਕਾਰਕੁਨ ਮਾਰੇ ਗਏ ਸਨ, ਵਿੱਚ ਇਨਸਾਫ਼ ਪ੍ਰਾਪਤੀ ਲਈ ਸੰਘਰਸ਼ ਦੀ ਅਗਵਾਈ ਕੀਤੀ। ਉਹਨਾਂ ਨੇ 2006 ਦੇ ਬਦਨਾਮ ਖੈਰਲਾਂਜ਼ੀ ਕਤਲੇਆਮ, ਰੂਹੀਦਾਸ ਤੂਪੇ ਹੱਤਿਆਕਾਂਡ, ਸਦਾਸ਼ਿਵ ਸਾਲਵੇ ਗੁਰੂ ਜੀ ਹੱਤਿਆਕਾਂਡ, ਮਨੋਰਮਾ ਕਾਂਬਲੇ ਬਲਾਤਕਾਰ ਕੇਸ ਅਤੇ ਬਹੁਤ ਸਾਰੇ ਹੋਰ ਦਲਿਤਾਂ ਵਿਰੁੱਧ ਕੀਤੇ ਜਾਣ ਵਾਲੇ ਜ਼ੁਰਮਾਂ ਖਿਲਾਫ ਅਵਾਜ਼ ਬੁਲੰਦ ਕੀਤੀ। ਉਹ ਦਲਿਤਾਂ 'ਤੇ ਹੁੰਦੇ ਅਤਿਆਚਾਰਾਂ ਦੇ ਵਿਰੋਧ ਰਾਹੀਂ ਸਮੁੱਚੇ ਸਮਾਜ ਅੰਦਰ ਜਮਹੂਰੀ ਕਦਰਾਂ ਕੀਮਤਾਂ ਸਥਾਪਤ ਕਰਨ ਦੀ ਪੈਰਵੀ ਕਰਦੇ ਹਨ। ਉਹ ਆਪਣੀ ਪਤਨੀ ਦਰਸ਼ਨਾ, ਜੋ ਨਰਸ ਦੇ ਤੌਰ 'ਤੇ ਕੰਮ ਕਰਦੀ ਹੈ ਅਤੇ ਦੋ ਬੱਚਿਆਂ ਨਾਲ, ਬੇਹੱਦ ਸਾਦਾ ਜੀਵਨ ਬਤੀਤ ਕਰ ਰਹੇ ਹਨ। ਤਿੰਨ ਜਨਵਰੀ 2020 ਨੂੰ 15 ਪੁਲਿਸ ਕਰਮੀ ਉਸ ਦੇ ਘਰ ਧਾਵਾ ਬੋਲ ਦਿੰਦੇ ਹਨ। ਉਹਨਾਂ ਦੇ ਡਰੇ ਹੋਏ ਬੱਚੇ ਕਸ਼ਿਤਜ (15 ਸਾਲ), ਪ੍ਰਿਥਵੀ (10 ਸਾਲ) ਮੰਮਾ ਨੂੰ ਫੋਨ ਕਰਦੇ ਹਨ ਜੋ ਡਿਊਟੀ 'ਤੇ ਹੈ।

ਬਿਨ੍ਹਾਂ ਕਿਸੇ ਸਰਚ ਵਾਰੰਟ ਤੋਂ ਉਹ ਜ਼ਬਤ ਕੀਤੇ ਸਮਾਨ ਬਾਰੇ ਦਰਸ਼ਨਾ ਤੋਂ ਜਬਰਦਸਤੀ ਧਮਕੀ ਨਾਲ ਹਸਤਾਖਰ ਕਰਵਾ ਕੇ ਲੈ ਜਾਂਦੇ ਹਨ ਅਤੇ ਬਿਨ੍ਹਾਂ ਸਿਰ ਪੈਰ ਦੇ ਕਿੰਨੇ ਹੀ ਕੇਸ ਮੜ੍ਹ ਦਿੰਦੇ ਹਨ। ਇਹ ਕੇਸ ਭੀਮਾਂ ਕੋਰੇਗਾਓ ਸਾਜ਼ਿਸ਼, ਪ੍ਰਧਾਨ ਮੰਤਰੀ ਨੂੰ ਮਾਰਣ ਦੀ ਸਾਜਿਸ਼ ਅਤੇ ਮਾਓਵਾਦੀ ਸਬੰਧਾਂ ਬਾਰੇ ਹਨ।

ਸਮਾਜ ਦੇ ਜਾਗਰੂਕ ਲੋਕਾਂ, ਜੋ ਬਰਾਬਰਤਾ ਵਾਲਾ ਸਮਾਜ ਸਿਰਜਨ ਲਈ ਸਧਾਰਨ ਜ਼ਿੰਦਗੀ ਜਿਉਂ ਕੇ ਸਮਾਜ ਦੇ ਅਣਗੌਲੇ ਹਿੱਸਿਆਂ ਨੂੰ ਬਰਾਬਰਤਾ ਵਾਲੇ ਸਮਾਜ ਦਾ ਹਿੱਸਾ ਬਨਾਉਣ ਲਈ ਸੰਘਰਸ਼ ਕਰ ਰਹੇ ਹਨ, ਉੱਤੇ ਕੇਸ ਦਰਜ ਕਰਕੇ ਉਹਨਾਂ ਦੀ ਆਵਾਜ਼ ਬੰਦ ਕਰਨੀ ਘੋਰ ਨਿੰਦਣਯੋਗ ਕਾਰਵਾਈ ਹੈ ਜਿਸਦਾ ਸਾਰੇ ਜਮਹੂਰੀ, ਚੇਤੰਨ ਹਿੱਸਿਆਂ ਵੱਲੋਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ।



**ਸੁਰਿੰਦਰ ਗਾਡਲਿਗ**

ਸੁਰਿੰਦਰ ਗਾਡਲਿਗ ਉੱਚ ਕੋਟੀ ਦਾ ਵਕੀਲ ਹੈ। ਉਸ ਨੇ 30-40 ਵਕੀਲਾਂ ਦੀ ਇੱਕ ਟੋਲੀ ਖੜ੍ਹੀ ਕੀਤੀ ਹੋਈ ਹੈ, ਜੋ ਉਸ ਦੀ ਨਿਗਰਾਨੀ ਹੇਠ ਮਹਾਂਰਾਸ਼ਟਰ ਅੰਦਰ ਮਨੁੱਖੀ ਹੱਕਾਂ ਦੀ ਉਲੰਘਣਾ ਅਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਲੜਦੀ ਹੈ। ਸੁਰਿੰਦਰ ਗਾਡਲਿਗ ਦੀ, ਸਰਕਾਰ ਵੱਲੋਂ ਲੋਕਾਂ ਦੀ ਆਵਾਜ਼ ਬੰਦ ਕਰਨ ਲਈ ਬਣਾਏ ਵਹਿਸ਼ੀ ਕਾਨੂੰਨਾਂ, ਟਾਡਾ, ਪੋਟਾ, ਅਫਸਪਾ, ਯੂ.ਏ.ਪੀ.ਏ. ਆਦਿ ਖਿਲਾਫ ਲੜਨ ਦੀ ਵਿਸ਼ੇਸ਼ ਦੇਣ ਹੈ। ਇਹ ਇਹਨਾਂ ਕਾਨੂੰਨਾਂ ਬਾਰੇ ਡੂੰਘੀ ਸਮਝ ਰੱਖਦੇ ਹਨ ਅਤੇ ਇਹ ਕਾਨੂੰਨ ਕਿੱਥੇ ਜਾ ਕੇ ਸੰਵਿਧਾਨਕ ਮੌਲਿਕ ਅਧਿਕਾਰ ਦੀ ਅਣਦੇਖੀ ਕਰਦੇ ਹਨ ਬਾਰੇ ਉਹਨਾਂ ਦੀ ਚੰਗੀ ਪਕੜ ਹੈ।

ਪਿਛਲੇ 25 ਸਾਲਾਂ ਤੋਂ ਉਹ ਇਹਨਾਂ ਕਾਨੂੰਨਾਂ ਅਧੀਨ ਕੀਤੀਆਂ ਗ੍ਰਿਫਤਾਰੀਆਂ ਖਿਲਾਫ਼ ਲੜ ਰਹੇ ਹਨ। ਉਸ ਦੇ ਜੂਨੀਅਰ ਵਕੀਲ ਨਿਹਾਲ ਸਿੰਘ ਰਾਠੌੜ ਅਨੁਸਾਰ ਸਿਰਫ ਤਿੰਨ ਕੇਸਾਂ ਤੋਂ ਸਿਵਾਅ ਉਹਨਾਂ ਵੱਲੋਂ ਲੜੇ ਸਾਰੇ ਕੇਸਾਂ ਵਿਚ ਉਹਨਾਂ ਨੇ ਰਿਹਾਈ ਕਾਰਵਾਈ ਹੈ। ਇਹਨਾਂ ਵਿੱਚ ਇੱਕ ਜੀ.ਐਨ. ਸਾਈਬਾਬਾ ਦਾ ਕੇਸ ਹੈ। ਪੁਲਿਸ ਉਹਨਾਂ ਉੱਪਰ-ਲੰਬੇ ਸਮੇਂ ਤੋਂ

***ਬਾਕੀ ਪੰਨਾ 34 'ਤੇ***

# ਨੌਜਵਾਨੋ ! ਮੂਰਖਤਾ 'ਚ ਧੱਕਣ ਵਾਲਿਆਂ ਨੂੰ ਸੁੱਟੋ ਕੂੜੇਦਾਨ ਵਿੱਚ



**ਹਿਮਾਂਸ਼ੂ ਕੁਮਾਰ**

ਇਸ ਸਾਧੂ ਨੇ ਕਿਹਾ ਹੈ ਕਿ ਮਾਓਵਾਦ ਦਾ ਇਲਾਜ ਯੱਗ ਕਰਨ ਨਾਲ ਹੋਵੇਗਾ! ਇਸ ਲਈ ਹੁਣ ਛੱਤੀਸਗੜ੍ਹ ਵਿੱਚ ਗਿਆਰਾਂ ਹਜਾਰ ਕੁੰਡੀਏ ਯੱਗ ਕੀਤੇ ਜਾਣਗੇ! ਇਸ ਸਾਧੂ ਨੇ ਆਪਣਾ ਨਾਂ ਵਿਗਿਆਨ ਦੇਵ ਰੱਖਿਆ ਹੈ!

ਰਾਮ ਰਹੀਮ ਦੇ ਕਹਿਣ 'ਤੇ 400 ਪੜ੍ਹੇ ਲਿਖੇ ਬੰਦਿਆਂ ਨੇ ਰੱਬ ਨੂੰ ਪਾਉਣ ਲਈ ਆਪਣੇ ਅੰਡਕੋਸ਼ ਕੱਢਵਾ ਦਿੱਤੇ ਸਨ! ਹੁਣ ਪਾਲਮਪੁਰ ਦੀ ਯੂਨੀਵਰਸਿਟੀ ਦੇ ਮੈਦਾਨ ਵਿਚ ਕੁਮਾਰ ਸਵਾਮੀ ਵਰਗੇ ਪਾਖੰਡੀ ਦਾ ਪ੍ਰੋਗਰਾਮ ਸੀ! ਉਹ ਹਰ ਬਿਮਾਰੀ ਜਿਸ ਤਰ੍ਹਾਂ ਕੈਂਸਰ ਤੋ ਲੈ ਕੇ ਏਡਜ ਤੱਕ ਦੀ ਬਿਮਾਰੀ ਦੇ ਇਲਾਜ ਲਈ ਮੰਤਰ ਵੇਚਦਾ ਹੈ! ਸਾਦਾ ਮੰਤਰ ਢਾਈ ਹਜਾਰ ਦਾ ਤੇ ਡੀਲਕਸ ਮੰਤਰ 5000 ਰੁਪਏ ਦਾ ਸੀ! ਮੈਂ ਉਸ ਦਿਨ ਉਧਰੋਂ ਦੀ ਨਿਕਲਿਆ ਤਾਂ ਕਰੀਬ 3000 ਗੱਡੀਆਂ ਦੇਖੀਆਂ! ਇਹ ਸਭ 'ਪੜ੍ਹੇ ਲਿਖੇ' ਲੋਕ ਸਨ।

ਮੈਂ ਅੱਜ ਤੱਕ ਕਿਸੇ ਵੀ ਕਲਾਸ ਦੀ ਕਿਤਾਬ ਵਿੱਚ ਇਹ ਨੀ ਪੜਿਆ ਕੇ ਤੰਤਰ ਮੰਤਰ ਝੂਠੇ ਹੁੰਦੇ ਹਨ! ਕੀ ਤੁਸੀਂ ਐਨਾ ਵੀ ਵਿਗਿਆਨ ਨੀ ਪੜਾ ਸਕਦੇ ਕਿ ਤੰਤਰ ਮੰਤਰ ਝੂਠੇ ਹੁੰਦੇ ਹਨ। ਗਲੋਬਲ ਵਾਰਮਿੰਗ ਦੇ ਇਲਾਜ ਲਈ ਗਲੋਬ ਉਪਰ ਭਾਰਤ ਦੇ ਰਾਸ਼ਟਰਪਤੀ ਦੀ ਸਾਧੂਆਂ ਨਾਲ ਪਾਣੀ ਪਾਉਂਦੇ ਦੀ ਫੋਟੋ ਦੇਖੀ!

ਭਾਰਤ ਦਾ ਸੰਵਿਧਾਨ ਕਹਿੰਦਾ ਹੈ ਕਿ ਹਰ ਨਾਗਰਿਕ ਦਾ ਕਰਤੱਵ ਹੈ ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਵਾਦ, ਗਿਆਨਵਾਨ ਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਕਰਨਾ! ਪ੍ਰੰਤੂ ਜੇਕਰ ਭਾਰਤ ਦਾ ਰਾਸ਼ਟਰਪਤੀ ਹੀ ਸਰਵਜਨਕ ਜਗਾਹ 'ਤੇ ਅੰਧਵਿਸ਼ਵਾਸ ਦਾ ਪ੍ਰਗਟਾਵਾ ਕਰੇ ? ਤੇ ਭਾਰਤੀ ਜਨਤਾ ਧਰਮਾਂ ਦੇ ਅੰਧਵਿਸ਼ਵਾਸਾਂ ਤੇ ਸਾਧੂਆਂ ਦੇ ਪੈਰਾਂ ਚ ਡਿਗੀ ਰਹੇ! ਤਾਂ ਭਾਰਤ ਦਾ ਇਹੀ ਹਾਲ ਹੋਣਾ ਜੋ ਇਸ ਸਮੇਂ ਹੋ ਗਿਆ ਹੈ! ਅਸੀਂ ਗਰੀਬੀ, ਭੁੱਖ ਤੇ ਪੱਛੜੇਪਨ ਚ ਅਫਰੀਕੀ ਦੇਸ਼ਾਂ ਨਾਲੋਂ ਵੀ ਅੱਗੇ ਹੋ ਚੁੱਕੇ ਹਾਂ!

ਭਾਰਤ ਦੀ ਸੱਤਰ ਪ੍ਰਤੀਸ਼ਤ ਸੰਪਤੀ ਮਹਿਜ ਮੁੱਠੀ ਭਰ ਲੋਕਾਂ ਕੋਲ ਸਿਮਟ ਚੁੱਕੀ ਹੈ! ਅਤੇ ਭਾਰਤ ਦੇ ਕੁਝ ਨੇਤਾ ਤੁਹਾਨੂੰ ਇਹ ਕਹਿ ਰਹੇ ਹਨ ਕਿ ਮੁੱਖ ਸਮੱਸਿਆ ਪਾਕਿਸਤਾਨ ਹੈ!

ਐਨਾ ਮੂਰਖ ਭਾਰਤ ਪਹਿਲਾਂ ਕਦੋਂ ਬਣਿਆ ਸੀ ?

ਭਾਰਤ ਦੇ ਨੌਜਵਾਨੋ ! ਤੁਹਾਨੂੰ ਮੂਰਖਤਾ ਵਿੱਚ ਧੱਕਣ ਵਾਲਿਆਂ ਨੂੰ ਕੂੜੇਦਾਨ ਚ ਸੁੱਟ ਦਿਓ, ਤੇ ਆਪਣੀ ਜ਼ਿੰਦਗੀ ਨੂੰ ਇਨਸਾਨਾਂ ਵਾਗੂੰ ਜਿਉਣ ਲਈ ਰਸਤਾ ਖੋਲ੍ਹੋ!

**(ਅਨੁਵਾਦ- ਬਲਜੀਤ ਸਿੰਘ)**

*ਪੰਨਾ 33 ਦਾ ਬਾਕੀ...*

ਨਿਗਾਹ ਰੱਖ ਰਹੀ ਸੀ। ਜਦੋਂ ਉਹ ਕੇਸ ਲੜਣ ਆਉਂਦੇ ਹਨ, ਤਾਂ ਉਹਨਾਂ ਨੂੰ ਇਹ ਕਹਿ ਕੇ ਛੇੜਿਆ ਜਾਂਦਾ ਸੀ ਕਿ "ਛੇਤੀ ਹੀ ਤੇਰਾ ਨੰਬਰ ਲੱਗਣ ਵਾਲਾ ਹੈ, ਤੂੰ ਚੁੱਪ ਕਰ ਜਾ, ਅਸੀਂ ਤੇਰੇ 'ਤੇ ਝੂਠੇ ਦੋਸ਼ ਲਗਾ ਕੇ ਕਦੇ ਵੀ ਗ੍ਰਿਫਤਾਰੀ ਕਰ ਸਕਦੇ ਹਾਂ।" ਇਹ ਗੱਲ ਉਹਨਾਂ ਨੇ ਅਦਾਲਤ ਦੇ ਵੀ ਧਿਆਨ ਵਿੱਚ ਲਿਆਂਦੀ ਸੀ।

ਅੱਜ ਉਸੇ ਅਦਾਲਤ ਵਿਚ ਉਹ ਮੁਜਰਮਾਂ ਵਾਲੇ ਪਾਸੇ ਖੜ੍ਹੇ ਸਨ। ਉਹਨਾਂ ਨੂੰ ਭੀਮਾ ਕੋਰੇ ਗਾਉ ਸਾਜ਼ਿਸ, ਜੋ ਹਿੰਦੂਤਵੀ ਅਨਸਰਾਂ ਨੇ ਦਲਿਤਾਂ ਨੂੰ ਡਰਾਉਣ ਲਈ ਰਚੀ ਸੀ, ਦਾ ਦੋਸ਼ ਉਲਟਾ ਕੇ ਬਾਕੀ ਨਾਲ ਉਸ 'ਤੇ ਕੇਸ ਮੜ੍ਹ ਕੇ 6 ਜੂਨ 2018 ਨੂੰ ਗ੍ਰਿਫਤਾਰ ਕਰ ਲਿਆ ਅਤੇ 10 ਜਨਵਰੀ 2018 ਨੂੰ ਉਹ ਉਸ ਅਦਾਲਤ ਦੇ ਕਟਹਿਰੇ ਵਿੱਚ ਖੜ੍ਹੇ ਸਨ। ਪ੍ਰਧਾਨ ਮੰਤਰੀ ਨੂੰ ਮਾਰਣ ਦੀ ਸਾਜ਼ਿਸ਼ ਦੇ ਦੋਸ਼ ਵੀ ਉਸ 'ਤੇ ਪੁਲਿਸ ਨੇ ਲਗਾਏ। ਉਹ ਪੂਰੀ ਦ੍ਰਿੜਤਾ ਨਾਲ ਜੱਜ ਅੱਗੇ ਆਪਣਾ ਪੱਖ ਪੇਸ਼ ਕਰ ਰਹੇ ਸਨ।

20 ਸਾਲ ਪਹਿਲਾਂ 'ਅਨਿਲ ਬੋਰਕਰ ਕੇਸ' ਵਿੱਚ ਚੰਦਰਪੁਰ ਪੁਲਿਸ ਨੇ ਉਹਨਾਂ ਨੂੰ ਭਗੌੜਾ ਅਪਰਾਧੀ ਕਰਾਰ ਦੇ ਦਿੱਤਾ ਸੀ। ਉਸ ਨੇ ਹਾਈ ਕੋਰਟ ਵਿੱਚ ਅਪੀਲ ਲਾ ਦਿੱਤੀ ਅਤੇ ਅਗਾਊ ਜਮਾਨਤ ਕਰਵਾ ਲਈ ਅਤੇ ਹੁਣ ਉਹ ਨਿੱਤ ਰੋਜ਼ ਚੰਦਰਪੁਰ ਆਇਆ ਜਾਇਆ ਕਰਦਾ ਸੀ। ਪੁਲਿਸ ਨੂੰ ਇਹਨਾਂ ਗੱਲਾਂ ਦੀ ਵੀ ਚਿੜ੍ਹ ਸੀ।

ਉਸ ਤੋਂ ਬਾਅਦ ਉਹਨਾਂ ਨੇ ਰੇਲਵੇ ਵਿੱਚ ਨੌਕਰੀ ਕਰ ਲਈ। ਉਹ "ਅਵਹਾਨ ਨਾਟ ਮੰਚ" ਨਾਲ ਜੁੜਿਆ ਰਿਹਾ ਹੈ ਜੋ ਲੋਕਾਂ ਨੂੰ ਚੇਤੰਨ ਕਰਨ ਲਈ ਮੁੰਬਈ ਦੀਆਂ ਬਸਤੀਆਂ ਵਿੱਚ ਨਾਟਕ ਅਤੇ ਸਾਹਿਤਕ ਮੀਟਿੰਗਾਂ ਆਯੋਜਿਤ ਕਰਦਾ ਹੈ।

ਅਜਿਹੇ ਨਿੱਡਰ ਕਾਰਕੁੰਨਾਂ ਨੂੰ ਤੁਸੀਂ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕਰਕੇ ਬਹੁਤੀ ਦੇਰ ਪਿੰਜਰਿਆਂ ਵਿੱਚ ਕੈਦ ਨਹੀਂ ਰੱਖ ਸਕਦੇ।

**94632 18707**

# ਮਾਨਸਿਕ ਮੰਦਤਾ



**ਕੁਲਜੀਤ ਡੰਗਰਖੇੜਾ**

ਸਮੁੱਚੀ ਦੁਨੀਆਂ ਵਿੱਚ ਹਰੇਕ ਵਿਅਕਤੀ ਮਾਨਸਿਕ, ਸਰੀਰਕ ਅਤੇ ਭਾਵਾਨਾਤਮਿਕ ਪੱਖੋਂ ਦੂਜੇ ਵਿਅਕਤੀਆਂ ਨਾਲੋਂ ਥੋੜ੍ਹਾ ਜਾਂ ਬਹੁਤਾ ਭਿੰਨ ਹੁੰਦਾ ਹੈ। ਇੱਥੋਂ ਤੱਕ ਕਿ ਜੌੜੇ ਬੱਚੇ ਵੀ ਕਈ ਪੱਖਾਂ ਤੋਂ ਵਿਸ਼ੇਸ ਕਰਕੇ ਦਿਮਾਗੀ ਪੱਖੋਂ ਇੱਕ ਦੂਜੇ ਤੋਂ ਅਲੱਗ ਹੁੰਦੇ ਹਨ। ਅਸੀ ਮਨੁੱਖੀ ਦਿਮਾਗੀ ਪੱਖ ਨੂੰ ਲਈਏ ਤਾਂ ਇਹ ਬੜਾ ਹੀ ਗੁੰਝਲਦਾਰ ਹੈ। ਜਦੋਂ ਅਸੀਂ ਆਪਣੇ ਆਲੇ-ਦੁਆਲੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਤਿੰਨ ਤਰ੍ਹਾਂ ਦੇ ਵਿਅਕਤੀ ਮਿਲਦੇ ਹਨ, ਪਹਿਲੇ ਬਹੁਤ ਤੇਜ ਦਿਮਾਗ ਵਾਲੇ, ਦੂਜੇ ਸਧਾਰਨ ਅਤੇ ਤੀਸਰੇ ਮਾਨਸਿਕ ਮੰਦਤਾ ਦੇ ਸਿਕਾਰ। ਤੀਸਰੀ ਕਿਸਮ ਦੇ ਵਿਅਕਤੀਆਂ ਦੇ ਲਈ ਸਾਡੇ ਸਮਾਜ ਦਾ ਸੋਚਣ ਦਾ ਨਜ਼ਰੀਆ ਬਿਲਕੁਲ ਸਹੀ ਨਹੀਂ ਹੈ। ਇਹਨਾਂ ਦੇ ਲਈ ਬੜੇ ਭੈੜੇ ਸ਼ਬਦ ਕਮਲਾ, ਪਾਗਲ, ਮੂਰਖ, ਬੇਵਕੂਫ, ਬੇਦਿਮਾਗ ਆਦਿ ਅਕਸਰ ਹੀ ਸੁਣਨ ਨੂੰ ਮਿਲਦੇ ਹਨ। ਇਹਨਾਂ ਉਪਰ ਕਈ ਤਰ੍ਹਾਂ ਦੇ ਅੱਤਿਆਚਾਰ ਵੀ ਹੁੰਦੇ ਹਨ। ਇਹ ਸਾਰਾ ਕੁਝ ਮਾਨਸਿਕ ਮੰਦਤਾ ਦੇ ਸ਼ਿਕਾਰ ਵਿਅਕਤੀਆਂ ਦੇ ਕਰਕੇ ਨਹੀਂ ਸਗੋਂ ਸਾਡੀ ਇਹਨਾਂ ਪ੍ਰਤੀ ਸਮਝ ਦੀ ਘਾਟ ਕਾਰਨ ਵਾਪਰਦਾ ਹੈ। ਇਹਨਾਂ ਦੇ ਹੱਕਾਂ ਅਤੇ ਚੰਗੇਰੇ ਜੀਵਨ ਨੂੰ ਜਿਉਣ ਲਈ ਭਾਵੇ ਕਈ ਕਾਨੂੰਨ ਬਣੇ ਹਨ ਪਰ ਆਮ ਲੋਕਾਂ ਨੂੰ ਇਹਨਾਂ ਦੀ ਕੋਈ ਜਾਣਕਾਰੀ ਨਹੀਂ ਹੈ। ਜਿਹਨਾਂ ਦੇ ਘਰ ਇਹੋ ਜਿਹੇ ਬੱਚੇ ਪੈਦਾ ਹੁੰਦੇ ਹਨ ਉਸ ਪਰਿਵਾਰ ਨੂੰ ਵੀ ਇਸ ਬਾਰੇ ਕੁੱਝ ਪਤਾ ਨਹੀਂ ਹੁੰਦਾ। ਉਹ ਮਾਨਸਿਕ ਮੰਦਤਾ ਨੂੰ ਆਮ ਬਿਮਾਰੀਆਂ ਵਾਂਗ ਬਿਮਾਰੀ ਜਾਂ ਕਿਸੇ ਓਪਰੀ ਕਸਰ ਦਾ ਸਾਇਆ ਸਮਝ ਕੇ, ਇਸ ਨੂੰ ਲੈ ਕੇ ਵੱਖ-ਵੱਖ ਬਾਬਿਆਂ, ਡੇਰਿਆ ਜਾਂ ਨੀਮ-ਹਕੀਮਾਂ ਕੋਲ ਤੁਰੇ ਫਿਰਦੇ ਹਨ ਅਤੇ ਆਪਣਾ ਸਮਾਂ ਤੇ ਪੈਸਾ ਖ਼ਰਾਬ ਕਰਦੇ ਹਨ।

ਮਾਨਸਿਕ ਮੰਦਤਾ ਕੀ ਹੈ ? ਇਸ ਨੂੰ ਸਮਝਣਾ ਬਹੁਤ ਜਰੂਰੀ ਹੈ।ਅਮਰੀਕਨ ਐਸੋਸੀਏਸ਼ਨ ਆਨ ਮੈਂਟਲ ਰਿਟਾਰਡੇਸ਼ਨ ਅਨੁਸਾਰ "ਮਾਨਸਿਕ ਮੰਦਤਾ ਇਹੋ ਜਿਹੀ ਅਵਸਥਾ ਹੁੰਦੀ ਹੈ ਜਿਸ ਵਿੱਚ ਵਿਅਕਤੀ ਦਾ ਜਨਮ ਜਾਂ ਬਾਲ ਅਵਸਥਾ ਤੋਂ ਹੀ ਪੂਰਾ ਦਿਮਾਗੀ ਵਿਕਾਸ ਨਹੀ ਹੁੰਦਾ, ਘੱਟ ਬੁੱਧੀ ਕਾਰਨ ਉਸਨੂੰ ਸਮਾਜ ਵਿੱਚ ਸਮਾਯੋਜਨ ਕਰਨ ਦੀ ਸਮੱਸਿਆ ਆਉਂਦੀ ਹੈ।"

ਟਰੈਡ ਗੋਲਡ ਅਨੁਸਾਰ "ਮਾਨਸਿਕ ਮੰਦਤਾ, ਅਧੂਰੇ ਮਾਨਸਿਕ ਵਿਕਾਸ ਦੀ ਸਥਿਤੀ ਹੈ,ਜਿਸਦੇ ਅਧੀਨ ਇਕ ਵਿਅਕਤੀ ਆਪਣੇ ਆਪ ਨੂੰ ਆਪਣੇ ਸਾਥੀਆਂ ਦੇ ਸਧਾਰਨ ਵਾਤਾਵਰਨ ਦੇ ਅਨੁਸਾਰ ਢਾਲਣ ਵਿੱਚ ਅਸਮਰੱਥ ਹੁੰਦਾ ਹੈ ਅਤੇ ਉਹ ਬਿਨ੍ਹਾਂ ਕਿਸੇ ਦੇਖ-ਰੇਖ, ਨਿਯੰਤਰਣ ਅਤੇ ਬਾਹਰੀ ਮਦਦ ਦੇ ਆਤਮ ਨਿਰਭਰ ਨਹੀਂ ਹੋ ਸਕਦਾ।"

ਹੁਣ ਪ੍ਰਸ਼ਨ ਉਠਦਾ ਹੈ ਕਿ ਮਾਨਸਿਕ ਮੰਦਤਾ ਵਾਲੇ ਬੱਚਿਆਂ ਦੀ ਪਛਾਣ ਕਿਵੇਂ ਕੀਤੀ ਜਾਵੇ,ਇਸ ਲਈ ਮਨੋਵਿਗਿਆਨੀਆਂ ਨੇ ਬੁੱਧੀ ਪ੍ਰੀਖਣ ਲਈ ਵੱਖ-ਵੱਖ ਮਨੋਵਿਗਿਆਨਕ ਟੈਸਟ ਤਿਆਰ ਕੀਤੇ ਹਨ ਜਿਹਨਾਂ ਵਿਚੋਂ ਸਟੈਨਫੋਰਡ ਬਿਨੈ ਟੈਸਟ ਅਤੇ ਵੇਸਲਰ ਇੰਟੇਲੀਜੈਂਸ ਸਕੇਲ ਮੁੱਖ ਰੂਪ ਵਿੱਚ ਬੁੱਧੀ ਪ੍ਰੀਖਣ ਲਈ ਵਰਤੇ ਜਾਂਦੇ ਹਨ। ਇਹਨਾਂ ਬੁੱਧੀ ਪ੍ਰੀਖਣਾਂ ਨਾਲ ਹਰੇਕ ਵਿਅਕਤੀ ਭਾਵੇਂ ਉਹ ਸਧਾਰਨ ਹੋਵੇ ਜਾਂ ਮਾਨਸਿਕ ਮੰਦਤਾ ਦਾ ਸਿਕਾਰ ਹੋਵੇ, ਦਾ ਬੁੱਧੀ ਅੰਕ ਕੱਢਿਆ ਜਾ ਸਕਦਾ ਹੈ। ਉਸਦੇ ਬੁੱਧੀ ਅੰਕ ਦੇ ਅਨੁਸਾਰ ਉਸ ਦੇ ਜੀਵਨ ਦੀਆਂ ਭਵਿੱਖਤ ਯੋਜਨਾਵਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਅਤੇ ਉਸਨੂੰ ਜੀਵਨ ਦੇ ਸਹੀ ਰਸਤੇ 'ਤੇ ਤੋਰਿਆ ਜਾ ਸਕਦਾ ਹੈ। ਇਹਨਾਂ ਟੈਸਟਾਂ ਦੀ ਵਰਤੋਂ ਮਨੋਵਿਗਿਆਨਕ ਮਾਹਿਰਾਂ ਦੁਆਰਾ ਬੱਚੇ ਦੇ ਮਾਪਿਆਂ ਅਤੇ ਅਧਿਆਪਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਂਦੀ ਹੈ।

ਮਾਨਸਿਕ ਮੰਦਤਾ ਦੇ ਸਿਕਾਰ ਵਿਅਕਤੀਆਂ ਦਾ ਵਰਗੀਕਰਨ ਤਿੰਨ ਢੰਗਾਂ ਨਾਲ ਕੀਤਾ ਜਾਂਦਾ ਹੈ। ਪਹਿਲਾਂ ਮੈਡੀਕਲ ਵਰਗੀਕਰਨ ਹੈ ਜਿਸ ਵਿਚ ਵਿਅਕਤੀ ਦੇ ਜਨਮ ਤੋਂ ਹੀ ਰੋਗਾਂ, ਜੀਨ ਵਿਕਾਰ, ਇਨਫੈਕਸ਼ਨ, ਦਵਾਈ ਦਾ ਮਾਰੂ ਪ੍ਰਭਾਵ, ਖੁਰਾਕ ਆਦਿ ਨੂੰ ਬੜੀ ਬਰੀਕੀ ਨਾਲ ਜਾਂਚਿਆ ਜਾਂਦਾ ਹੈ। ਉਸਦੀ ਮਾਨਸਿਕ ਮੰਦਤਾ ਦੇ ਕਾਰਨ ਦਾ ਪਤਾ ਕਰਕੇ ਬੱਚੇ ਬਾਰੇ ਅਗਲੀ ਅਗਵਾਈ ਮਾਪਿਆਂ ਨੂੰ ਦਿੱਤੀ ਜਾਂਦੀ ਹੈ। ਦੂਜਾ ਮਨੋਵਿਗਿਆਨਕ ਵਰਗੀਕਰਨ ਹੈ, ਜਿਸ ਵਿੱਚ ਬੁੱਧੀ ਅੰਕ ਦੇ ਅਨੁਸਾਰ ਬੱਚਿਆਂ ਦੀ ਵੰਡ ਹੇਠਾਂ ਲਿਖੇ ਅਨੁਸਾਰ ਕੀਤੀ ਜਾਂਦੀ ਹੈ:-

| **ਬੁੱਧੀ ਅੰਕ** | **ਸਥਾਪਿਤ ਨਾਂ** |
|---|---|
| 90-110 | ਔਸਤ ਬੁੱਧੀਮਾਨ |
| 70-89 | ਸੀਮਾਂਤ ਬੁੱਧੀਮਾਨ |
| 50-69 | ਭੋਲਾ |
| 35-49 | ਥੋੜਾ ਮੰਦਬੁੱਧੀ |
| 20-34 | ਗੰਭੀਰ ਮੰਦਬੁੱਧੀ |
| 20 ਤੋਂ ਹੇਠਾਂ | ਅਤੀਅੰਤ ਮੰਦਬੁੱਧੀ |

ਇਸ ਬੁੱਧੀ ਅੰਕ ਦੀ ਵੰਡ ਅਨੁਸਾਰ ਬੱਚਿਆਂ ਅਤੇ ਵਿਅਕਤੀਆਂ ਦੀਆਂ ਸੰਭਾਵਿਤ ਸਮੱਰਥਾਵਾਂ ਅਨੁਸਾਰ ਉਹਨਾਂ ਦੀ ਪੜ੍ਹਾਈ ,ਕਿੱਤਾ ਮੁੱਖੀ ਸਿੱਖਿਆ ਅਤੇ ਸੰਭਾਲ ਬਾਰੇ ਵਧੀਆ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ।

ਤੀਸਰਾ ਵਿੱਦਿਅਕ ਵਰਗੀਕਰਨ ਹੈ। ਇਸ ਵਿੱਚ ਬੱਚੇ ਦੇ ਬੁੱਧੀ ਅੰਕ ਦਾ ਆਂਕਲਨ ਕਰਨ ਉਪਰੰਤ ,ਉਸ ਦੀਆਂ ਸਿੱਖਿਆ ਵਿਚ ਪ੍ਰਾਪਤੀਆਂ ਦੀ ਸੰਭਾਵਨਾ ਤਲਾਸ਼ੀ ਜਾਂਦੀ ਹੈ। ਇਸ ਦੇ ਪਹਿਲੇ ਵਰਗ ਵਿੱਚ 50 ਤੋਂ 75 ਤੱਕ ਬੁੱਧੀ ਅੰਕ ਵਾਲੇ ਬੱਚੇ ਆ ਜਾਂਦੇ ਹਨ ,ਜਿਨ੍ਹਾਂ ਨੂੰ ਵਿਸ਼ੇਸ ਅਧਿਆਪਕ ਦੁਆਰਾ ਥੋੜ੍ਹਾ ਬਹੁਤ ਅੱਖਰ ਗਿਆਨ ,ਸਮਾਜਿਕ ਨਿਪੁੰਨਤਾਵਾਂ ਸਿਖਾ ਕੇ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਵਿਚ ਸਿੱਖਿਆ ਦੇਣ ਲਈ ਵਿਸ਼ੇਸ ਤਰ੍ਹਾ ਦੀਆਂ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਧਿਆਨ ਰਹੇ ਕਿ ਇਸ ਵਰਗ ਦੇ ਬੱਚੇ ਬੜੀ ਧੀਮੀ ਗਤੀ ਵਿਚ ਸਿੱਖਦੇ ਹਨ। ਇਸਦੇ ਦੂਜੇ ਵਰਗ ਵਿੱਚ 20 ਤੋਂ 49 ਤੱਕ ਬੁੱਧੀ ਅੰਕ ਵਾਲੇ ਬੱਚੇ ਆ ਜਾਂਦੇ ਹਨ, ਜਿਹਨਾਂ ਨੂੰ ਸਿਰਫ ਆਪਣੀ ਜ਼ਿੰਦਗੀ ਜਿਉਣ ਦੀਆਂ ਕਿਰਿਆਵਾਂ ਜਿਵੇਂ ਆਪਣੇ ਆਪ ਹੱਥ ਧੋਣਾ, ਨਹਾਉਣਾ, ਕੱਪੜੇ ਪਾਉਣੇ, ਖਾਣਾ ਖਾਣਾ ਆਦਿ ਲਈ ਹੀ ਵਰਤੋਂ ਕੀਤਾ ਜਾ ਸਕਦਾ ਹੈ। ਇਹਨਾਂ ਤੋਂ ਪੜ੍ਹਾਈ ਲਿਖਾਈ ਜਾਂ ਹੋਰ ਵੱਡੀਆਂ ਆਸਾਂ ਨਹੀਂ ਕੀਤੀਆਂ ਜਾ ਸਕਦੀਆਂ। ਇਸੇ ਦੇ ਤੀਜੇ ਵਰਗ ਵਿੱਚ 20 ਤੋਂ ਘੱਟ ਬੁੱਧੀ ਅੰਕ ਵਾਲੇ ਬੱਚੇ ਆ ਜਾਂਦੇ ਹਨ, ਜੋ ਆਪਣੇ ਆਪ ਕੁਝ ਵੀ ਨਹੀਂ ਕਰ ਸਕਦੇ। ਇਹ ਆਪਣੇ ਆਪ ਤੁਰ ਫਿਰ ਨਹੀਂ ਸਕਦੇ ਅਤੇ ਨਾ ਹੀ ਖਾ ਪੀ ਸਕਦੇ ਹਨ। ਇਹਨਾਂ ਦੀ ਪੂਰੀ ਸੰਭਾਲ ਅਤੇ ਦੇਖ-ਰੇਖ ਪਰਿਵਾਰਕ ਜੀਆਂ ਨੂੰ ਕਰਨੀ ਪੈਂਦੀ ਹੈ। ਖੋਜਾਂ ਅਨੁਸਾਰ ਇਹਨਾਂ ਦਾ ਜੀਵਨ ਬਹੁਤਾ ਲੰਮਾ ਨਹੀਂ ਹੁੰਦਾ।

ਹੁਣ ਅਸੀਂ ਮਾਨਸਿਕ ਮੰਦਤਾ ਦੇ ਕਾਰਨਾਂ ਵੱਲ ਆਉਂਦੇ ਹਾਂ। ਆਖਰ ਮਾਨਸਿਕ ਮੰਦਤਾ ਲਈ ਕਿਹੜੀਆਂ ਗੱਲਾਂ ਜਿੰਮੇਵਾਰ ਹਨ, ਜਿਹਨਾਂ ਦਾ ਧਿਆਨ ਕਰਕੇ ਇਸ ਤੋਂ ਬਚਿਆ ਜਾ ਸਕਦਾ ਹੈ। ਮਾਨਸਿਕ ਮੰਦਤਾ ਵਾਪਰਨ ਲਈ ਤਿੰਨ ਅਵਸਥਾਵਾਂ ਹਨ। ਪਹਿਲੀ ਬੱਚੇ ਦੇ ਜਨਮ ਤੋਂ ਪਹਿਲਾਂ ਜਦੋਂ ਮਾਂ ਗਰਭਵਤੀ ਹੁੰਦੀ ਹੈ,ਉਸ ਸਮੇਂ ਮਾਂ ਵੱਲੋਂ ਬਿਨ੍ਹਾਂ ਡਾਕਟਰ ਦੀ ਸਲਾਹ ਕੋਈ ਦਵਾਈ ਖਾਣੀ, ਪੇਟ 'ਤੇ ਕੋਈ ਚੋਟ ਲੱਗਣਾ, ਕਿਸੇ ਘਟਨਾ ਕਾਰਨ ਸਦਮੇ 'ਚ ਹੋਣਾ ਜਾਂ ਕੋਈ ਨਸ਼ੀਲੇ ਪਦਾਰਥ ਦਾ ਸੇਵਨ ਕਰਨਾ ਆਦਿ ਇਹਨਾਂ ਕਾਰਨਾਂ ਕਰਕੇ ਪੈਦਾ ਹੋਣ ਵਾਲਾ ਬੱਚਾ ਮਾਨਸਿਕ ਮੰਦਤਾ ਦਾ ਸ਼ਿਕਾਰ ਹੋ ਸਕਦਾ ਹੈ। ਇਸ ਲਈ ਇਹਨਾਂ ਗੱਲਾਂ ਦਾ ਧਿਆਨ ਰੱਖ ਕੇ ਆਉਣ ਵਾਲ਼ੀ ਗੰਭੀਰ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ। ਦੂਜੀ ਅਤੇ ਸਭ ਤੋਂ ਗੰਭੀਰ ਅਵਸਥਾ ਬੱਚੇ ਦੇ ਜਨਮ ਸਮੇਂ ਦੀ ਹੈ ਜੇਕਰ ਬੱਚਾ ਜਨਮ ਲੈਂਦਿਆਂ ਸਾਰ ਰੋਂਦਾ ਨਹੀਂ ਤਾਂ ਉਹ ਮਾਨਸਿਕ ਮੰਦਤਾ ਜਾਂ ਕਿਸੇ ਹੋਰ ਪ੍ਰਕਾਰ ਦੀ ਅਪੰਗਤਾ ਦਾ ਸ਼ਿਕਾਰ ਹੋ ਸਕਦਾ ਹੈ। ਅਜਿਹਾ ਇਸ ਲਈ ਵਾਪਰਦਾ ਹੈ ਕਿਉਂਕਿ ਜਦੋਂ ਬੱਚਾ ਮਾਂ ਦੇ ਗਰਭ ਵਿੱਚ ਹੁੰਦਾ ਹੈ ਤਾਂ ਉਸ ਸਮੇਂ ਉਹ ਆਪਣੀ ਖੁਰਾਕ ਅਤੇ ਸਾਹ ਪ੍ਰਕਿਰਿਆ ਨਾੜੂਏ ਰਾਹੀਂ ਆਪਣੀ ਮਾਂ ਤੋਂ ਲੈਂਦਾ ਹੈ। ਜਨਮ ਸਮੇਂ ਉਸਦਾ ਨਾੜੂਆ ਮਾਂ ਤੋਂ ਅਲੱਗ ਹੋ ਜਾਂਦਾ ਹੈ ਅਤੇ ਉਸਦੀ ਸਾਹ ਕਿਰਿਆ ਬਿਲਕੁਲ ਉਸ ਸਮੇਂ ਉਸਦੇ ਨੱਕ ਰਾਹੀਂ ਸ਼ੁਰੂ ਹੋਣੀ ਚਾਹੀਦੀ ਹੈ, ਜਦੋਂ ਸਾਹ ਕਿਰਿਆ ਨੱਕ ਰਾਹੀਂ ਸ਼ੁਰੂ ਹੁੰਦੀ ਹੈ ਤਾਂ ਬੱਚਾ ਰੋਣਾ ਸ਼ੁਰੂ ਕਰ ਦਿੰਦਾ ਹੈ। ਇਸ ਦਾ ਮਤਲਬ ਸਾਹ ਕਿਰਿਆ ਨੱਕ ਰਾਹੀਂ ਸਹੀ ਤਰੀਕੇ ਨਾਲ ਸ਼ੁਰੂ ਹੋ ਚੁੱਕੀ ਹੈ। ਅਗਰ ਬੱਚਾ ਰੋਂਦਾ ਨਹੀਂ ਤਾਂ ਇਸ ਦਾ ਮਤਲਬ ਸਾਹ ਕਿਰਿਆ ਸ਼ੁਰੂ ਨਹੀਂ ਹੋਈ ਜਿਸ ਕਾਰਨ ਉਸਦੇ ਦਿਮਾਗ ਦੇ ਸੈੱਲ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਦਿਮਾਗ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਜਨੇਪਾ ਹਮੇਸ਼ਾ ਮਾਹਿਰ ਡਾਕਟਰ ਦੀ ਦੇਖ-ਰੇਖ ਵਿੱਚ ਹੋਣਾ ਚਾਹੀਦਾ ਹੈ ਕਿਉਂਕਿ ਡਾਕਟਰ ਬੱਚੇ ਦੇ ਜਨਮ ਹੁੰਦਿਆਂ ਸਾਰ ਹੀ ਬੱਚੇ ਨੂੰ ਉਲਟਾ ਕਰਕੇ ਉਸਨੂੰ ਰਵਾਉਣ ਦੀ ਕੋਸ਼ਿਸ ਕਰਦਾ ਹੈ। ਤੀਸਰੀ ਅਵਸਥਾ ਬੱਚੇ ਦੇ ਜਨਮ ਤੋਂ ਬਾਦ ਦੀ ਹੈ,ਕਈ ਵਾਰ ਬੱਚੇ ਦੇ ਵਿਕਾਸ ਦੇ ਪੜਾਅ ਵਿੱਚ ਬੱਚੇ ਦੇ ਉਚੀ ਥਾਂ ਤੋਂ ਡਿੱਗਣ ਕਾਰਨ ਸਿਰ 'ਤੇ ਗੰਭੀਰ ਚੋਟ ਲੱਗਣ ਕਰਕੇ ਉਸਦਾ ਦਿਮਾਗੀ ਨੁਕਸਾਨ ਹੋ ਸਕਦਾ ਹੈ ਅਤੇ ਉਸਦਾ ਦਿਮਾਗੀ ਵਿਕਾਸ ਰੁਕ ਸਕਦਾ ਹੈ। ਇਸ ਤੋਂ ਇਲਾਵਾ ਜੇ ਬੱਚਾ ਢਿੱਲਾ-ਮੱਠਾ ਹੋ ਜਾਵੇ ਤਾਂ ਕਦੇ ਵੀ ਆਪਣੀ ਮਰਜੀ ਅਨੁਸਾਰ ਸਖ਼ਤ ਦਵਾਈ ਨਹੀਂ ਦੇਣੀ ਚਾਹੀਦੀ ਕਿਉਂਕਿ ਇਸ ਨਾਲ ਉਸ ਦਾ ਦਿਮਾਗੀ ਨੁਕਸਾਨ ਹੋ ਸਕਦਾ ਹੈ। ਬੱਚੇ ਨੂੰ ਦਵਾਈ ਹਮੇਸ਼ਾ ਬਾਲ ਰੋਗਾਂ ਦੇ ਮਾਹਿਰ ਡਾਕਟਰ ਦੀ ਸਲਾਹ ਅਨੁਸਾਰ ਦੇਣੀ ਚਾਹੀਦੀ ਹੈ। ਕਈ ਵਾਰੀ ਦੇਖਣ ਵਿਚ ਆਉਂਦਾ ਹੈ ਕਿ ਛੋਟੇ ਬੱਚੇ ਨੂੰ ਕੋਈ ਵੱਡਾ ਵਿਅਕਤੀ ਪਿਆਰ ਨਾਲ ਉਪਰ ਨੂੰ ਉਛਾਲ-ਉਛਾਲ ਕੇ ਖੇਡਣ ਲੱਗ ਜਾਂਦਾ ਹੈ ਅਜਿਹਾ ਬਿਲਕੁਲ ਨਹੀਂ ਕਰਨਾ ਚਾਹੀਦਾ ਕਿਉਂਕਿ ਬੱਚੇ ਦੀ ਖੋਪੜੀ ਬੜੀ ਕੋਮਲ ਹੁੰਦੀ ਹੈ ਅਤੇ ਇਸ ਵਿਚਲੇ ਦਿਮਾਗੀ ਦ੍ਰਵ ਵਿੱਚ ਹਿਲਜੁਲ ਕਾਰਨ ,ਦਿਮਾਗੀ-ਤੰਤਰ ਜ਼ਖ਼ਮੀ ਹੋ ਸਕਦਾ ਹੈ। ਉੱਪਰ ਕਹੀਆਂ ਗੱਲਾਂ ਵੱਲ ਧਿਆਨ ਦੇ ਕੇ, ਜਿਸ ਕਾਰਨ ਬੱਚਾ ਦਿਮਾਗੀ ਪੱਖੋਂ ਕਮਜੋਰ ਹੋ ਸਕਦਾ ਹੈ, ਬੱਚਿਆਂ ਨੂੰ ਮਾਨਸਿਕ ਮੰਦਤਾ ਵਰਗੀ ਗੰਭੀਰ ਸਮੱਸਿਆ ਤੋਂ ਬਚਾਇਆ ਜਾ ਸਕਦਾ ਹੈ।

ਜੇਕਰ ਕਿਸੇ ਵਿਅਕਤੀ ਦਾ ਬੱਚਾ ਮਾਨਸਿਕ ਮੰਦਤਾ ਦਾ ਸ਼ਿਕਾਰ ਹੈ, ਉਸਨੂੰ ਤੁਰੰਤ ਮਾਹਿਰ ਡਾਕਟਰਾਂ, ਮਨੋਵਿਗਿਆਨੀਆਂ ਅਤੇ ਵਿਸ਼ੇਸ ਅਧਿਆਪਕਾਂ ਦੀ ਸਲਾਹ ਲੈਣੀ ਚਾਹੀਦੀ ਹੈ।

***ਬਾਕੀ ਪੰਨਾ 51 'ਤੇ***

*ਵਿਸ਼ੇਸ਼ ਰਿਪੋਰਟ*

# ਅੱਖਾਂ ਬੰਦ ਕਰਕੇ ਪੜ੍ਹਨ ਦੇ ਦਾਅਵੇ ਠੁੱਸ



**ਅਜਾਇਬ ਜਲਾਲਆਣਾ**

**ਸਮੇਂ ਦੇ ਅੰਗ ਸੰਗ:**

ਅਜੋਕੇ ਵਿਗਿਆਨਕ ਯੁੱਗ ਵਿੱਚ ਵੀ ਗੈਰ ਵਿਗਿਆਨਕ ਵਰਤਾਰਿਆਂ ਦੀ ਵੀ ਘਾਟ ਨਹੀਂ। ਕੁੱਝ ਚਲਾਕ/ਸੈਤਾਨ ਕਿਸਮ ਦੇ ਲੋਕ ਆਪਣੇ ਸੁਆਰਥਾਂ ਦੀ ਪੂਰਤੀ ਲਈ ਕੂੜ ਪ੍ਰਚਾਰ ਕਰਦੇ ਹਨ। ਇਸਦੇ ਉਲਟ ਸੰਵਿਧਾਨ ਦੇ ਅਨੁਛੇਦ 51 ਏ ਅਤੇ ਹੋਰਨਾਂ ਕਨੂੰਨਾਂ, ਨਿਯਮਾਂ ਦੇ ਤਹਿਤ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦਹਾਕਿਆਂ ਤੋਂ ਕੰਮ ਕਰ ਰਹੀ ਹੈ। ਸਮੇਂ-ਸਮੇਂ 'ਤੇ ਸੁਸਾਇਟੀ ਨੇ ਬ੍ਰੇਨਪੀਡੀਆ (ਅੱਖਾਂ 'ਤੇ ਪੱਟੀ ਬੰਨ੍ਹਕੇ ਨੱਕ ਨਾਲ਼ ਸੁੰਘਕੇ ਪੜ੍ਹਣ) ਦਾ ਪਰਦਾਫ਼ਾਸ਼ ਕੀਤਾ ਹੈ। ਜਿਵੇਂ ਮੰਡੀ ਡੱਬਵਾਲੀ, ਉਕਲਾਣਾ, ਜਲੰਧਰ ਆਦਿ ਸ਼ਹਿਰਾਂ ਵਿਚ ਬਾਖ਼ੂਬੀ ਇਹ ਸਚਾਈ ਲੋਕਾਂ ਸਾਹਮਣੇ ਪ੍ਰਤੱਖ ਲਿਆਂਦੀ ਗਈ। ਜੀਵ ਵਿਗਿਆਨ ਦੇ ਨਿਯਮ ਤਹਿਤ ਸੁਸਾਇਟੀ ਨੇ ਇਹ ਸਾਬਤ ਕੀਤਾ ਹੈ ਕਿ ਕੋਈ ਵੀ ਇਨਸਾਨ ਅੱਖਾਂ ਬੰਦ ਕਰਕੇ ਨਹੀਂ ਪੜ੍ਹ ਸਕਦਾ। ਜੇ ਉਹ ਪੜ੍ਹ ਵੀ ਲੈਂਦਾ ਹੈ ਤਾਂ ਸ਼ਰਤੀਆ ਉਸਨੂੰ ਅੱਖਾਂ ਤੋਂ ਹੀ ਦਿਸ ਰਿਹਾ ਹੁੰਦਾ ਹੈ। ਵਰਨਾ ਮਨੁੱਖ ਦੇ ਸਰੀਰ ਦਾ ਕੋਈ ਵੀ ਹੋਰ ਅੰਗ/ਹਿੱਸਾ ਕਿਸੇ ਯੋਗ ਵਿਧੀ/ਦੈਵੀ ਸ਼ਕਤੀ ਨਾਲ਼ ਵੇਖਣ ਦੇ ਯੋਗ ਨਹੀਂ ਹੁੰਦਾ।

ਸੁਸਾਇਟੀ ਦੀਆਂ 23 ਸ਼ਰਤਾਂ ਤੋਂ ਇਲਾਵਾ ਇਹ ਸ਼ਰਤ ਵੀ ਹੈ ਕਿ ਕੋਈ ਅੱਖਾਂ ਬੰਦ ਕਰਕੇ ਨੱਕ ਨਾਲ਼ ਸੁੰਘਕੇ ਪੜ੍ਹਨ ਦਾ ਦਾਅਵਾ ਕਰਦਾ ਹੈ, ਤਾਂ ਸੁਸਾਇਟੀ ਵੱਲੋਂ ਪਰਖ-ਪੜਤਾਲ ਕਰਨ ਤੋਂ ਬਾਅਦ ਜੇਕਰ ਉਹ ਵੇਖਣ 'ਚ ਸਫ਼ਲ ਹੁੰਦਾ ਹੈ, ਤਾਂ ਉਸਨੂੰ 5 ਲੱਖ ਇਨਾਮ ਦੇਣ ਦਾ ਐਲਾਨ ਕੀਤਾ ਹੋਇਆ ਹੈ।

**ਚੁਣੌਤੀ ਦਾ ਮੁੱਦਾ:**

8 ਮਾਰਚ ਨੂੰ ਸਿਰਸਾ ਜਿਲ੍ਹਾ ਦੇ ਅਖਬਾਰਾਂ ਵਿੱਚ ਲੱਗੀ ਖਬਰ ਚਰਚਾ ਵਿੱਚ ਆਈ। ਜਿਸ ਵਿਚ ਹਰਿਆਣਾ ਦੇ ਸਿਰਸਾ ਜਿਲ੍ਹਾ ਦੇ ਪਿੰਡ ਛਤਰੀਆਂ ਰਾਜਿੰਦਰਾ ਸਕੂਲ ਦੇ ਵਿਦਿਆਰਥੀ ਸਾਹਿਲ ਵੱਲੋਂ ਅੱਖਾਂ ਬੰਦ ਕਰਕੇ ਨੱਕ ਨਾਲ਼ ਸੁੰਘਕੇ ਪੜ੍ਹਨ ਦਾ ਦਾਅਵਾ ਕੀਤਾ ਗਿਆ ਸੀ। ਖਬਰ ਅਨੁਸਾਰ ਵਿਦਿਆਰਥੀ ਨੂੰ ਏਸ਼ੀਆ ਬੁੱਕ ਆਫ਼ ਰਿਕਾਰਡ ਵੱਲੋਂ 26 ਸੈਕਿੰਡ ਵਿੱਚ ਤਾਸ਼ ਦੇ ਸਾਰੇ ਪੱਤੇ ਪਹਿਚਾਣ ਲੈਣ ਕਰਕੇ ਪੂਰੇ ਏਸ਼ੀਆ 'ਚੋਂ ਪਹਿਲਾ ਇਨਾਮ ਦਿੱਤਾ ਗਿਆ ਸੀ। ਇਸ ਪ੍ਰਾਪਤੀ ਬਦਲੇ ਹਰਿਆਣੇ ਦੇ ਉੱਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਵੱਲੋਂ ਸਨਮਾਨਿਤ ਕਰਨ ਦਾ ਵੀ ਜਿਕਰ ਸੀ।

ਇਸ ਖ਼ਬਰ ਦਾ ਨੋਟਿਸ ਲੈਂਦਿਆਂ ਤਰਕਸ਼ੀਲ ਇਕਾਈ ਕਾਲਾਂਵਾਲੀ ਵੱਲੋਂ ਇੱਕ ਮੀਟਿੰਗ ਕਰਕੇ ਪ੍ਰੈਸ ਨੋਟ ਰਾਹੀਂ ਚੁਣੌਤੀ ਜਾਰੀ ਕੀਤੀ ਗਈ ਕਿ ਕੋਈ ਅੱਖ ਬੰਦ ਕਰਕੇ ਨਹੀਂ ਪੜ੍ਹ ਸਕਦਾ। ਜੇ ਉਹ ਵਿਦਿਆਰਥੀ ਤਰਕਸ਼ੀਲਾਂ ਸਾਹਮਣੇ ਅਜਿਹਾ ਕਰਨ ਵਿੱਚ ਸਫਲ ਹੁੰਦਾ ਹੈ ਤਾਂ ਸੁਸਾਇਟੀ ਵੱਲੋਂ ਰੱਖਿਆ 5 ਲੱਖ ਦਾ ਇਨਾਮ ਦਿੱਤਾ ਜਾਵੇਗਾ।

**ਚੁਣੌਤੀ ਹੋਈ ਕਬੂਲ:**

ਇਹ ਚੁਣੌਤੀ ਉਸ ਵਿਦਿਆਰਥੀ ਦੇ ਮਾਪਿਆਂ ਨੇ ਕਾਲਾਂਵਾਲੀ ਸੁਸਾਇਟੀ ਦੇ ਦਫ਼ਤਰ ਆਕੇ ਨਾਲ਼ ਪਿੰਡ ਦੇ ਸਰਪੰਚ ਅਤੇ ਹੋਰਨਾਂ ਮੋਹਤਬਰਾਂ ਸਾਮ੍ਹਣੇ ਕਬੂਲ ਕੀਤਾ ਅਤੇ ਸੁਸਾਇਟੀ ਦੀਆਂ ਸ਼ਰਤਾਂ ਵੀ ਮੰਨੀਆਂ ਭਾਵੇਂ ਮੌਕੇ 'ਤੇ ਉਹ ਇਹਨਾਂ ਸ਼ਰਤਾਂ ਤੋਂ ਪਿੱਛੇ ਹਟਦੇ ਵੇਖੇ ਗਏ।

ਖੈਰ ਥੋੜ੍ਹੇ ਸਮੇਂ 'ਚ ਹੀ ਸੂਬਾ ਕਮੇਟੀ ਨੂੰ ਵਿਸ਼ਵਾਸ਼ ਵਿਚ ਲੈ ਕੇ 14 ਮਾਰਚ ਦਾ ਦਿਨ ਅਤੇ ਥਾਂ ਪਿੰਡ ਵੱਡਾਗੁੜਾ ਜਿਲ੍ਹਾ ਸਿਰਸਾ ਹਰਿਆਣਾ ਦਾ ਪੰਚਾਇਤ ਘਰ ਤੈਅ ਹੋ ਗਿਆ। ਨਿਸ਼ਚਿਤ ਸਮੇਂ 'ਤੇ ਸੂਬਾ ਆਗੂ ਰਾਜਿੰਦਰ ਭਦੌੜ ਦੀ ਅਗਵਾਈ 'ਚ, ਸੂਬਾ ਮੀਡੀਆ ਮੁਖੀ ਅਜਾਇਬ ਜਲਾਲਆਣਾ, ਜਸਵੰਤ ਬੋਪਾਰਾਏ, ਗੁਰਪ੍ਰੀਤ ਸਹਿਣਾ, ਇਕਾਈ ਭਦੌੜ ਤੋਂ ਕੁਲਦੀਪ ਨੈਣੇਵਾਲ ਬਠਿੰਡਾ ਇਕਾਈ ਤੋਂ ਹਾਕਮ ਸਿੰਘ, ਕੁਲਵੰਤ ਸਿੰਘ ਦੀ ਪੂਰੀ ਟੀਮ, ਮੌੜ ਤੋਂ ਹਰਦੀਪ ਸਿੰਘ ਦੀ ਟੀਮ, ਡੱਬਵਾਲੀ ਇਕਾਈ ਤੋਂ ਜਗਤਾਰ ਸਿੰਘ ਸਿੰਘੇਵਾਲਾ ਆਦਿ ਤਰਕਸ਼ੀਲ ਸਾਥੀਆਂ ਸਮੇਤ ਹਾਜਰ ਸਨ। ਇਸ ਮੌਕੇ ਕਾਲਾਂਵਾਲੀ ਇਕਾਈ ਦੀ ਸਮੁੱਚੀ ਟੀਮ ਸ਼ਮਸ਼ੇਰ ਚੋਰਮਾਰ ਦੀ ਅਗਵਾਈ ਵਿੱਚ ਪ੍ਰਬੰਧਾਂ ਵਿੱਚ ਜੁਟੀ ਸੀ।

**ਚੁਣੌਤੀ ਵਾਲਾ ਦਿਨ:**

12 ਕੁ ਵਜੇ ਦੇ ਕਰੀਬ ਤਰਕਸ਼ੀਲ ਟੀਮ ਨੇ ਆਪਣੀ ਯੋਜਨਾ ਮੁਤਾਬਕ ਸਟੇਜ ਚਲਾ ਲਈ ਸੀ। ਲੋਕਾਂ ਦਾ ਭਾਰੀ ਇਕੱਠ ਜੁੜਿਆ ਹੋਇਆ ਸੀ। ਵਿਦਿਆਰਥੀ ਦੇ ਮਾਪਿਆਂ ਵੱਲੋਂ ਆਪਣੀ ਜਿੱਦ ਕਰਕੇ ਲੋਕਾਂ ਨੂੰ ਆਉਣ ਲਈ ਸੋਸ਼ਲ ਮੀਡੀਏ 'ਤੇ ਪਹਿਲਾਂ ਹੀ ਪ੍ਰਚਾਰ ਕੀਤਾ ਗਿਆ ਸੀ। ਮੰਚ ਸੰਚਾਲਨ ਕਰਦੇ ਹੋਏ ਸ਼ਮਸ਼ੇਰ ਚੋਰਮਾਰ ਨੇ ਉੱਥੇ ਜੁੜੇ ਲੋਕਾਂ ਨੂੰ ਇਸ ਘਟਨਾ ਕ੍ਰਮ ਦੀ ਵਿਸਥਾਰ ਚ ਪੂਰੀ ਜਾਣਕਾਰੀ ਦਿੱਤੀ ਗਈ ਅਤੇ ਨਾਲ਼ ਹੀ ਸੁਸਾਇਟੀ ਦੇ ਕੰਮ ਤੇ ਸ਼ਰਤਾਂ ਬਾਰੇ

ਦੱਸਿਆ ਗਿਆ। ਉੱਥੇ ਹਾਜਰ ਮੁਹਤਬਰ ਲੋਕਾਂ ਵਿਚੋਂ ਇੱਕ ਸੇਵਾ ਮੁਕਤ ਮੁਲਾਜ਼ਮ ਅਤੇ ਆਸ-ਪਾਸ ਦੇ 5 ਪਿੰਡਾਂ ਦੇ ਮੌਜੂਦਾ ਤੇ ਸਾਬਕਾ ਸਰਪੰਚਾਂ ਦੀ ਇੱਕ ਜੱਜਮੈਂਟ ਕਮੇਟੀ ਦਾ ਗਠਨ ਆਮ ਲੋਕਾਂ ਤੋਂ ਮਤਾ ਪੁਆਕੇ ਕੀਤਾ ਗਿਆ।

ਰਾਜਿੰਦਰ ਭਦੌੜ ਨੇ ਆਪਣੇ ਵਿਚਾਰ ਅਤੇ ਜਾਦੂ ਦੇ ਟ੍ਰਿਕ ਵਿਖਾਉਂਦਿਆ ਕਿਹਾ ਕਿ ਸਾਡਾ ਕਿਸੇ ਬੱਚੇ ਜਾਂ ਪਰਿਵਾਰ ਨਾਲ਼ ਕੋਈ ਨਿੱਜੀ ਵੈਰ, ਵਿਰੋਧ ਨਹੀਂ ਸਗੋਂ ਗੈਰਵਿਗਿਆਨਿਕ, ਅੰਧਵਿਸ਼ਵਾਸੀ ਵਰਤਾਰੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਆਮ ਲੋਕਾਂ ਸਾਹਮਣੇ ਜੱਗ ਜਾਹਰ ਕਰਨਾ ਹੈ, ਕਿਉਂਕਿ ਆਏ ਦਿਨ ਕੁੱਝ ਚਾਲਬਾਜ਼ ਲੋਕ ਅਜਿਹੇ ਭਰਮ ਫੈਲਾਕੇ ਬੱਚਿਆਂ ਅਤੇ ਮਾਪਿਆਂ ਦਾ ਆਰਥਿਕ ਅਤੇ ਮਾਨਸਿਕ ਸੋਸ਼ਣ ਕਰਦੇ ਹਨ। ਅੱਜ ਅਸੀਂ ਤੁਹਾਨੂੰ ਇਸ ਵਰਤਾਰੇ ਤੋਂ ਜਾਗਰੂਕ ਕਰਨ ਆਏ ਹਾਂ।

***ਪਰਖ ਦੀ ਘੜੀ*:**

ਇਸੇ ਸਮੇਂ ਇੱਕ ਘੰਟਾ ਪਛੜਕੇ ਵਿਦਿਆਰਥੀ ਦੇ ਮਾਪੇ ਅਤੇ ਉਹਨਾਂ ਦੇ ਸਮਰਥਕ ਵੱਡੀ ਗਿਣਤੀ ਵਿਚ ਸ਼ਾਮਿਲ ਹੁੰਦੇ ਹਨ ਜੋ ਆਉਣ ਸਾਰ ਤੈਅ ਸ਼ਰਤਾਂ ਤੋਂ ਮੁਕਰਨ ਅਤੇ ਤਰ੍ਹਾਂ ਤਰ੍ਹਾਂ ਦੇ ਬਹਾਨੇ ਬਣਾਉਣ ਲੱਗਦੇ ਹਨ, ਕਦੀ ਉਹ ਕਹਿੰਦੇ ਸਾਡਾ ਵਿਦਿਆਰਥੀ ਕਿਤਾਬ ਦੀਆਂ ਦੋ ਲਾਈਨਾਂ ਨਹੀਂ ਤਾਸ਼ ਦਾ ਪੱਤਾ ਹੀ ਪੜ੍ਹੇਗਾ। ਕਦੀ ਕਹਿੰਦੇ ਕਿ ਸਾਧਾਰਨ ਪੱਟੀ ਬੰਨ੍ਹੋ। ਕਦੀ ਕਹਿੰਦੇ ਐਨਕ 'ਤੇ ਕੋਈ ਕੈਮੀਕਲ ਲੱਗਿਆ ਹੈ ਜਿਸ ਨਾਲ਼ ਸਾਡੇ ਬੱਚੇ ਦੀ ਅੱਖ ਖ਼ਰਾਬ ਹੋ ਜਾਵੇਗੀ ਆਦਿ।

ਪਰ ਫੇਰ ਵੀ ਜੱਜਮੈਂਟ ਕਮੇਟੀ ਤੇ ਤਰਕਸ਼ੀਲ ਟੀਮ ਦੀ ਸਹਿਮਤੀ 'ਤੇ ਤਾਸ਼ ਦੇ ਪੱਤੇ ਨੂੰ ਹੀ ਪਹਿਚਾਨਣ ਤੇ ਅੱਖਾਂ 'ਤੇ ਰੁਮਾਲ ਰੱਖਕੇ ਐਨਕ ਨਾਲ਼ ਹੀ ਅੱਖ ਬੰਦ ਕਰਨ ਦੀ ਗੱਲ ਸਿਰੇ ਚੜ੍ਹੀ। ਸੁਸਾਇਟੀ ਦੀਆਂ ਸ਼ਰਤਾਂ/ਮਤੇ 'ਤੇ ਮਾਪਿਆਂ ਵੱਲੋਂ ਬਕਾਇਦਾ ਹਸਤਾਖਰ ਕੀਤੇ ਗਏ ਅਤੇ ਉਹਨਾਂ ਵੱਲੋਂ 10 ਹਜ਼ਾਰ ਰੁ ਜਮਾਨਤ ਰਾਸ਼ੀ ਵੀ ਜਮ੍ਹਾਂ ਕਰਵਾਈ ਗਈ। ਸੁਸਾਇਟੀ ਵੱਲੋਂ ਜੱਜਮੈਂਟ ਕਮੇਟੀ ਕੋਲ਼ 5 ਲੱਖ ਦਾ ਚੈੱਕ ਜਮਾਂ ਕਰਵਾਇਆ ਗਿਆ।

ਅੱਖਾਂ ਬੰਦ ਕਰਨ ਲਈ ਸਿਰਫ਼ ਤਿੰਨ ਮੈਂਬਰਾਂ ਦੀ ਡਿਊਟੀ ਮੁਤਾਬਕ ਜਦ ਵਿਦਿਆਰਥੀ ਦੀ ਅੱਖ ਉੱਪਰ ਰੁਮਾਲ ਰੱਖਕੇ ਐਨਕ ਲਾਉਣੀ ਚਾਹੀ ਉਸਨੇ ਸ਼ੁਰੂ 'ਚ ਹੀ ਆਪਣੇ ਹੱਥਾਂ ਨਾਲ਼ ਪੱਟੀ ਹਟਾ ਦਿੱਤੀ। ਜਦਕਿ ਪਹਿਲਾਂ ਇਹ ਸ਼ਰਤ ਤੈਅ ਸੀ ਕਿ ਵਿਦਿਆਰਥੀ ਪੱਟੀ ਨੂੰ ਹੱਥ ਨਹੀਂ ਲਾਏਗਾ। ਇਸੇ ਦੌਰਾਨ ਉਸ ਵਿਦਿਆਰਥੀ ਦਾ ਟ੍ਰੇਨਰ ਜੋ ਨਾਲ਼ ਹੀ ਸੀ ਨੇ ਉਸਨੂੰ ਬਾਂਹ ਤੋਂ ਫੜ੍ਹਕੇ ਕੁਰਸੀ ਤੋਂ ਉਠਾਕੇ ਇਹ ਕਹਿਕੇ ਪਾਸੇ ਲੈ ਗਿਆ ਕਿ ਵਿਦਿਆਰਥੀ ਨੂੰ 10 ਮਿੰਟ ਦਾ ਟਾਈਮ ਦਿਓ। ਕਹਿੰਦਾ ਬੱਚਾ ਘਬਰਾ ਗਿਆ ਹੈ। ਇਹ ਕਹਿਣ 'ਤੇ ਤਰਕਸ਼ੀਲਾਂ ਨੇ ਉਸਨੂੰ ਕਿਹਾ ਕਿ ਗਿਆ ਜਦ ਇਸਨੂੰ ਅੱਖ ਬੰਦ ਕਰਕੇ ਪੜ੍ਹਨ ਦੀ ਸਿਖਲਾਈ ਤੂੰ ਹੀ ਦਿੱਤੀ ਹੈ। ਤੁਸੀਂ ਖ਼ੁਦ ਕੁਰਸੀ ਤੇ ਬਹਿ ਇਹ ਇਮਤਿਹਾਨ ਦੇ ਦਿਓ। ਇਹ ਸੁਣਦਿਆਂ ਉਹ ਵੀ ਓਥੋਂ ਨੌਂ ਦੋ ਗਿਆਰਾਂ ਹੋ ਗਿਆ। ਫੇਰ ਉਹ ਓਥੇ ਮੁੜ ਨਹੀਂ ਦਿਸਿਆ।

ਜੱਜਮੈਂਟ ਕਮੇਟੀ ਵੱਲੋਂ ਉਹਨਾਂ ਨੂੰ ਵਾਰ-ਵਾਰ ਬੁਲਾਇਆ ਗਿਆ। ਉਹ ਦੂਰ ਬੈਠੇ ਹੋਰ ਬਹਾਨੇ ਬਣਾਉਂਦੇ ਰਹੇ। ਕਹਿੰਦੇ ਸਾਡਾ ਬੱਚਾ ਘਬਰਾ ਗਿਆ। ਭੀੜ ਜ਼ਿਆਦਾ ਸੀ ਜਦਕਿ ਇਸਤੋਂ ਪਹਿਲਾਂ ਉਹ ਹਜਾਰਾਂ ਦੀ ਭੀੜ 'ਚ ਆਪਣੇ ਪ੍ਰਦਰਸ਼ਨ ਕਰਦਾ ਰਿਹਾ ਸੀ ਤੇ ਫੇਰ ਤਰਕਸ਼ੀਲਾਂ ਮੂਹਰੇ ਕਿਉਂ ਨਹੀਂ ਕਰ ਸਕਿਆ? ਭੀੜ ਵੀ ਉਹਨਾਂ ਆਪ ਹੀ ਇਕੱਠੀ ਕਰੀ ਸੀ। ਆਖਿਰ ਉਹ ਪੂਰਾ ਪਰਿਵਾਰ ਆਪਣੀਆਂ ਗੱਡੀਆਂ ਚੜ੍ਹ ਉਥੋਂ ਵਾਪਿਸ ਘਰ ਚਲਾ ਗਿਆ। ਉਹ ਘਰ ਜਾਕੇ ਆਪਣੇ ਸਮਰਥਕਾਂ ਕੋਲ਼ ਫ਼ੋਨ ਕਰਕੇ ਕਹਿੰਦੇ ਕਿ ਅਸੀਂ 5 ਜਣਿਆਂ ਦੀ ਹਾਜਰੀ ਵਿੱਚ ਪ੍ਰਦਰਸ਼ਨ ਕਰ ਦੇਵਾਂਗੇ।

**ਟਾਲ ਮਟੋਲ ਤੇ ਹਾਰ:**

ਇਹ ਗੱਲ ਜਦ ਤਰਕਸ਼ੀਲਾਂ ਨੂੰ ਦੱਸੀ ਤਾਂ ਬੜੀ ਖੁਸ਼ੀ ਨਾਲ਼ ਸਵੀਕਾਰ ਕੀਤੀ। ਜਦ ਇਹ ਸੂਚਨਾ ਉਸ ਪਰਿਵਾਰ ਕੋਲ਼ ਪਹੁੰਚਾਈ ਕਿ ਆ ਜਾਓ 5 ਨਹੀਂ ਤਿੰਨ ਮੈਂਬਰ ਹੀ ਹੋਣਗੇ! ਉਹ ਫਿਰ ਟਾਲ਼ਾ ਵੱਟਕੇ ਕਹਿੰਦੇ ਤਰਕਸ਼ੀਲਾਂ ਨੂੰ ਸਾਡੇ ਘਰ ਲੈ ਆਵੋ! ਇਹ ਸੁਣ ਪਰਖਕੇ ਉਹਨਾਂ ਦੇ ਕੱਟੜ ਸਮਰਥਕ ਵੀ ਹੁਣ ਸਚਾਈ ਦੇ ਰੂਬਰੂ ਹੋ ਚੁੱਕੇ ਸਨ। ਜੱਜਮੈਂਟ ਕਮੇਟੀ ਨੇ ਉਹਨਾਂ ਨੂੰ ਅੱਧੇ ਘੰਟੇ ਤੱਕ ਆਉਣ ਦੀ ਚਿਤਾਵਨੀ 'ਤੇ ਵੀ ਨਾ ਆਉਣ 'ਤੇ ਲਿਖਤ ਰੂਪ ਚ ਸਹਿਮਤੀ ਨਾਲ਼ 10 ਹਜ਼ਾਰ ਰੁ: ਦੀ ਜਮਾਨਤ ਰਾਸ਼ੀ ਅਤੇ 5 ਲੱਖ ਦਾ ਚੈੱਕ ਤਰਕਸ਼ੀਲਾਂ ਹਵਾਲੇ ਕਰ ਦਿੱਤਾ। ਇੰਝ ਅੰਧਵਿਸ਼ਵਾਸੀ ਵਰਤਾਰੇ ਦੇ ਮੋਹਰੀਆਂ ਨੂੰ ਮੈਦਾਨ ਛੱਡਕੇ ਭੱਜਣਾ ਪਿਆ ਅਤੇ ਗਿਆਨ, ਵਿਗਿਆਨ ਰੂਪੀ ਚਾਨਣ ਨੇ ਉੱਥੇ ਹਾਜ਼ਰ ਲੋਕਾਂ ਸਾਹਵੇਂ ਸੱਚ ਝੂਠ ਦਾ ਨਿਖੇੜਾ ਕੀਤਾ। ਇੱਕ ਵਾਰ ਫਿਰ ਅੱਖਾਂ ਬੰਦ ਕਰਕੇ ਨੱਕ ਨਾਲ ਸੁੰਘ ਕੇ ਪੜ੍ਹਨ ਦੇ ਦਾਅਵਿਆਂ ਨੂੰ ਮਾਤ ਮਿਲੀ।

**ਸੁਖਦ ਪ੍ਰਾਪਤੀ :**

ਚੁਣੌਤੀ ਕਬੂਲਣ ਵਾਲੇ ਪਰਿਵਾਰ ਦਾ ਇੱਕ ਕੱਟੜ ਸਮਰਥਕ ਤੇ ਰਾਜਨੀਤਿਕ ਪਹੁੰਚ ਰੱਖਣ ਵਾਲ਼ਾ ਵਿਅਕਤੀ ਜਿਹੜਾ ਤਰਕਸ਼ੀਲਾਂ ਖਿਲਾਫ਼ ਜਿਲ੍ਹਾ ਅਧਿਕਾਰੀਆਂ ਤੱਕ ਦਰਖਾਸਤਾਂ ਦੇਣ ਤੋਂ ਲੈ ਕੇ ਅਖੀਰ ਤੱਕ ਉਹਨਾਂ ਦਾ ਪੱਖ ਪੂਰਦਾ ਰਿਹਾ। ਸਮੁੱਚੀ ਘਟਨਾ ਉਪਰੰਤ ਤਰਕਸ਼ੀਲਾਂ ਦੇ ਅਮਲਾਂ ਬਾਰੇ ਜਾਣ, ਪਰਖ ਕੇ ਸੁਸਾਇਟੀ ਦੇ ਕੰਮਾਂ ਤੋਂ ਪ੍ਰਭਾਵਿਤ ਹੋਕੇ ਇੱਕ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਇਕਾਈ ਕਾਲਾਂਵਾਲੀ ਨੂੰ ਦੇ ਗਿਆ।

**9416724331**

*ਪੁਸਤਕ ਸਮੀਖਿਆ*



# ਬੰਚ ਆ.ਫ ਥੌਟਸ (Bunch of Thoughts)

**ਮਨੋਜ ਮਲਿਕ**

ਸੰਘ ਦੀ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਸ ਦੇ ਦੂਸਰੇ ਮੁਖੀ ਗੋਲਵਲਕਰ (ਗੁਰੂ ਜੀ) ਦੀ ਕਿਤਾਬ 'ਬੰਚ ਆਫ ਥੌਟਸ' ਦਾ ਅਧਿਐਨ ਅਤਿ ਜਰੂਰੀ ਹੈ। ਇਹ ਹਿੰਦੀ ਵਿਚ 'ਵਿਚਾਰ ਨਵਨੀਤ' ਨਾਮ ਹੇਠ ਉਪਲਬਧ ਹੈ। ਇਹ ਵੱਡ ਅਕਾਰੀ ਗ੍ਰੰਥ 'ਗੁਰੂ ਜੀ ਸਮੱਗਰ – ਖੰਡ 11' ਵਿਚ ਵੀ ਉਪਲੱਬਧ ਹੈ। ਇਸ ਕਿਤਾਬ ਦਾ ਅਧਿਐਨ ਕਰਕੇ ਅਸੀਂ ਆਰ.ਐਸ.ਐਸ. ਦਾ ਅਸਲੀ ਚਿਹਰਾ ਵੇਖ ਸਕਦੇ ਹਾਂ। ਇਸ ਕਿਤਾਬ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ :

1. ਮਿਸ਼ਨ, 2. ਰਾਸ਼ਟਰ ਅਤੇ ਇਸ ਦੀਆਂ ਸਮੱਸਿਆਵਾਂ, 3. ਸ਼ਾਨਾਮੱਤਾ ਮਾਰਗ, 4. ਵਿਅਕਤੀ ਨਿਰਮਾਣ

ਆਰ. ਐਸ. ਐਸ. ਦਾ ਹਿੱਸਾ ਰਹੇ ਮਨੋਜ ਮਲਿਕ ਵੱਲੋਂ ਕੀਤੀ ਗਈ ਲੰਬੀ ਪਾਠ ਵਾਇਜ ਸਮੀਖਿਆ ਵਿਚੋਂ ਕੁਝ ਕੁ ਵਿਚਾਰ 'ਤਰਕਸ਼ੀਲ' ਦੇ ਪਾਠਕਾਂ ਦੇ ਰੂ-ਬ-ਰੂ ਕੀਤੇ ਜਾ ਰਹੇ ਹਨ — ਸੰਪਾਦਕ

ਪਹਿਲੇ ਭਾਗ ਵਿਚ ਸੰਘ ਦਾ ਮਿਸ਼ਨ ਦੱਸਿਆ ਗਿਆ ਹੈ। ਅੱਗੇ ਉਹ ਦਾਅਵਾ ਕਰਦੇ ਹਨ ਕਿ ਵਿਸ਼ਵ-ਸ਼ਾਂਤੀ ਦਾ ਹੱਲ ਹਿੰਦੂਆਂ ਦੇ ਕੋਲ ਹੀ ਹੈ। ਹਿੰਦੂਆਂ ਨੇ ਹੀ ਦੁਨੀਆਂ ਨੂੰ (ਵਿਸ਼ੇਸ਼ ਤੌਰ 'ਤੇ ਭਾਰਤ ਨੂੰ) ਆਪਣੇ ਗਿਆਨ ਨਾਲ 'ਵਿਭਿੰਨਤਾ ਵਿਚ ਏਕਤਾ' ਦਾ ਅਨਮੋਲ ਰਤਨ ਦਿੱਤਾ ਹੈ। ਇਹ ਗਿਆਨ ਸਿਰਫ਼ ਹਿੰਦੂਆਂ ਕੋਲ ਸੁਰੱਖਿਅਤ ਹੈ। ਇਹ ਦੈਵੀ ਧਰੋਹਰ ਹੈ ਅਤੇ ਇਸਦੀ ਜ਼ਿੰਮੇਵਾਰੀ ਕਿਸਮਤ ਨੇ ਹਿੰਦੂਆਂ ਨੂੰ ਦਿੱਤੀ ਹੋਈ ਹੈ। ਇਸ ਤਰ੍ਹਾਂ ਉਹਨਾਂ ਦੀ ਇਹ ਵਿਆਖਿਆ ਬ੍ਰਾਹਮਣਵਾਦ ਨੂੰ ਠੋਸਣ ਲਈ ਇੱਕ ਯੁਕਤੀ ਹੈ। ਗੋਲਵਲਕਰ ਸ਼ਾਇਦ ਇਹ ਭੁੱਲ ਗਏ ਕਿ (ਭੁੱਲੇ ਨਹੀਂ ਚਾਲਾਕੀ ਹੈ) ਚਾਰਵਾਕ ਵਰਗੇ ਪਦਾਰਥਵਾਦੀ ਵੀ ਇਸੇ ਭਾਰਤ ਵਿਚ ਪੈਦਾ ਹੋਏ ਹਨ। ਉਹ ਪੱਛਮ ਦੀ ਭੌਤਿਕ ਤਰੱਕੀ ਨੂੰ ਹੀਣਾ ਮੰਨਦੇ ਹਨ, ਅਤੇ ਭਾਰਤ ਦੇ ਅਧਿਆਤਮ ਦੀਆਂ ਡੀਂਗਾਂ ਮਾਰਦੇ ਹਨ। ਜੇਕਰ ਐਡੀਸ਼ਨ, ਜੈਨਰ, ਲੂਈ ਪਾਸ਼ਚਰ ਜਿਹੇ ਵਿਗਿਆਨੀ ਖੋਜਾਂ ਨਾ ਕਰਦੇ ਤਾਂ ਅੱਜ ਤੀਕ ਲੱਖਾਂ ਲੋਕ ਬਿਮਾਰੀਆਂ ਨਾਲ ਮਰ ਜਾਣੇ ਸੀ। ਅਧਿਆਤਮ ਨਾਲ ਗਰੀਬੀ ਅਤੇ ਬੇਰੁਜ਼ਗਾਰੀ ਨਹੀਂ ਮਿਟ ਸਕਦੀ ਗੋਲਵਲਕਰ ਜੀ! ਉਹ ਭੌਤਿਕਵਾਦ ਦੀ ਰੱਜ ਕੇ ਨਿਖੇਧੀ ਕਰਦੇ ਹਨ।





ਗੋਲਵਲਕਰ ਲਿਖਦੇ ਹਨ : ਸਾਡੇ ਰਾਸ਼ਟਰੀ ਜੀਵਨ ਦਾ ਲੱਖਾਂ ਵਰ੍ਹਿਆਂ ਦਾ ਅਨੁਭਵ ਕਹਿੰਦਾ ਹੈ ਕਿ ਅਨੰਤ ਇੰਦਰੀ ਸੁੱਖਾਂ ਦੀ ਕਾਮਨਾ ਅਤੇ ਇਸ ਲਈ ਮੁਕਾਬਲਾ ਕਦੇ ਵੀ ਸੁੱਖ ਪ੍ਰਾਪਤੀ ਦਾ ਸਾਧਨ ਨਹੀਂ ਹੋ ਸਕਦਾ। ਪਰ ਉਹ 'ਲੱਖਾਂ ਵਰ੍ਹਿਆਂ' ਦਾ ਕੋਈ ਸਬੂਤ ਨਹੀਂ ਦਿੰਦੇ। ਉਹ ਮੰਨਦੇ ਹਨ ਕਿ ਲੋਕਤੰਤਰ ਅਤੇ ਕਮਿਊਨਿਜ਼ਮ ਦੋਵੇਂ ਨਾ-ਕਾਮਯਾਬ ਰਹੇ ਹਨ ਕਿਉਂਕਿ ਉਹ ਪਦਾਰਥਵਾਦ ਉੱਤੇ ਅਧਾਰਿਤ ਸਨ। ਭਾਵ ਗੋਲਵਲਕਰ ਲੋਕਤੰਤਰ ਦੇ ਸਮਰਥਕ ਨਹੀਂ ਸਨ। ਹਿੰਦੂ ਸੰਸਕ੍ਰਿਤੀ ਬਾਰੇ ਉਹ ਕਹਿੰਦੇ ਹਨ ਕਿ ਇਸਦੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ, ਜਿਵੇਂ 'ਈਸ਼ਵਰ' ਨੂੰ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਅਸਲ ਵਿਚ ਸੰਘ ਇੱਕ ਤਰ੍ਹਾਂ ਦਾ ਰਹੱਸਵਾਦ ਕਾਇਮ ਕਰਨਾ ਚਾਹੁੰਦਾ ਹੈ, ਸ਼ਬਦਾਂ ਦਾ ਜਾਲ ਬੁਣ ਕੇ ਉਸ ਵਿਚ ਭੋਲੇ-ਭਾਲੇ ਲੋਕਾਂ ਨੂੰ ਕੈਦ ਕਰਨਾ ਚਾਹੁੰਦਾ ਹੈ।

ਉਹ ਧਰਮ ਅਤੇ ਰਾਜ ਵੱਖ-ਵੱਖ ਸਿਧਾਂਤ (Separation of Church and State) ਨੂੰ ਨਕਾਰਦੇ ਹਨ। ਉਹ ਕਹਿੰਦੇ ਹਨ : 'ਧਰਮ ਅਤੇ ਅਧਿਆਤਮਕਤਾ ਸਾਡੇ ਲਈ ਕੋਈ ਅੰਧਮਤ (Dogma) ਨਹੀਂ, ਸਗੋਂ ਪੂਰੀ ਜ਼ਿੰਦਗੀ ਦੀ ਫਿਲਾਸਫੀ (ਦਰਸ਼ਨ) ਹੈ। ਰਾਜਨੀਤਿਕ ਜਾਂ ਆਰਥਿਕ ਖੇਤਰਾਂ ਦੀ ਤਰ੍ਹਾਂ ਧਰਮ ਰਾਸ਼ਟਰ-ਜੀਵਨ ਦਾ ਕੋਈ ਵੱਖਰਾ ਖੇਤਰ ਨਹੀਂ ਹੈ।

'ਰਾਸ਼ਟਰ ਅਤੇ ਉਸ ਦੀਆਂ ਸਮੱਸਿਆਵਾਂ' ਦੀ ਸ਼ੁਰੂਆਤ ਵਿਚ 'ਗੋਲਵਲਕਰ ਭਾਰਤ ਦਾ ਇਕ 'ਪਵਿੱਤਰ' ਦੇਸ਼ ਹੋਣ ਦਾ ਦਾਅਵਾ ਪੇਸ਼ ਕਰਦੇ ਹਨ। ਮੈਂ ਮਨੁੱਖੀ ਵਿਕਾਸ ਸੂਚਕ

ਅੰਕ (Human Development Index) ਦਾ ਹਵਾਲਾ ਦਿੰਦਾ ਹਾਂ, ਜਿੱਥੇ ਇੱਹ 'ਪਵਿੱਤਰ' ਦੇਸ਼ ਭਾਰਤ ਦੁਨੀਆਂ ਦੇ ਦੇਸ਼ਾਂ ਵਿਚ 129 ਵੇਂ ਸਥਾਨ 'ਤੇ ਖੜ੍ਹਦਾ ਹੈ। ਚੋਰੀ, ਕਤਲ, ਠੱਗੀ, ਝੂਠ ਬੋਲਣਾ ਕਿਸੇ ਵੀ ਸਮਾਜ ਵਿਚ ਚੰਗਾ ਨਹੀਂ ਸਮਝਿਆ ਗਿਆ ਹੈ। ਸਬੂਤ ਤਾਂ ਇਹ ਹਨ ਕਿ ਕਈ ਸਭਿਅਤਾਵਾਂ ਵਿਚ ਧਾਰਮਿਕ ਲੋਕ ਨਰ-ਬਲੀ ਦਿੰਦੇ ਸੀ ਅਤੇ ਨਰ ਮਾਸ ਨੂੰ ਭਗਵਾਨ ਦੇ ਪ੍ਰਸ਼ਾਦ ਦੇ ਰੂਪ ਵਿਚ ਖਾਂਦੇ, ਖਵਾਉਂਦੇ ਸੀ। ਇੱਕ ਭੌਤਿਕਵਾਦੀ ਅਜਿਹਾ ਕਦੇ ਵੀ ਨਹੀਂ ਕਰ ਸਕਦਾ। ਕੇਵਲ ਧਰਮ ਵਿਚ ਅੰਨ੍ਹਾ ਇਨਸਾਨ ਹੀ ਅਜਿਹਾ ਮਾੜਾ ਕੰਮ ਕਰ ਸਕਦਾ ਹੈ।

**ਵਰਣ ਵਿਵਸਥਾ ਦਾ ਸਮਰਥਨ** : ਗੋਲਵਲਕਰ ਕਹਿੰਦੇ ਹਨ - 'ਸਾਡੇ ਸਮਾਜ ਦੀ ਇੱਕ ਹੋਰ ਵਿਸ਼ੇਸ਼ਤਾ ਸੀ ਉਸਦੀ ਵਰਣ ਵਿਵਸਥਾ। ਇਸ ਨੂੰ 'ਜਾਤੀਵਾਦ' ਕਹਿ ਕੇ ਨਿੰਦਿਆ ਜਾਂਦਾ ਹੈ। ...ਕੁੱਝ ਲੋਕ ਇਹ ਪ੍ਰਚਾਰ ਕਰਦੇ ਨਹੀ ਥੱਕਦੇ ਕਿ ਇੰਨੀਆਂ ਸਦੀਆਂ ਤੋਂ ਸਾਡੇ ਪਤਨ ਦਾ ਮੂਲ ਕਾਰਣ ਇਹ ਵਰਨ-ਵਿਵਸਥਾ ਹੀ ਹੈ। ਪਰ ਕੀ ਇਹ ਵਿਆਖਿਆ ਸਿੱਧ ਹੋ ਸਕਦੀ ਹੈ ? ਕਿਤੇ ਇਕ ਵੀ ਉਦਾਹਰਣ ਨਹੀਂ ਹੈ ਕਿ ਇਸ ਨੇ ਸਾਡੇ ਸਮਾਜ ਦੀ ਏਕਤਾ ਅਤੇ ਪ੍ਰਗਟਾਅ ਵਿਚ ਰੁਕਾਵਟ ਪਾਈ ਹੋਵੇ। ਸਗੋਂ ਇਸ ਨੇ ਸਾਡੀ ਸਮਾਜਿਕ ਏਕਤਾ ਵਿਚ ਮਹਾਨ ਯੋਗਦਾਨ ਹੀ ਕੀਤਾ ਹੈ। ਜਾਤੀ ਭੇਦ ਕਦੇ ਵੀ ਭਾਰਤ ਦੀ ਹਾਰ ਦਾ ਕਾਰਣ ਨਹੀਂ ਰਿਹਾ। (ਪੂਰਵ ਕਾਲਿਕ ਗੌਰਵ, ਭਾਗ-ਦੂਜਾ, ਪਾਠ-3) ਇਸ ਤਰ੍ਹਾਂ ਗੋਲਵਲਕਰ ਵਰਨ ਵਿਵਸਥਾ ਨੂੰ ਗਲਤ ਨਹੀਂ ਮੰਨਦੇ, ਸਗੋਂ ਇਸ ਨੂੰ ਹਿੰਦੂ ਧਰਮ ਦੀ ਇੱਕ "ਖਾਸੀਅਤ" ਮੰਨਦੇ ਹਨ।'

**ਧਰਮ ਨਿਰਪੇਖਤਾ ਦਾ ਵਿਰੋਧ** : ਗੋਲਵਲਕਰ ਲਿਖਦੇ ਹਨ - 'ਜੇ ਧਰਮ ਨਿਰਪੱਖਤਾ ਨੂੰ 'ਆਤਮਾ' ਦੇ ਉੱਤਮ ਗੁਣਾਂ ਤੋਂ ਰਹਿਤ ਭੌਤਿਕ ਮੰਨਿਆ ਜਾਵੇ, ਤਾਂ ਅਸੀਂ ਇਸ ਨੂੰ ਦੂਰ ਤੋਂ ਵੀ ਨਹੀਂ ਛੂਹਾਂਗੇ... ਅਤੇ ਜੇਕਰ ਉਹ ਧਰਮ ਵਿਰੋਧ ਨਹੀਂ ਹੈ, ਤਾਂ ਇਹ ਹਿੰਦੂ-ਰਾਸ਼ਟਰ ਦੀ ਭਾਵਨਾ ਦੇ ਮੁਤਾਬਕ ਹੈ।' ਇੱਥੇ ਗੋਲਵਲਕਰ ਧਰਮ ਨਿਰਪੇਖਤਾ ਨੂੰ ਮੰਨ ਵੀ ਲੈਂਦੇ ਹਨ ਅਤੇ ਉਸੇ ਸਾਂਹ ਉਸ ਤੋਂ ਇਨਕਾਰ ਵੀ ਕਰ ਦਿੰਦੇ ਹਨ।

**ਭਾਰਤ ਦੇ ਫੈਡਰਲ ਸਰੂਪ ਦੇ ਖਿਲਾਫ਼** : ਗੋਲਵਲਕਰ ਸੰਵਿਧਾਨ ਦੇ ਸੰਘਾਤਮਕ (Federal) ਸਰੂਪ ਦੇ ਖਿਲਾਫ਼ ਹਨ। ਉਹ ਇਸ ਨੂੰ ਵੱਖਵਾਦ ਪੈਦਾ ਕਰਨ ਅਤੇ ਵਧਾਉਣ ਵਾਲਾ ਮੰਨਦੇ ਹਨ। ਜਦ ਕਿ ਭਾਰਤ ਵਰਗੇ ਵੱਖ-ਵੱਖ ਸਭਿਆਚਾਰ, ਵੱਖ-ਵੱਖ ਭਾਸ਼ਾ ਵਾਲੇ ਦੇਸ਼ ਵਿਚ ਏਕਾਤਮਕ ਸ਼ਾਸਨ ਦਾ ਮਤਲਬ ਹੋਵੇਗਾ - ਕੇਂਦਰ ਦੀ ਤਾਨਾਸ਼ਾਹੀ।

**ਮੁਸਲਮਾਨ, ਇਸਾਈ ਅਤੇ ਕਮਿਊਨਿਸਟ ਅੰਦਰੂਨੀ ਦੁਸ਼ਮਨ ਕਰਾਰ** - ਇਹ ਇਸ ਕਿਤਾਬ ਦਾ ਸਭ ਤੋਂ ਵਿਵਾਦਿਤ ਪਹਿਲੂ ਮੰਨਿਆ ਜਾਂਦਾ ਹੈ। ਪਾਠ 11, 12 ਅਤੇ 13 ਵਿਚ ਉਹ ਮੁਸਲਮਾਨਾਂ, ਇਸਾਈਆਂ ਅਤੇ ਕਮਿਊਨਿਸਟਾਂ ਨੂੰ ਦੇਸ਼ ਦਾ ਅੰਦਰੂਨੀ ਦੁਸ਼ਮਣ ਕਰਾਰ ਦਿੰਦੇ ਹਨ। ਜੇ ਮੁਸਲਮਾਨ ਧਰਮ ਜਾਂ ਕਿਸੇ ਹੋਰ ਵਿੱਚ ਕਿਤੇ ਕੁੱਝ ਹਿੱਸਿਆਂ ਵਿਚ ਥੋੜ੍ਹੀ-ਮੋਟੀ ਫਿਰਕਾਪ੍ਰਸਤੀ ਪਾਈ ਜਾਂਦੀ ਹੈ, ਤਾਂ ਇਸਦਾ ਜਵਾਬ ਹਿੰਦੂ ਫਿਰਕਾਪ੍ਰਸਤੀ ਨਹੀਂ ਹੋ ਸਕਦਾ। ਗਰੀਬ ਲੋਕਾਂ ਨੂੰ ਮੰਦਰ-ਮਸਜਿਦ ਨਹੀਂ, ਸਗੋਂ ਸਕੂਲ ਅਤੇ ਹਸਪਤਾਲ ਚਾਹੀਦੇ ਹਨ। ਸਮਾਜ ਨੂੰ ਫਿਰਕਾਪ੍ਰਸਤੀ ਅਤੇ ਮਜ਼ਹਬੀ ਪਾਗਲਪਨ ਨਹੀਂ, ਸਗੋਂ ਵਿਗਿਆਨ ਅਤੇ ਨੈਤਿਕ ਕਦਰਾਂ ਕੀਮਤਾਂ ਭਰਪੂਰ ਮਾਨਵਵਾਦ ਚਾਹੀਦਾ ਹੈ।

'ਸ਼ਾਨਾਮੱਤਾ ਮਾਰਗ' ਵਿਚ ਗੋਲਵਲਕਰ ਕਹਿੰਦੇ ਹਨ- ਦੁਨੀਆਂ ਵਿਚ ਜਿਹੜੀ ਵੀ ਚੰਗਿਆਈ ਹੈ, ਉਹ ਸਭ ਹਿੰਦੂਆਂ ਦੇ ਕਰਕੇ ਹੈ। ਏਕਾਤਮਕ ਸ਼ਾਸਨ ਜ਼ਰੂਰੀ ਹੈ। (ਪਾਠ-2) ਸੰਵਿਧਾਨ ਦੀ ਸਮੀਖਿਆ ਹੋਵੇ। ਇਸ ਨੂੰ ਦੁਬਾਰਾ ਲਿਖਿਆ ਜਾਵੇ। ਸਾਡਾ ਸੰਵਿਧਾਨ ਪੱਛਮੀ ਦੇਸ਼ਾਂ ਦੇ ਬੇਮੇਲ ਅੰਸ਼ਾਂ ਦਾ ਸੰਗ੍ਰਹਿ ਮਾਤਰ ਹੈ, ਇਸ ਵਿਚ ਆਪਣਾ ਕੁੱਝ ਨਹੀਂ। ਪਾਠ-3- ਸ਼ਾਸ਼ਵਤ ਆਧਾਰ) **ਤਿਰੰਗੇ ਝੰਡੇ 'ਤੇ ਇਤਰਾਜ਼** : ਮੁਸਲਮਾਨਾਂ, ਇਸਾਈਆਂ ਨੂੰ ਖੁਸ਼ ਕਰਨ ਲਈ ਹਰੀ ਪੱਟੀ, ਸਫੈਦ ਪੱਟੀ ਸ਼ਾਮਲ ਕੀਤੀ। ਉਹ ਪੁੱਛਦੇ ਹਨ ਕਿ - ਕੀ ਸਾਡਾ ਆਪਣਾ ਕੋਈ ਰਾਸ਼ਟਰੀ ਝੰਡਾ ਨਹੀਂ ਸੀ ? ਭਗਵਾਂ ਝੰਡਾ ਸਾਡਾ ਰਾਸ਼ਟਰੀ ਝੰਡਾ ਰਿਹਾ ਹੈ। (ਪਾਠ-3- ਸ਼ਾਸਵਤ ਆਧਾਰ) ਸੰਘ ਚਾਹੁੰਦਾ ਹੈ ਕਿ ਇੱਕ ਦਿਨ ਭਗਵਾ ਝੰਡਾ ਭਾਰਤ ਦਾ ਰਾਸ਼ਟਰੀ ਝੰਡਾ ਬਣ ਜਾਵੇ। ਇਸ ਤਰ੍ਹਾਂ ਸੰਘ ਨੂੰ ਤਿਰੰਗਾ ਝੰਡਾ ਮਨੋਂ ਸਵੀਕਾਰ ਨਹੀਂ ਹੈ।

ਛੂਆਛੂਤ ਵਰਣ ਵਿਵਸਥਾ ਦੀ ਦੇਣ ਹੈ। ਗੋਲਵਲਕਰ ਬਹੁਤ ਚਾਲਾਕੀ ਦੇ ਨਾਲ ਹਿੰਦੂ ਧਰਮ ਨੂੰ ਬਰੀ ਕਰ ਦਿੰਦੇ ਹਨ। ਕਦੇ ਉਹ ਇਸ ਨੂੰ ਅੰਗਰੇਜ਼ਾਂ ਦੀ ਸਾਜ਼ਿਸ਼ ਕਹਿੰਦੇ ਹਨ। ਜਨ-ਜਾਤੀ (S.T.) ਲੋਕਾਂ ਨੂੰ ਜਬਰਦਸਤੀ ਹਿੰਦੂ ਕਹਿਣਾ, ਉਹਨਾਂ ਦੀ ਵਿਸ਼ੇਸ਼ ਪਛਾਣ ਨੂੰ ਮਿਟਾਉਣ ਦੀ ਸਾਜ਼ਿਸ਼ ਹੈ। ਉਹ ਲਿਖਦੇ ਹਨ - "ਹਿੰਦੂਆਂ ਨੂੰ ਸੰਖਿਆ ਦੇ ਮਹੱਤਵ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ... ਆਪਣੇ ਆਪ ਨੂੰ ਹਿੰਦੂ ਲਿਖਵਾਉਣਾ ਚਾਹੀਦਾ ... ਪੂਰਬ-ਉੱਤਰ ਦੇ ਸੂਬਿਆਂ ਵਿਚ ਨਾਗਾ, ਖਾਸੀ, ਜੈਯਾਂਤਿਆ, ਮਿਜ਼ੋ ਆਦਿ ਨੂੰ ਆਪਣੀ ਜਾਤੀ 'ਹਿੰਦੂ' ਦਰਜ ਕਰਵਾਉਣੀ ਚਾਹੀਦੀ ਹੈ।

"ਵਿਅਕਤੀ ਨਿਰਮਾਣ" ਵਿਚ 'ਚੰਗੀਆਂ ਗੱਲਾਂ' ਮੁੱਖ ਤੌਰ 'ਤੇ ਸੰਘ ਦੇ ਕਾਰਕੁੰਨਾਂ ਨਾਲ ਸੰਬੰਧਤ ਹਨ। ਰੋਜ਼ ਸ਼ਾਖਾ

***ਬਾਕੀ ਪੰਨਾ 43 'ਤੇ***

# ਅੰਧਵਿਸ਼ਵਾਸੀ ਸੋਚ ਦਾ ਪਛਤਾਵਾ



**ਸੁਮੀਤ ਸਿੰਘ**

ਅਨਪੜ੍ਹਤਾ ਅਤੇ ਅਗਿਆਨਤਾ ਦਾ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਨਾਲ ਸਿੱਧਾ ਅਤੇ ਗੂੜਾ ਸੰਬੰਧ ਹੈ। ਸਿਰਫ ਗਿਆਨ ਵਿਹੂਣੇ ਲੋਕ ਹੀ ਨਹੀਂ ਬਲਕਿ ਪੜ੍ਹੇ ਲਿਖੇ ਸਮਝੇ ਜਾਂਦੇ ਪਰਿਵਾਰ ਅਤੇ ਵਿਅਕਤੀ ਵੀ ਕਿਸੇ ਮੁਸੀਬਤ,ਪ੍ਰੇਸ਼ਾਨੀ ਜਾਂ ਬਿਮਾਰੀ ਮੌਕੇ ਅੰਧਵਿਸ਼ਵਾਸਾਂ ਵਿਚ ਫਸ ਕੇ ਅਕਸਰ ਹੀ ਲੁੱਟ ਦਾ ਸ਼ਿਕਾਰ ਬਣ ਜਾਂਦੇ ਹਨ।

ਹਰ ਵਿਅਕਤੀ ਦੇ ਜੀਵਨ ਵਿਚ ਕਿਸੇ ਨਾ ਕਿਸੇ ਕਾਰਨ ਕੋਈ ਨਾ ਕੋਈ ਸਮੱਸਿਆ, ਮੁਸ਼ਕਿਲ, ਬਿਮਾਰੀ ਜਾਂ ਦੁੱਖ ਜ਼ਰੂਰ ਆਉਂਦਾ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਅਸੀਂ ਅੰਧ ਵਿਸ਼ਵਾਸਾਂ ਵਿਚ ਫਸ ਕੇ ਢੇਰੀ ਢਾਹ ਕੇ ਬੈਠ ਜਾਈਏ।ਮੁਸ਼ਕਿਲਾਂ ਦੇ ਅਖੌਤੀ ਉਪਾਅ ਲਈ ਪਾਖੰਡੀ ਬਾਬਿਆਂ, ਜੋਤਸ਼ੀਆਂ, ਡੇਰਿਆਂ ਅਤੇ ਸਾਧਾਂ ਮੂਹਰੇ ਨੱਕ-ਮੱਥੇ ਰਗੜਦੇ ਆਪਣੀ ਹੱਕ ਹਲਾਲ ਦੀ ਕਮਾਈ ਲੁਟਾ ਦੇਈਏ। ਵਿਗਿਆਨਕ ਦ੍ਰਿਸ਼ਟੀਕੋਣ ਹਰ ਤਰ੍ਹਾਂ ਦੀਆਂ ਮੁਸਕਲਾਂ ਦੇ ਹੱਲ ਲਈ ਸਾਡਾ ਮਾਰਗ ਦਰਸਨ ਕਰਦਾ ਹੈ। ਇਹ ਵੀ ਸੱਚ ਹੈ ਕਿ ਅਜਿਹੇ ਲੋਕਾਂ ਕੋਲ ਕੋਲ ਸਾਡੀਆਂ ਸਮੱਸਿਆਵਾਂ, ਦੁੱਖਾਂ ਅਤੇ ਬਿਮਾਰੀਆਂ ਦੇ ਖਾਤਮੇ ਲਈ ਨਾ ਤਾਂ ਕੋਈ ਡਾਕਟਰੀ ਯੋਗਤਾ ਅਤੇ ਸਮਰੱਥਾ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਅਜਿਹੀ ਕੋਈ ਨੀਅਤ ਹੁੰਦੀ ਹੈ। ਉਲਟਾ ਸਗੋਂ ਇਹ ਸਾਡਾ ਹਰ ਪੱਖੋਂ ਸ਼ੋਸ਼ਣ ਕਰਕੇ ਸਾਡੀਆਂ ਸਮੱਸਿਆਵਾਂ ਵਿਚ ਹੋਰ ਵਾਧਾ ਕਰਦੇ ਹਨ। ਸਭ ਤੋਂ ਵੱਧ ਦੇਸ਼ ਵਿਚ ਕੋਈ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਨਾ ਹੋਣ ਕਰਕੇ ਅਤੇ ਸਿਆਸੀ ਪ੍ਰਭਾਵ ਕਾਰਨ ਪੁਲੀਸ ਵੱਲੋਂ ਅਜਿਹੇ ਪਾਖੰਡੀਆਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ ਜਿਸ ਕਰਕੇ ਅਜਿਹੇ ਅਨਸਰ ਕਈ ਗੰਭੀਰ ਅਪਰਾਧ ਕਰਨ ਦੇ ਬਾਵਜੂਦ ਸਜ਼ਾ ਤੋਂ ਬਚ ਜਾਂਦੇ ਹਨ।

ਜਿਆਦਾਤਰ ਲੋਕ ਇਹੀ ਸਮਝਦੇ ਹਨ ਕਿ ਕਿਸੇ ਧਾਰਮਿਕ ਸਥਾਨ ਜਾਂ ਡੇਰੇ ਉੱਤੇ ਜਾ ਕੇ ਮੰਨਤ ਮੰਨਣ, ਪਾਠ-ਪੂਜਾ ਤੇ ਦਾਨ-ਪੁੰਨ ਕਰਨ ਜਾਂ ਬਾਬਿਆਂ,ਸਾਧਾਂ-ਸੰਤਾਂ, ਜੋਤਸ਼ੀਆਂ, ਪੁਜਾਰੀਆਂ ਅੱਗੇ ਨੱਕ-ਮੱਥੇ ਰਗੜਨ ਨਾਲ ਉਨ੍ਹਾਂ ਦੇ ਸਾਰੇ ਦੁੱਖ-ਸੰਕਟ ਦੂਰ ਹੋ ਜਾਣਗੇ ਪਰ ਜਦੋਂ ਸਭ ਤਰ੍ਹਾਂ ਦੇ ਉਪਾਅ ਕਰਨ ਦੇ ਬਾਵਜੂਦ ਅਜਿਹਾ ਕੁੱਝ ਨਹੀਂ ਵਾਪਰਦਾ ਤਾਂ ਫਿਰ ਇਸਨੂੰ ਕਿਸਮਤ, ਪ੍ਰਮਾਤਮਾ ਜਾਂ ਪਿਛਲੇ ਜਨਮਾਂ ਦੇ ਕਰਮਾਂ ਦਾ ਭਾਣਾ ਸਮਝ ਲਿਆ ਜਾਂਦਾ ਹੈ ਅਤੇ ਕਈ ਲੋਕ ਤਾਂ ਉਦਾਸੀ ਅਤੇ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਲੋਕਾਂ ਵਿਚ ਵਿਗਿਆਨਕ ਚੇਤਨਾ, ਸਵੈ-ਵਿਸ਼ਵਾਸ ਅਤੇ ਸੰਘਰਸ਼ਸ਼ੀਲ ਭਾਵਨਾ ਦੀ ਘਾਟ ਕਾਰਨ ਹੀ ਸਮਾਜ ਵਿਚਲੀਆਂ ਚਾਲਾਕ ਅਤੇ ਲੁਟੇਰੀਆਂ ਜਮਾਤਾਂ ਵਲੋਂ ਉਨਾਂ ਦਾ ਸਦੀਆਂ ਤੋਂ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਮੇਰੇ ਜਾਣਕਾਰ ਹਲਕਿਆਂ ਵਿਚ ਢਾਈ ਦਹਾਕੇ ਪਹਿਲਾਂ ਵਾਪਰੀ ਅਜਿਹੀ ਇਕ ਘਟਨਾ ਵਿਚ ਇਕ ਪਰਿਵਾਰ ਦੇ ਸਾਰੇ ਜੀਅ ਅਚਾਨਕ ਜਿਆਦਾ ਬਿਮਾਰ ਰਹਿਣ ਲੱਗ ਪਏ। ਉਨ੍ਹਾਂ ਦਾ ਸਾਰਾ ਸਰੀਰ ਕਾਲਾ ਪੈਣ ਲੱਗ ਪਿਆ। ਰਿਸਤੇਦਾਰਾਂ ਨੂੰ ਇਹ ਸ਼ੱਕ ਸੀ ਕਿ ਸਾਇਦ ਕਿਸੇ ਵਲੋਂ ਉਨ੍ਹਾਂ ਨੂੰ ਕੋਈ ਜ਼ਹਿਰ ਦਿੱਤਾ ਗਿਆ ਹੈ ਪਰ ਪੀੜਤ ਪਰਿਵਾਰ ਨੂੰ ਅਜਿਹਾ ਕੋਈ ਯਕੀਨ ਨਹੀਂ ਸੀ। ਇਸ ਲਈ ਉਨ੍ਹਾਂ ਨੇ ਇਸ ਸੰਬੰਧੀ ਪੁਲੀਸ ਨੂੰ ਵੀ ਕੋਈ ਸ਼ਿਕਾਇਤ ਨਹੀਂ ਕੀਤੀ। ਸਮੁੱਚਾ ਪਰਿਵਾਰ ਕਿਸੇ ਡੇਰੇ ਦਾ ਸ਼ਰਧਾਲੂ ਹੋਣ ਦੇ ਇਲਾਵਾ ਉਸਦਾ ਜਾਦੂ-ਟੂਣਿਆਂ ਅਤੇ ਕੀਤੇ-ਕਰਾਏ ਵਿਚ ਅੰਨ੍ਹਾ ਵਿਸ਼ਵਾਸ ਸੀ ਜਿਸ ਕਰਕੇ ਉਨ੍ਹਾਂ ਵਲੋਂ ਬਾਬਿਆਂ ਅਤੇ ਅਖੌਤੀ ਸਿਆਣਿਆਂ ਤੱਕ ਪਹੁੰਚ ਕੀਤੀ ਗਈ। ਅਹਿਮ ਗੱਲ ਇਹ ਸੀ ਕਿ ਸ਼ਾਕਾਹਾਰੀ ਹੋਣ ਕਰਕੇ ਪਰਿਵਾਰ ਦਾ ਆਪਣੇ ਆਂਢ- ਗੁਆਂਢ ਨਾਲ ਕਿਸੇ ਤਰ੍ਹਾਂ ਦਾ ਖਾਣ ਪੀਣ ਦਾ ਲੈਣ ਦੇਣ ਨਹੀਂ ਸੀ। ਪਰਿਵਾਰ ਨਾਲ ਨੇੜਤਾ ਕਰਕੇ ਮੈਂ ਉਹਨਾਂ ਨੂੰ ਭਰਮ ਭੁਲੇਖਿਆਂ ਵਿੱਚ ਫਸਣ ਦੀ ਥਾਂ ਡਾਕਟਰੀ ਇਲਾਜ ਕਰਵਾਉਣ ਦਾ ਸੁਝਾਅ ਦਿੱਤਾ।

ਪਰਿਵਾਰ ਦਾ ਮੁਖੀ ਦਿਲ ਦੀ ਬਿਮਾਰੀ ਦਾ ਮਰੀਜ਼ ਹੋਣ ਕਰਕੇ ਕੁਝ ਸਮੇਂ ਬਾਅਦ ਜਲਦੀ ਹੀ ਬੇਹੋਸ਼ ਹੋ ਗਿਆ ਅਤੇ ਹਸਪਤਾਲ ਪਹੁੰਚਣ ਦੇ ਕੁਝ ਘੰਟੇ ਬਾਅਦ ਹੀ ਦਮ ਤੋੜ ਗਿਆ। ਇਸਤੋਂ ਬਾਅਦ ਉਸਦਾ ਜਵਾਨ ਲੜਕਾ ਵੀ ਗੰਭੀਰ ਬਿਮਾਰ ਹੋ ਗਿਆ। ਉਸਨੂੰ ਕਿਸੇ ਨਿਜੀ ਹਸਪਤਾਲ ਵਿਚ ਦਾਖ਼ਲ ਕਰਵਾ ਦਿਤਾ ਗਿਆ ਪਰ ਬਿਮਾਰੀ ਦਾ ਪਤਾ ਨਾ ਲੱਗਣ ਕਰਕੇ ਪਰਿਵਾਰ ਨੇ ਇਸਨੂੰ ਕਿਸੇ ਓਪਰੀ ਸ਼ੈਅ ਦੀ ਕਸਰ ਹੋਣ ਦਾ ਭਰਮ ਪਾਲ ਲਿਆ। ਪਰਿਵਾਰ ਵੱਲੋਂ ਹਸਪਤਾਲ ਵਿਚ ਬੁਲਾਏ ਅਖੌਤੀ ਸਿਆਣਿਆਂ ਨੇ ਪਾਠ-ਪੂਜਾ ਕਰਨ ਦੇ ਨਾਲ ਨਾਲ ਮਰੀਜ਼ ਨੂੰ ਕਈ ਦਿਨ 'ਪਵਿੱਤਰ' ਜਲ ਪਿਲਾਇਆ

***ਬਾਕੀ ਪੰਨਾ 43 'ਤੇ***

*ਅਧਿਐਨ ਨਾਲ ਬਦਲੀ ਸੋਚ*

# ਮੈਂ ਤਰਕਸ਼ੀਲ ਕਿਵੇਂ ਬਣਿਆ



**ਸੁਖਵਿੰਦਰ ਸਿੰਘ ਖਾਰਾ**

ਬਚਪਨ ਤੋਂ ਮੈਂ ਵੀ ਅੰਧਵਿਸ਼ਵਾਸਾਂ ਤੇ ਰੱਬ ਦੇ ਖੌਫ਼ ਦਾ ਮਣਾਂ ਮੂੰਹੀਂ ਭਾਰ ਸਿਰ 'ਤੇ ਚੁੱਕੀ ਫਿਰਦਾ ਸੀ। ਜਦੋਂ ਦਾ ਮੈਂ ਤਰਕਸ਼ੀਲ ਬਣਿਆਂ ਹਾਂ, ਆਪਣੇ ਆਪ ਨੂੰ ਹਲਕਾ ਫੁਲਕਾ ਮਹਿਸੂਸ ਕਰਦਾ ਹਾਂ ।

ਮੈਂ ਵੀ ਆਪਣੀ ਜ਼ਿੰਦਗੀ ਦੇ ਘਰੇਲੂ ਤੇ ਜਰੂਰੀ ਕੰਮਾਂ ਲਈ ਬਾਬਿਆਂ ਦੇ, ਮੰਦਿਰਾਂ, ਮਸੀਤਾਂ, ਹੋਰ ਧਾਰਮਿਕ ਅਸਥਾਨਾਂ ਵਿੱਚ ਬਥੇਰਾ ਨੱਕ ਰਗੜਦਾ ਰਹਿੰਦਾ ਸੀ। ਕਿਉਂਕਿ ਬਚਪਨ ਤੋਂ ਹੀ ਬੱਚੇ ਦੇ ਦਿਮਾਗ਼ ਵਿੱਚ ਮਾਂ ਬਾਪ ਅਤੇ ਸਮਾਜਿਕ ਮਹੌਲ ਵੱਲੋਂ ਅਜਿਹੀਆਂ ਮਨੋਕਲਪਿਤ ਭੂਤ, ਪ੍ਰੇਤਾਂ, ਬਨਾਉਟੀ ਰੱਬ ਬਾਰੇ ਕਹਾਣੀਆ ਭਰ ਦਿੱਤੀਆ ਜਾਦੀਆ ਹਨ।

ਜਦੋਂ ਮੈਂ ਮਿਡਲ ਸਕੂਲ ਦੀ ਪੜ੍ਹਾਈ ਕਰਦਿਆਂ ਸਧਾਰਨ ਵਿਗਿਆਨ ਵਿੱਚ ਵਿਗਿਆਨੀ ਡਾਰਵਿਨ ਦੀ ਥਿਊਰੀ, ਲੈਮਾਰਕ ਦਾਂ ਸਿਧਾਂਤ, ਗੈਲੀਲੀਉ ਦੀਆਂ ਕਾਢਾਂ, ਬਰੂਨੋ ਦੀਆਂ ਖੋਜਾਂ, ਵਿਗਿਆਨੀ ਐਡੀਸਨ ਦੀਆਂ ਕਾਢਾਂ ਬਾਰੇ ਡੂੰਘੀ ਦਿਲਚਸਪੀ ਨਾਲ ਪੜ੍ਹਿਆਂ, ਪਹੀਏ ਦੀ ਕਾਢ ਬਾਰੇ, ਅੱਗ ਦੀ ਕਾਢ ਬਾਰੇ ਕਈ ਸੈਂਕੜੇ ਸਾਲ ਮਨੁੱਖ ਨੇ ਜੱਦੋ ਜਹਿਦ ਕੀਤੀ, ਆਦਿ ਬਾਰੇ ਜਾਣਕਾਰੀ ਮਿਲੀ। ਇਹਨਾਂ ਵਿਗਿਆਨੀਆਂ ਬਾਰੇ ਪੜ੍ਹਕੇ ਮੇਰੇ ਦਿਮਾਗ਼ ਵਿੱਚੋਂ ਰੱਬ ਦੀ ਹੋਂਦ ਗੰਧਲੀ ਹੋ ਕੇ ਹਟਕੋਰੇ ਲੈਣ ਲੱਗ ਪੈਂਦੀ ਸੀ।

ਪਰੰਤੂ ਪੰਜਾਬੀ ਅਤੇ ਸਮਾਜਿਕ ਕਿਤਾਬਾਂ ਦੇ ਵਿੱਚ ਐਸੇ ਲੇਖ, ਜੀਵਨੀਆਂ, ਕਹਾਣੀਆ ਪੜ੍ਹਨ ਨੂੰ ਦਿੱਤੀਆਂ ਜਾਦੀਆ ਹਨ,ਜੋ ਕਰਾਮਾਤਾਂ ਦੀ ਗੱਲ ਕਰਦੀਆਂ ਹਨ। ਇਹ ਕਰਾਮਾਤਾਂ ਮੇਰੀ ਸੋਚ ਨੂੰ ਦੁਚਿੱਤੀ ਵਿੱਚ ਪਾ ਜਾਂਦੀਆਂ ਸਨ। ਕਈ ਵਾਰ ਮਾਸਟਰਾਂ ਤੋਂ ਕਰਾਮਾਤਾਂ ਬਾਰੇ, ਵਿਗਿਆਨੀਆਂ ਦੇ ਸਿਧਾਂਤ ਬਾਰੇ ਸਪੱਸ਼ਟ ਪਾਰਦਰਸ਼ੀ ਜੁਆਬ ਪੁੱਛਣ ਦੀ ਕੋਸ਼ਿਸ਼ ਵੀ ਕੀਤੀ। ਪਰੰਤੂ ਟੀਚਰ ਕੋਈ ਤਸੱਲੀਬਖਸ਼ ਜੁਆਬ ਨਾ ਦੇ ਸਕੇ।

ਸਕੂਲ ਦੀ ਪੜ੍ਹਾਈ ਤੋਂ ਬਾਅਦ ਨੌਕਰੀ ਦੀ ਜੱਦੋ ਜਹਿਦ ਕਰਦਿਆਂ, ਵਿਹਲੇ ਟਾਈਮ ਪਿੰਡ ਦੀ ਸੰਗਤ ਨਾਲ ਕਾਰਸੇਵਾ ਵਾਲੇ ਬਾਬਿਆਂ ਦੇ ਡੇਰੇ ਵੀ ਚਲੇ ਜਾਣਾ। ਜਦੋਂ ਡੇਰਿਆਂ ਵਿੱਚ ਜਾ ਕੇ ਵੇਖਿਆਂ ਕਿ ਲੋਕਾਂ ਤੋਂ ਖੇਤੀ ਦਾ ਕੰਮ ਲੈਣ ਲਈ ਅਫੀਮ ਦੇ ਪੇੜੇ ਸੰਗਤ ਵਿੱਚ ਵਰਤਾਏ ਜਾਂਦੇ ਸਨ। ਸ਼ਰਦਾਈ ਤੇ ਦੇਗੇ ਦੇ ਰੰਘੜੇ ਸਾਰਾ ਦਿਨ ਚਲਦੇ ਰਹਿੰਦੇ ਸਨ। ਬਹੁਤ ਨੌਜਵਾਨ ਅਤੇ ਪੇਂਡੂ ਲੋਕ ਡੇਰਿਆਂ ਵਿੱਚੋਂ ਅਮਲੀ ਬਣਦੇ ਵੇਖੇ।

ਮੇਰਾ ਤਾਇਆ ਡੰਗਰਾਂ ਦਾਂ ਸਰਕਾਰੀ ਡਾਕਟਰ ਸੀ। ਉਹ ਕੱਚਾ ਭੁੰਨਾ ਕਾਮਰੇਡ ਤੇ ਨਾਸਤਿਕ ਵੀ ਸੀ। ਉਸ ਨੇ ਮੈਨੂੰ ਸਮਝਾਇਆ ਕਿ ਇਹ ਬਾਬੇ ਤਾਂ ਤੁਹਾਡੇ ਨਾਲੋ ਘੱਟ ਪੜ੍ਹੇ ਲਿਖੇ ਹੁੰਦੇ ਹਨ। ਇਹ ਸਰਕਾਰੀ ਸਹੂਲਤਾਂ ਨਾਲ ਵਧ ਫੁਲ ਰਹੇ ਹਨ। ਪੜ੍ਹ ਲਿਖ ਕੇ ਬਾਬਿਆਂ ਕੋਲ ਜਾਣ ਨਾਲ ਜਿੰਦਗੀ ਬਰਬਾਦ ਹੋ ਜਾਂਦੀ ਹੈ। ਉਸ ਨੇ ਮੈਨੂੰ ਬਾਬਿਆਂ ਦੇ ਡੇਰੇ ਜਾਣ ਤੋਂ ਪੂਰੀ ਸਖਤੀ ਨਾਲ ਰੋਕ ਦਿੱਤਾ ਸੀ

ਅਚਾਨਕ ਮੇਰਾ ਮਿਲਾਪ ਕਾਮਰੇਡ ਅਸੋਕ ਕੁਮਾਰ ਗੰਡੀਵਿੰਡ ਨਾਲ ਹੋ ਗਿਆ ਸੀ। ਉਹ ਉਸ ਸਮੇਂ 'ਸੁਰਖ ਰੇਖਾ' ਪੇਪਰ ਵੰਡਿਆ ਕਰਦਾ ਸੀ। ਉਸ ਨੇ ਮੈਨੂੰ ਵੀ 'ਸੁਰਖ ਰੇਖਾ' ਪੇਪਰ ਦੇਣਾ ਸੁਰੂ ਕਰ ਦਿੱਤਾ ਸੀ। ਜਸਵੰਤ ਕੰਵਲ ਦਾ ਲਿਖਿਆਂ ਨਾਵਲ 'ਲਹੂ ਦੀ ਲੋਅ' ਵੀ ਦੇ ਗਿਆ ਸੀ। ਸੁਰਖ ਰੇਖਾ ਪੇਪਰ ਵਿੱਚੋਂ ਮੈਂ ਰੂਸ ਤੇ ਚੀਨ ਦੇ ਇਨਕਲਾਬ ਬਾਰੇ ਪੜ੍ਹਿਆ। ਇਨਕਲਾਬ ਲਿਆਉਣ ਵਾਲੇ ਰੂਸੀ ਲੈਨਿਨ ਬਾਰੇ, ਚੀਨੀ ਮਾਉ ਜੇ ਤੁੰਗ ਬਾਰੇ, ਮਾਰਕਸਵਾਦ ਬਾਰੇ ਡੂੰਘੀ ਦਿਲਚਸਪੀ ਨਾਲ ਪੜ੍ਹਿਆ। ਇਹ ਪੇਪਰ ਦੋ ਸਾਲ ਪੜ੍ਹਦਿਆਂ ਮੇਰੀ ਸੋਚ ਡੱਕ ਡੋਲੇ ਖਾਂਦੀ ਫੇਰ ਪੱਕੇ ਪੈਰੀਂ ਵਿਗਿਆਨਕ ਬਣ ਗਈ ਸੀ। ਫਿਰ ਇਹ ਪੇਪਰ ਅੱਤਵਾਦ ਦੇ ਦਰਮਿਆਨ ਆਉਣਾ ਬੰਦ ਹੋ ਗਿਆ ਸੀ।

ਇੱਕ ਦਿਨ ਮੈ ਅਮ੍ਰਿੰਤਸਰ ਕਿਸੇ ਕੰਮ, ਬੱਸ ਅੱਡੇ ਵਿੱਚ ਕਿਤਾਬਾਂ ਵਾਲੀ ਦੁਕਾਨ 'ਤੇ ਗਿਆ ਸੀ। ਉੱਥੇ ਇਕ ਕਿਤਾਬ ਡਾ: ਇਬਰਾਹੀਮ ਟੀ ਕਵੂਰ ਦੀ ਲਿਖੀ, '...'ਤੇ ਦੇਵ ਪੁਰਸ਼ ਹਾਰ ਗਏ', ਮੇਰੇ ਨਜਰ ਪਈ ਸੀ । ਮੈ ਪੰਜ ਸੱਤ ਮਿੰਟ ਕਿਤਾਬ ਨੂੰ ਫਰੋਲ ਕੇ ਵੇਖਿਆਂ, ਜੋ ਮੈਨੂੰ ਬਹੁਤ ਚੰਗੀ ਲੱਗੀ ਤੇ ਮੈਂ ਖਰੀਦ ਲਈ ਸੀ। ਮੈਂ ਦੀਵੇ ਦੇ ਚਾਨਣੇ ਰਾਤ ਨੂੰ ਪੜ੍ਹਨਾ ਸੁਰੂ ਕਰ ਦਿੱਤਾ ਸੀ। ਮੈ ਬਹੁਤ ਦਿਲਚਸਪੀ ਨਾਲ ਰਾਤ ਦੇ ਬਾਰਾਂ ਵਜੇ ਤੱਕ ਪੜ੍ਹਦਾ ਰਹਿੰਦਾ ਸੀ। ਕੁਝ ਦਿਨਾਂ ਵਿੱਚ ਮੈ ਕਿਤਾਬ ਨੂੰ ਦੋ ਤਿੰਨ ਵਾਰ ਪੜ੍ਹਿਆ ਸੀ। ਇਸ ਕਿਤਾਬ ਨੇ ਮੇਰੇ ਦਿਮਾਗ ਦੇ ਹਰ ਕੋਨੇ ਵਿੱਚੋਂ ਰੱਬ ਦੀ ਹੋਂਦ ਬਾਰੇ, ਭੂਤ ਪ੍ਰੇਤ, ਚੜੇਲਾਂ ਦੇ ਸਾਰੇ ਸ਼ੰਕੇ ਤੇ ਅੰਧਵਿਸ਼ਵਾਸ ਮਲੀਆ ਮੇਟ ਕਰ ਦਿੱਤੇ ਸਨ। ਪੜ੍ਹ ਕੇ ਮੈਂ ਸੋਚਣ ਲੱਗਾ ਜਿਸ ਨੇ ਇਹ ਕਿਤਾਬ ਨਹੀਂ ਪੜ੍ਹੀ,

ਉਸ ਨੇ ਕੁਝ ਵੀ ਪੜ੍ਹਿਆ ਹੀ ਨਹੀਂ ਹੈ ।

ਉਸ ਤੋਂ ਬਾਅਦ ਮੇਰਾ ਮੇਲ (2005) ਵਿੱਚ ਕਾਮਰੇਡ ਦਰਸ਼ਨ ਸਿੰਘ ਚੋਹਲਾ ਸਾਹਿਬ ਨਾਲ ਹੋ ਗਿਆ ਸੀ। ਉਸ ਦੀ ਦੁਕਾਨ 'ਤੇ 'ਤਰਕਸ਼ੀਲ' ਮੈਗਜ਼ੀਨ ਆਉਂਦੇ ਸਨ। ਉਸ ਨੇ ਮੇਰਾ ਵੀ 'ਤਰਕਸ਼ੀਲ' ਪੇਪਰ ਪੱਕਾ ਲਾ ਦਿੱਤਾ ਸੀ। ਮੈਂ 'ਤਰਕਸ਼ੀਲ' ਪੇਪਰ ਦਾ ਪੱਕਾ ਪਾਠਕ ਬਣ ਗਿਆ। ਇਹ ਪੇਪਰ ਪੜ੍ਹ ਕੇ ਮੈਂ ਪੱਕਾ ਤਰਕਸ਼ੀਲ ਬਣ ਗਿਆ ਸੀ।

ਮੈਂ ਹੁਣ ਤੱਕ ਦੋ ਵਾਰ ਤਰਕਸ਼ੀਲ ਸੁਸਾਇਟੀ ਇਕਾਈ ਚੋਹਲਾ ਸਾਹਿਬ ਦਾ ਮੁਖੀ ਬਣ ਚੁੱਕਾ ਹਾਂ। ਹੁਣ ਹੋਈ ਨਵੀਂ ਚੋਣ ਵਿੱਚ ਮੈਨੂੰ ਵਿੱਤ ਵਿਭਾਗ ਤੇ ਮੈਗਜ਼ੀਨ ਵਿਭਾਗ ਦੀ ਡਿਊਟੀ ਦਿੱਤੀ ਗਈ ਹੈ। ਇਸ ਡਿਊਟੀ ਨੂੰ ਮੈਂ ਪੂਰੀ ਮਿਹਨਤ ਨਾਲ ਕਰ ਰਿਹਾ ਹਾਂ।

**98770 47365**

---

***ਪੰਨਾ 40 ਦਾ ਬਾਕੀ...***

ਆਉਣਾ ਕਿਉਂ ਜ਼ਰੂਰੀ ਹੈ, ਇਹ ਦੱਸਿਆ ਗਿਆ ਹੈ। ਇਸ ਭਾਗ ਵਿਚ ਵੀ 'ਮਹਾਨ ਹਿੰਦੂ ਸੰਸਕ੍ਰਿਤੀ' ਦਾ ਗੁਣਗਾਣ ਜਾਰੀ ਹੈ। ਇਸੇ ਆਧਾਰ 'ਤੇ ਉਹ ਸਵੈ-ਸੇਵਕਾਂ ਨੂੰ ਇੱਕ ਖਾਸ ਦਿਸ਼ਾ ਵੱਲ ਅਨੁਕੂਲਿਤ (Conditioned) ਕਰਦੇ ਹਨ। ਇਸ ਸਥਿਤੀ ਵਿਚ ਸਵੈ ਸੇਵਕ ਅੱਜ ਦੇ ਸਮਾਜ ਦੀਆਂ ਭੈੜੀਆਂ ਹਾਲਤਾਂ ਨੂੰ ਭੁੱਲ ਕੇ ਪ੍ਰਾਚੀਨ ਆਦਰਸ਼ ਨੂੰ ਮੁੜ ਲਿਆਉਣ ਵਿਚ ਰੁੱਝ ਜਾਂਦਾ ਹੈ।

ਇਜਰਾਈਲ ਦੇ ਲੇਖਕ ਯੁਵਲ ਨੂਹ ਹੇਰਾਰੀ ਆਪਣੀ ਕਿਤਾਬ '21ਵੀਂ ਸਦੀ ਦੇ 21 ਸਬਕ' ਵਿਚ ਲਿਖਦੇ ਹਨ- ਹਰ ਕੌਮ ਇਹ ਸੋਚਦੀ ਹੈ ਕਿ ਉਹ ਸੰਸਾਰ ਦੇ ਗਿਆਨ ਅਤੇ ਸ਼ਕਤੀ ਦਾ ਕੇਂਦਰ ਹੈ। ਇਹ ਸਾਰੇ ਦਾਅਵੇ ਝੂਠੇ ਹਨ। ਦੁਨੀਆਂ ਦੇ ਇਤਿਹਾਸ ਵਿਚ ਹਰ ਰਾਸ਼ਟਰ ਦਾ ਆਪਣਾ ਅਹਿਮ, ਪਰ ਸੀਮਤ ਜਿਹਾ ਯੋਗਦਾਨ ਰਿਹਾ ਹੈ।

ਇਸ ਲਈ ਅਸੀਂ ਸਭ ਤੋਂ 'ਮਹਾਨ' ਹਾਂ, ਅਤੇ ਸਾਨੂੰ ਕਿਸੇ ਤੋਂ ਕੁੱਝ ਸਿੱਖਣ-ਜਾਨਣ ਦੀ ਲੋੜ ਨਹੀਂ, ਇਹ ਮਾਨਸਿਕਤਾ ਸਿਹਤਮੰਦ ਨਹੀਂ।

**94634-32405**

---

ਹਰ ਧਰਮ ਤੇ ਮੁਲਕ ਦੇ ਧਰਮ ਸ਼ਾਸਤਰੀ ਇੱਕੋ ਜਿਹੇ ਹੁੰਦੇ ਹਨ, ਉਨ੍ਹਾਂ ਦਾ ਨਿਸ਼ਾਨਾ ਹਮੇਸ਼ਾਂ ਬੰਦਿਆਂ ਦੀ ਸੋਚ 'ਤੇ ਤਾਨਾਸ਼ਾਹੀ ਹੁਕਮ ਚਲਾਉਣਾ ਹੁੰਦਾ ਹੈ, ਇਸ ਲਈ ਜਿਹੜਾ ਵੀ ਕੋਈ ਸੱਚ ਬੋਲਣ ਦੀ 'ਲਾਪਰਵਾਹੀ' ਕਰੇ, ਉਹ ਉਸ ਨੂੰ ਹੀ ਸਜ਼ਾ ਦਿੰਦੇ ਹਨ।

**ਫਰੈਡਰਿਕ ਦੂਜਾ**

***ਪੰਨਾ 41 ਦਾ ਬਾਕੀ...***

ਅਤੇ ਉਸਦੇ ਬੈੱਡ ਦੁਆਲੇ ਵੀ ਛਿੜਕਾਇਆ ਪਰ ਇਸਦਾ ਕੋਈ ਅਸਰ ਨਹੀ ਹੋਇਆ। ਫਿਰ ਉਸਨੂੰ ਹਸਪਤਾਲ ਤੋਂ ਛੁੱਟੀ ਦਿਵਾ ਕੇ ਕਿਸੇ ਤਾਂਤਰਿਕ ਦੇ ਡੇਰੇ ਲਿਜਾਇਆ ਗਿਆ ਪਰ ਉੱਥੇ ਉਸਦੀ ਤਬੀਅਤ ਹੋਰ ਵੀ ਜਿਆਦਾ ਵਿਗੜ ਗਈ।

ਰਿਸ਼ਤੇਦਾਰਾਂ ਦੇ ਜ਼ੋਰ ਦੇਣ ਕਰਕੇ ਪਰਿਵਾਰ ਵੱਲੋਂ ਲੜਕੇ ਨੂੰ ਗੰਭੀਰ ਅਵਸਥਾ ਵਿਚ ਚੰਡੀਗੜ੍ਹ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਪਰ ਡਾਕਟਰਾਂ ਦੀ ਸਲਾਹ ਦੇ ਉਲਟ ਪਰਿਵਾਰ ਵੱਲੋਂ ਉੱਥੇ ਵੀ ਬੁਲਾਏ ਕਥਿਤ ਸਿਆਣਿਆਂ ਵੱਲੋਂ ਮਰੀਜ਼ ਨੂੰ ਝਾੜ-ਫੂਕ ਕੀਤਾ ਜਾਂਦਾ ਰਿਹਾ ਪਰ ਕੋਈ ਫਾਇਦਾ ਨਹੀਂ ਹੋਇਆ। ਮਾਹਿਰ ਡਾਕਟਰਾਂ ਵੱਲੋਂ ਮਰੀਜ਼ ਦੇ ਕੀਤੇ ਗਏ ਟੈਸਟਾਂ ਦੀ ਰਿਪੋਰਟ ਆਉਣ ਤੋਂ ਪਹਿਲਾਂ ਹੀ ਲੜਕੇ ਦੀ ਮੌਤ ਹੋ ਗਈ। ਰਿਪੋਰਟਾਂ ਤੋਂ ਪਤਾ ਲੱਗਾ ਕਿ ਲੜਕੇ ਦੀ ਮੌਤ ਹੌਲੀ ਹੌਲੀ ਅਸਰ ਕਰਨ ਵਾਲੇ ਇਕ ਰਸਾਇਣਕ ਜ਼ਹਿਰ ਕਾਰਨ ਹੋਈ ਹੈ। ਪਰਿਵਾਰ ਦੇ ਬਾਕੀ ਬਚੇ ਸਾਰੇ ਮੈਂਬਰਾਂ ਨੂੰ ਤੁਰੰਤ ਹੀ ਚੰਡੀਗੜ੍ਹ ਦੇ ਉਸੇ ਹਸਪਤਾਲ ਵਿਚ ਦਾਖਲ ਕਰਵਾ ਕੇ ਇਲਾਜ ਕੀਤਾ ਗਿਆ। ਕੁੱਝ ਦਿਨ ਬਾਅਦ ਤੰਦਰੁਸਤ ਹੋ ਕੇ ਘਰ ਵਾਪਸ ਆ ਗਏ ਪਰ ਅਫਸੋਸ ਕਿ ਪਰਿਵਾਰ ਦੀ ਅੰਧਵਿਸ਼ਵਾਸੀ ਮਾਨਸਿਕਤਾ ਕਾਰਨ ਉਚਿਤ ਡਾਕਟਰੀ ਇਲਾਜ ਅਤੇ ਜਾਂਚ ਵਿਚ ਹੋਈ ਦੇਰੀ ਦੇ ਨਤੀਜੇ ਵਜੋਂ ਪਰਿਵਾਰ ਨੇ ਦੋਵੇਂ ਕਮਾਊ ਜੀਅ ਗੰਵਾ ਲਏ ਸਨ। ਮੈਨੂੰ ਉਨਾਂ ਦੇ ਚਿਹਰਿਆਂ ਉਤੇ ਆਪਣੇ ਘਰੇਲੂ ਮੈਂਬਰਾਂ ਨੂੰ ਸਦੀਵੀ ਖੋਹਣ ਅਤੇ ਅੰਧਵਿਸ਼ਵਾਸੀ ਸੋਚ ਦਾ ਪਛਤਾਵਾ ਸਾਫ ਨਜ਼ਰ ਆ ਰਿਹਾ ਸੀ।

**97792 30173**

---

ਮਜ਼ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿੱਚ ਵੱਡੀ ਰੁਕਾਵਟ ਹਨ। ਇਹ ਹਮੇਸ਼ਾਂ ਸਾਡੇ ਰਾਹ ਵਿੱਚ ਰੋੜਾ ਸਾਬਤ ਹੋਏ ਹਨ ਅਤੇ ਸਾਨੂੰ ਇਹਨਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ ਆਜ਼ਾਦ ਵਿਚਾਰਾਂ ਦੀ ਕਸਵੱਟੀ ਉੱਤੇ ਪੂਰਾ ਨਹੀਂ ਉੱਤਰਦੀ, ਜਰੂਰ ਖਤਮ ਹੋ ਜਾਂਦੀ ਹੈ। ਹੋਰ ਕਈ ਅਜਿਹੀਆਂ ਕਮਜ਼ੋਰੀਆਂ ਹਨ ਜਿਨ੍ਹਾਂ 'ਤੇ ਅਸੀਂ ਅਜੇ ਕਾਬੂ ਪਾਉਣਾ ਹੈ। ਵਿਦੇਸ਼ੀ ਹਾਕਮ ਹਿੰਦੂਆਂ ਦੀ ਕੱਟੜਤਾ, ਮੁਸਲਮਾਨਾਂ ਦੇ ਤੁਅੱਸਬ ਅਤੇ ਆਮ ਕਰਕੇ ਸਾਰੇ ਫਿਰਕਿਆਂ ਦੀ ਤੰਗਦਿਲੀ ਦਾ ਫਾਇਦਾ ਉਠਾਉਂਦੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਣ ਲਈ ਇਨਕਲਾਬੀ ਲਗਨ ਵਾਲੇ ਸਭ ਫਿਰਕਿਆਂ ਦੇ ਨੌਜਵਾਨਾਂ ਦੀ ਲੋੜ ਹੈ।



**ਸ਼ਹੀਦ ਭਗਤ ਸਿੰਘ**

*ਕੇਸ ਰਿਪੋਰਟ*

# ਸੁਪਨਿਆਂ ਨੂੰ ਪ੍ਰਵਾਜ



**ਚੰਨਣ ਵਾਂਦਰ**

ਜ਼ਿੰਦਗੀ ਦਾ ਸਫ਼ਰ ਸੰਘਰਸ਼ ਨਾਲ ਭਰਿਆ ਹੈ। ਕਦਮ ਕਦਮ 'ਤੇ ਮੁਸ਼ਕਲਾਂ ਹਨ। ਇਹ ਔਕੜਾਂ ਰਾਹ ਦਾ ਰੋੜਾ ਬਣਦੀਆਂ ਹਨ। ਸਮਾਜ ਵਿਤਕਰਿਆਂ ਨਾਲ ਭਰਿਆ ਹੈ। ਵਿਤਕਰੇ ਮਨ ਮਸਤਕ ਨੂੰ ਠੇਸ ਪਹੁੰਚਾਉਂਦੇ ਹਨ। ਨਿਰਾਸ਼ਾ ਦੇ ਰਾਹ ਤੋਰਦੇ ਹਨ। ਨਿਰਾਸ਼, ਹਤਾਸ਼ ਵਿਅਕਤੀ ਮਾਨਸਿਕ ਰੋਗੀ ਹੋਣ ਵੱਲ ਵਧਦਾ ਹੈ। ਭਰਮ ਭੁਲੇਖੇ ਉਸ ਨੂੰ ਵਕਤੀ ਸਹਾਰਾ ਬਣਦੇ ਨਜ਼ਰ ਆਉਂਦੇ ਹਨ। ਹਾਰੇ, ਸਤਾਏ ਵਿਅਕਤੀ ਨੂੰ ਵਿਗਿਆਨਕ ਚੇਤਨਾ ਦੀ ਜਾਗ ਲੱਗੇ ਤਾਂ ਰਾਹ ਰੌਸ਼ਨ ਹੁੰਦਾ ਹੈ। ਜ਼ਿੰਦਗੀ ਸਫਲਤਾ ਦੀ ਮੰਜ਼ਿਲ ਵੱਲ ਹੋ ਤੁਰਦੀ ਹੈ।

ਸਵੇਰ ਸਾਰ ਫੋਨ ਜਗਾਉਂਦਾ ਹੈ। ਹੈਲੋ, ਅੰਕਲ ਮੈਂ ਚੰਨੀ ਬੋਲਦੀ ਹਾਂ। ਮੈਂ ਬਿਲਕੁਲ ਠੀਕ ਆਂ ਹੁਣ। ਕਿਸੇ ਕਿਸਮ ਦੀ ਕੋਈ ਤਕਲੀਫ ਨਹੀਂ ਹੈ। ਘਰ ਵਿੱਚ ਸਾਰੇ ਆਪਣੇ ਨਜ਼ਰ ਆਉਂਦੇ ਨੇ ਪੜ੍ਹਾਈ ਵਿੱਚ ਵੀ ਬਹੁਤ ਮਨ ਲਗਦਾ ਹੈ। ਅੰਕਲ, ਤੁਸੀਂ ਮੈਨੂੰ ਜਿਉਣ ਦਾ ਰਾਹ ਵਿਖਾਇਆ ਹੈ। ਤੁਹਾਡਾ ਧੰਨਵਾਦ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ। 'ਕੋਈ ਨਾ ਬੇਟਾ, ਇਹ 'ਤੇ ਸਾਡਾ ਫਰਜ ਹੈ। ਤੂੰ ਪੜ੍ਹਾਈ ਵਿੱਚ ਮਿਹਨਤ ਕਰਕੇ ਸਫਲਤਾ ਹਾਸਲ ਕਰ।' ਇਹ ਆਖਦਿਆਂ ਮੈਂ ਫੋਨ ਰਖਦਾ ਹਾਂ। ਮਨ ਸਕੂਨ ਰੂਪੀ ਖੁਸ਼ੀ ਨਾਲ ਭਰ ਜਾਂਦਾ ਹੈ।

ਸਾਲ ਕੁ ਪਹਿਲਾਂ ਚਰਨਜੀਤ ਮਸ਼ਵਰਾ ਕੇਂਦਰ 'ਤੇ ਆਪਣੀ ਮਾਂ ਨਾਲ ਆਈ ਸੀ। ਚੁੱਪ ਗੜੁੱਪ, ਡਰੀ ਹੋਈ ਨਜ਼ਰ ਆਉਂਦੀ ਸੀ। ਚਿਹਰਾ ਉਦਾਸੀ ਨਾਲ ਬੁਝਿਆ ਹੋਇਆ। ਉਸਦੀ ਵਾਰੀ ਆਈ ਤਾਂ ਉਸਦੀ ਮਾਂ ਕਹਿਣ ਲੱਗੀ, 'ਬਾਈ ਜੀ, ਬਹੁਤ ਆਸ ਨਾਲ ਤੁਹਾਡੇ ਕੋਲ ਆਏ ਹਾਂ। ਇਹ ਮੇਰੀ ਇਕਲੌਤੀ ਧੀ ਐ, ਚੰਨੀ। ਸੁਖ ਨਾਲ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ। ਪਰ ਸਾਲ ਭਰ ਤੋਂ ਪਤਾ ਨੀਂ ਕਿਹੜੇ ਚੰਦਰੇ ਨੇ ਨਜ਼ਰ ਲਾ ਦਿੱਤੀ। ਬੀਮਾਰੀ ਦਾ ਕੁਸ਼ ਪਤਾ ਨਹੀਂ ਲੱਗ ਰਿਹਾ। ਅਸੀਂ ਤਾਂ ਝਾੜ ਫੂਕ ਤੇ ਟੂਣੇ ਟਾਮਣਾਂ ਵਾਲਿਆਂ ਨੂੰ ਵੀ ਪਰਖ ਲਿਆ।'

**ਔਖ ਦਾ ਸਫ਼ਰ:**

ਚੰਨੀ ਦੀ ਮਾਂ ਸਾਡੀ ਪੁੱਛ ਪੜਤਾਲ ਦੌਰਾਨ ਸ਼ੁਰੂ ਤੋਂ ਔਖ ਦਾ ਬਿਰਤਾਂਤ ਦਸਦੀ ਹੈ। ਨੌਵੀਂ ਕਲਾਸ ਵਿੱਚ ਪੜ੍ਹਦਿਆਂ ਇਹ ਆਪਣੀ ਦਾਦੀ ਮਾਂ ਨਾਲ ਕਿਸੇ ਚੇਲੇ ਕੋਲ ਗਈ ਸੀ। ਉੱਥੋਂ ਪਤਾ ਨਹੀਂ ਕੀ ਹੋਇਆ। ਇਸਦੀ ਨਾ ਸਮਝ ਆਉਣ ਵਾਲੀ ਬੀਮਾਰੀ ਸੁਰੂ ਹੋ ਗਈ। ਰਾਤ ਨੂੰ ਉੱਠ ਕੇ ਰੋਣ ਲੱਗ ਜਾਂਦੀ। ਸੁਭਾਅ ਵਿੱਚ ਤਲਖੀ ਆਉਣ ਲੱਗੀ। ਸਕੂਲ ਜਾਣ ਤੋਂ ਵੀ ਆਨਾ ਕਾਨੀ ਕਰਨ ਲਗਦੀ। ਛੁੱਟੀ ਵਾਲੇ ਦਿਨ ਦੇਰ ਤੱਕ ਮੰਜੇ ਤੋਂ ਨਾ ਉੱਠਦੀ। ਪੁੱਛਣ 'ਤੇ ਆਖਦੀ, "ਮੈਨੂੰ ਤਾਂ ਕੁਸ਼ ਪਤਾ ਨੀਂ ਲਗਦਾ। ਕੁਸ਼ ਵੀ ਚੰਗਾ ਨੀਂ ਲਗਦਾ, ਨਾ ਪੜ੍ਹਨਾ, ਨਾ ਖਾਣਾ ਪੀਣਾ ਤੇ ਨਾ ਹੀ ਕਿਸੇ ਨਾਲ ਗੱਲ ਕਰਨਾ।" ਸਾਨੂੰ ਇਸ ਦੀ ਹਾਲਤ ਵੇਖ ਕੇ ਫਿਕਰ ਹੋਣਾ ਸੁਭਾਵਿਕ ਸੀ। ਸ਼ਹਿਰ ਵੱਡੇ ਡਾਕਟਰ ਕੋਲ ਗਏ। ਸਾਰੇ ਟੈੱਸਟ ਕਰਵਾਏ। ਡਾਕਟਰ ਕਹਿੰਦਾ, ਬੀਮਾਰੀ ਤਾਂ ਕੋਈ ਨਹੀਂ। ਆਹ ਦਵਾਈ ਖਵਾ ਦਿਓ, ਦੋ ਹਫਤੇ। ਲੜਕੀ ਠੀਕ ਹੋ ਜਾਵੇਗੀ। ਤੁਸੀਂ ਫਿਕਰ ਨਾ ਕਰੋ। ਅਸੀਂ ਵੀ ਸੁਖ ਦਾ ਸਾਹ ਲਿਆ। ਇਹ ਪਹਿਲਾਂ ਨਾਲੋਂ ਠੀਕ ਹੋ ਗਈ। ਫਿਰ ਮੁੜ ਤੋਂ ਸਕੂਲ ਜਾਣ ਲੱਗ ਪਈ। ਅਸੀਂ ਵੀ ਬੇਫਿਕਰ ਹੋ ਗਏ। ਸਕੂਲ ਵਿੱਚ ਕਿਸੇ ਕੁੜੀ ਦੀ ਅਚਾਨਕ ਹੋਈ ਮੌਤ ਨੇ ਇਹਦੇ ਮਨ 'ਤੇ ਡੂੰਘਾ ਅਸਰ ਪਾਇਆ। ਅਗਲੇ ਦਿਨ ਸਕੂਲੋਂ ਘਰ ਪਰਤੀ ਤਾਂ ਦੌਰਾ ਪੈ ਗਿਆ। ਪਿੰਡ ਵਾਲਾ ਡਾਕਟਰ ਬੁਲਾਇਆ। ਹੋਸ਼ ਵਿੱਚ ਆਈ ਤਾਂ ਚੀਕਾਂ ਮਾਰਨ ਲੱਗ ਗਈ। ਸਾਰੀ ਰਾਤ ਨਾ ਸੁੱਤੀ। ਅਸੀਂ ਸਾਰੇ ਬੇਚੈਨੀ ਵਿੱਚ ਇਹਦੇ ਸਿਰ੍ਹਾਣੇ ਬੈਠੇ ਰਹੇ।

**ਕਸਰ ਦੀ ਰਾਹ:**

ਇਸ ਦੀ ਦਾਦੀ ਤਾਂ ਪਹਿਲੇ ਦਿਨ ਤੋਂ ਹੀ ਕਹਿੰਦੀ ਸੀ ਕਿ ਕੁੜੀ ਨੂੰ ਕਸਰ ਹੈ। ਐਵੇਂ ਡਾਕਟਰਾਂ ਕੋਲ ਨਾ ਤੁਰੇ ਫਿਰੋ। ਉਸ ਦੀ ਗੱਲ ਸੱਚ ਹੁੰਦੀ ਉਸ ਦਿਨ ਜਾਪੀ ਜਦ ਇਹ ਰਾਤ ਨੂੰ ਉੱਠ ਕੇ ਰੋਣ ਲੱਗੀ। ਚੀਕਾਂ ਮਾਰਦੀ ਸਿਰ ਘੁੰਮਾਉਣ ਲੱਗੀ। ਵਿੱਚ ਕੋਈ ਬੁੜੀ ਵੀ ਬੋਲੀ। 'ਅਖੇ ਮੈਂ ਚੀਮਿਆਂ ਦੀ ਨੂੰਹ ਹਾਂ, ਏਹਨੂੰ ਨਾਲ ਲੈ ਕੇ ਜਾਣਾ।' ਫਿਰ ਕਸਰ ਦੇ ਇਲਾਜ ਲਈ ਚੇਲਿਆਂ ਦੇ ਦਰਾਂ 'ਤੇ ਰੁਲਣ ਲੱਗੇ। ਕਦੇ ਕਿਤੇ ਕਦੇ ਕਿਤੇ। ਕੋਈ ਮਾਈ, ਬਾਬਾ ਨੀਂ ਛੱਡਿਆ ਅਸੀਂ। ਹਰੇਕ ਨੂੰ ਮੂੰਹੋਂ ਮੰਗੀ ਦਾਨ ਦਕਸ਼ਣਾ ਦਿੱਤੀ। ਟੂਣਿਆਂ, ਕੜਾਹੀਆਂ ਦੇ ਖਰਚੇ ਵੱਖਰੇ। ਕਈਆਂ ਨੂੰ ਘਰੇ ਵੀ ਲਿਆਂਦਾ। ਸਾਰੇ ਘਰ ਵਿੱਚ ਕਿੱਲ, ਮੇਖਾਂ, ਤਵੀਤ ਰੱਖਣੇ ਪਏ। ਕੁੜੀ ਨੂੰ ਆਰਾਮ ਕਿਤੋਂ ਵੀ ਨਾ ਆਇਆ। ਸਾਡੇ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ। ਇੱਕ ਦਿਨ ਇਹ ਇਲਾਜ ਕਰਨ ਆਈ ਮਾਈ ਨੂੰ ਅੱਗੋਂ ਪੈ ਗਈ। ਕਹਿੰਦੀ ਹਿੰਮਤ ਹੈ ਤਾਂ ਮੈਨੂੰ ਏਸ ਕੁੜੀ ਚੋਂ ਕੱਢ ਕੇ ਵਿਖਾ।

ਉਸਨੇ ਮਸਾਂ ਖਹਿੜਾ ਛੁਡਾਇਆ ਤੇ ਨਾਲੇ ਜਾਂਦੀ ਹੋਈ ਆਖ ਗਈ। ਇਸ ਕੁੜੀ ਨੂੰ ਠੀਕ ਕਰਨਾ ਸਾਡੇ ਵੱਸ ਦਾ ਰੋਗ ਨਹੀਂ। ਏਹਨੂੰ ਤਾਂ ਕੋਈ ਵੱਡੀ ਔਹਰ ਹੈ। ਅਸੀਂ ਹੋਰ ਵੀ ਡਰ ਗਏ। ਕਿਸੇ ਰਿਸ਼ਤੇਦਾਰੀ ਨੇ ਇਹ ਆਖ ਕਿ ਤੁਹਾਡੇ ਕੋਲ ਭੇਜਿਆ ਹੈ ਕਿ ਕੁੜੀ ਉੱਥੋਂ ਠੀਕ ਹੋ ਕੇ ਘਰ ਆਏਗੀ।

**ਹੱਡ ਬੀਤੀ:**

ਚੰਨੀ ਨੂੰ ਬੁਲਾਇਆ ਤੇ ਉਸ ਤੋਂ ਪੁੱਛ ਪੜਤਾਲ ਆਰੰਭੀ। ਉਹ ਡਰੀ ਹੋਈ ਸੀ। ਮੈਂ ਉਸਨੂੰ ਆਖਿਆ, 'ਦੇਖ ਬੇਟਾ.. ਤੈਨੂੰ ਬਿਲਕੁਲ ਠੀਕ ਕਰਕੇ ਘਰ ਭੇਜਾਂਗੇ ਪਰ ਆਪਣੇ ਦਿਲ ਦੀ ਕੋਈ ਗੱਲ, ਇੱਛਾ ਛੁਪਾ ਕੇ ਨਾ ਰੱਖੀਂ।'

ਪਹਿਲਾਂ ਅਸੀਂ ਉਸਤੋਂ ਮਨ ਦੀ ਹਾਲਤ ਜਾਨਣੀ ਚਾਹੀ। ਚੰਨੀ ਨਿਰਾਸ਼ ਸੁਰ ਵਿੱਚ ਕਹਿਣ ਲੱਗੀ। 'ਮੇਰਾ ਦਿਲ ਬਿਲਕੁਲ ਨਹੀਂ ਲਗਦਾ। ਗੁੱਸਾ ਬਹੁਤ ਆਉਂਦਾ ਹੈ। ਸਾਰਿਆਂ 'ਤੇ ਖਿੱਝ ਚੜ੍ਹਦੀ ਹੈ। ਚੇਲੇ, ਬਾਬੇ ਜਾਨ ਦੇ ਦੁਸਮਣ ਜਾਪਦੇ ਹਨ। ਸਾਰੀ ਰਾਤ ਸੋਚਦਿਆਂ ਲੰਘ ਜਾਂਦੀ ਹੈ। ਡਰ ਲਗਦਾ ਰਹਿੰਦਾ ਹੈ। ਕਦੇ ਨੀਂਦ ਆਵੇ ਤਾਂ ਕੋਈ ਮੇਰਾ ਗਲਾ ਘੁਟਦਾ ਨਜ਼ਰ ਆਉਂਦਾ ਹੈ। ਡਰਾਉਣੇ ਸੁਪਨੇ ਆਉਂਦੇ ਹਨ। ਭੁੱਖ ਵੀ ਨਹੀਂ ਲਗਦੀ। ਮੇਰੀ ਛੁੱਟ ਗਈ ਪੜ੍ਹਾਈ ਬੇਚੈਨ ਕਰਦੀ ਹੈ। ਪੜ੍ਹ ਲਿਖ ਕੇ ਕੁਝ ਬਣਨ ਦਾ ਸੁਪਨਾ ਟੁੱਟ ਗਿਆ ਜਾਪਦਾ ਹੈ। ਅੰਕਲ, ਤੁਸੀਂ ਬਚਾ ਸਕਦੇ ਹੋ ਤਾਂ ਬਚਾ ਲਓ।' ਇਹ ਆਖਦਿਆਂ ਉਹ ਰੋਣ ਲੱਗ ਪਈ। ਅਸੀਂ ਚੰਨੀ ਨੂੰ ਉਸ ਦੀ ਮਾਂ ਕੋਲ ਬਿਠਾ ਉਸ ਬਾਰੇ ਰਾਇ ਮਸ਼ਵਰਾ ਬਣਾਉਣ ਲੱਗੇ।

**ਹਾਲਾਤ 'ਤੇ ਜਾਇਜਾ:**

ਅਸੀਂ ਹਾਜ਼ਰ ਮੈਂਬਰਾਂ ਨੇ ਹਾਲਤਾਂ ਨੂੰ ਸਮਝਿਆ। ਚੰਨੀ ਹਾਲਤਾਂ ਦੀ ਉਪਜ ਸੀ। ਹਾਲਤਾਂ ਨੇ ਉਸਦੀ ਜ਼ਿੰਦਗੀ ਦਾ ਰਾਹ ਰੋਕ ਲਿਆ ਸੀ। ਉਹ ਮਾਨਸਿਕ ਰੋਗੀ ਤਾਂ ਜਾਪਦੀ ਸੀ ਹੀ ਪਰ ਕੁਝ ਹੋਰ ਗੱਲਾਂ ਧਿਆਨ ਦੀ ਮੰਗ ਕਰਦੀਆਂ ਸਨ। ਕੁੜੀ ਨੇ ਆਪਣੀ ਕਿਸੇ ਚਾਹਤ, ਇੱਛਾ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ। ਇਹ ਜਾਣ ਕੇ ਹੀ ਮਸਲਾ ਹੱਲ ਹੋਣਾ ਸੀ। ਮਸ਼ਵਰੇ ਉਪਰੰਤ ਚੰਨੀ ਨੂੰ ਗੱਲਬਾਤ ਲਈ ਮੁੜ ਬੁਲਾਇਆ।

**ਚੰਨੀ ਦੀ ਚਾਹਤ:**

ਉਹ ਅੱਗੇ ਨਾਲੋਂ ਕਾਫੀ ਸਹਿਜ ਅਵਸਥਾ ਵਿੱਚ ਸੀ। ਮੈਂ ਉਸਨੂੰ ਮੁੜ ਸਮਝਾਉਣ ਦੇ ਲਹਿਜੇ ਵਿੱਚ ਆਖਿਆ, 'ਦੇਖ ਬੇਟਾ, ਤੇਰੇ ਸਹਿਯੋਗ, ਸਾਥ ਨਾਲ ਹੀ ਤੇਰਾ ਮਸਲਾ ਹੱਲ ਹੋਣਾ ਹੈ। ਇਹ ਦੱਸ ਕਿ ਤੇਰੀ ਕਿਸੇ ਇੱਛਾ ਨੂੰ ਪਰਿਵਾਰ ਨੇ ਠੇਸ ਪਹੁੰਚਾਈ ਹੋਵੇ ?'

'ਤੈਨੂੰ ਘਰ, ਸਕੂਲ ਵਿੱਚ ਕੋਈ ਮਾਨਸਿਕ ਪ੍ਰੇਸ਼ਾਨੀ, ਡਰ ਜਾਂ ਦਬਾਅ ਹੋਵੇ ਤਾਂ ਬੇਝਿਜਕ ਦੱਸ। ਇਹ ਜਾਣਕਾਰੀ ਆਪਣੇ ਦਰਮਿਆਨ ਹੀ ਸੀਮਤ ਰਹੇਗੀ।' ਤੇਰੀ ਹਰ ਤਰ੍ਹਾਂ ਨਾਲ ਮਦਦ ਕਰਕੇ ਤੈਨੂੰ ਠੀਕ ਕਰਕੇ ਘਰ ਭੇਜਾਂਗੇ।' ਚੰਨੀ ਦੇ ਚਿਹਰੇ 'ਤੇ ਕੁਝ ਸਕੂਨ ਦਿਸਿਆ। ਉਹ ਕਹਿਣ ਲੱਗੀ, 'ਅੰਕਲ ਜੀ, ਮੇਰੀ ਇੱਛਾ ਪੜ੍ਹ ਲਿਖ ਕੇ ਕੁੱਝ ਬਣਨ ਦੀ ਹੈ ਪਰ ਮੇਰੀ ਦਾਦੀ ਮਾਂ ਮੇਰੇ ਪਾਪਾ ਕੋਲ ਵੇਲੇ ਸਿਰ ਅਗਲੇ ਘਰ ਤੋਰਨ ਦੀ ਰਟ ਲਗਾਈ ਰੱਖਦੀ ਹੈ। ਇਹ ਗੱਲ ਮੈਨੂੰ ਬਹੁਤ ਪ੍ਰੇਸ਼ਾਨ ਕਰਦੀ ਹੈ। ਦਾਦੀ ਮਾਂ ਹੀ ਮੈਨੂੰ ਖਾਣ, ਪਹਿਨਣ ਤੋਂ ਰੋਕਦੀ ਹੈ। ਡਰਾਉਂਦੀ ਹੈ। ਸਕੂਲੋਂ ਹਟਾ ਲੈਣ ਤੇ ਘਰ ਦੇ ਕੰਮ ਵਿੱਚ ਲਗਾਉਣ ਲਈ ਆਖਦੀ ਹੈ। ਘਰ ਵਿੱਚ ਦਾਦੀ ਦੀ ਚਲਦੀ ਹੋਣ ਕਾਰਣ ਮੇਰੀ ਮਾਂ ਬੇਵੱਸ ਨਜਰ ਆਉਂਦੀ ਹੈ। ਮੈਂ ਚੰਨੀ ਨੂੰ ਵਿਸ਼ਵਾਸ ਦਿਵਾਇਆ ਕਿ ਅੱਗੇ ਤੋਂ ਦਾਦੀ ਮਾਂ ਤੇਰਾ ਰਾਹ ਨਹੀਂ ਰੋਕੇਗੀ। ਪਰ ਤੂੰ ਹਮੇਸਾ ਉਸ ਨੂੰ ਨਿਮਰਤਾ ਨਾਲ ਪੇਸ਼ ਆਉਣਾ ਹੈ।

**ਸੰਮੋਹਨ ਤੇ ਮਸ਼ਵਰਾ:**

ਉਹ ਸਹਿਜੇ ਹੀ ਸੰਮੋਹਨ ਨੀਂਦ ਵਿੱਚ ਚਲੀ ਗਈ। ਸਹਿਜ ਅਵਸਥਾ ਵਿੱਚ ਉਸਨੇ ਦਿੱਤੇ ਸੁਝਾਵਾਂ ਨੂੰ ਮਨ ਮਸਤਕ ਵਿੱਚ ਵਸਾਇਆ। ਅਰਧ ਚੇਤਨ ਮਨ ਦੀ ਅਵਸਥਾ ਵਿੱਚ ਉਸਦੇ ਮਨ ਵਿੱਚ ਪਏ ਸਾਰੇ ਡਰ ਤੇ ਭਰਮ ਦੂਰ ਕਰ ਦਿੱਤੇ। ਚੇਤਨਾ ਦੀ ਜਾਗ ਲਾਈ ਗਈ। ਸੰਮੋਹਨ ਤੋਂ ਉਠਦਿਆਂ ਹੀ ਉਸਦਾ ਚਿਹਰੇ ਦੀ ਉਦਾਸੀ ਸੰਤੁਸ਼ਟੀ ਵਿੱਚ ਬਦਲੀ ਨਜ਼ਰ ਆ ਰਹੀ ਸੀ। ਜਿਹੜੀ ਉਸਦੇ ਮਨ ਦੀ ਅਵਸਥਾ ਨੂੰ ਵੀ ਦਰਸਾ ਰਹੀ ਸੀ।

ਫਿਰ ਮਾਂ ਕੋਲ ਬਿਠਾ ਉਸਨੂੰ ਦਿਲ ਲਗਾ ਕੇ ਪੜ੍ਹਨ ਤੇ ਸੋਚਣ, ਸਮਝਣ ਦੇ ਸੁਝਾਅ ਦਿੱਤੇ। ਘਰ, ਸਕੂਲ ਵਿੱਚ ਮਿਹਨਤ ਕਰਨ ਲਈ ਆਖਿਆ। ਉਸਦੀ ਮਾਂ ਨੂੰ ਲੜਕੀ ਦੀ ਇੱਛਾ ਅਨੁਸਾਰ ਪੜ੍ਹਨ ਲਈ ਉਤਸਾਹਿਤ ਕਰਨ ਤੇ ਪਿਆਰ, ਪ੍ਰੇਰਨਾ ਨਾਲ ਪੇਸ਼ ਆਉਣ ਦੇ ਸੁਝਾਅ ਦਿੱਤੇ। ਜਿਨ੍ਹਾਂ ਨੂੰ ਉਸ ਖੁਸ਼ੀ ਨਾਲ ਸਵੀਕਾਰ ਕਰਿਆ। ਮਾਂ ਇਸ ਗੱਲੋਂ ਵੀ ਖੁਸ਼ ਸੀ ਕਿ ਧਾਗੇ ਤਵੀਤਾਂ ਤੇ ਟੂਣਿਆਂ ਤੋਂ ਬਿਨ੍ਹਾਂ ਹੀ ਚੰਨੀ ਖੁਸ਼ ਨਜ਼ਰ ਆ ਰਹੀ ਸੀ। ਦੋਹਾਂ ਨੂੰ ਅਗਲੀ ਵਾਰ ਘਰ ਦੇ ਮੁਖੀ ਨੂੰ ਨਾਲ ਲੈ ਕੇ ਆਉਣ ਲਈ ਆਖਿਆ। ਮੁੜ ਕੇਂਦਰ ਤੇ ਚੰਨੀ ਦੇ ਪਾਪਾ ਨਾਲ ਆਏ। ਉਹ ਖੁਸ਼ ਤੇ ਸੰਤੁਸਟ ਸਨ। ਉਸ ਨੂੰ ਦਾਦੀ ਮਾਂ ਵਾਲੀ ਸਾਰੀ ਗੱਲ ਸਮਝਾ ਦਿੱਤੀ ਗਈ। ਉਨ੍ਹਾਂ ਦਿੱਤੇ ਸੁਝਾਵਾਂ ਨੂੰ ਅਮਲੀ ਜਾਮਾ ਪਹਿਨਾਇਆ। ਪਰਿਵਾਰ ਦੇ ਸਹਿਯੋਗ ਨੇ ਚੰਨੀ ਦੇ ਸੁਪਨਿਆਂ ਨੂੰ ਮੁੜ ਪ੍ਰਵਾਜ ਦਿੱਤੀ। ਤਰਕਸ਼ੀਲ ਸੋਚ ਤੇ ਜੀਵਨ ਜਾਚ ਨੇ ਭਰਮਾਂ ਵਿੱਚ ਫਸੇ ਪਰਿਵਾਰ ਨੂੰ ਰਾਹ ਪਾਇਆ। ਵਿਤਕਰੇ ਤੇ ਦਬਸ ਵਿੱਚ ਵਿੱਚ ਘਿਰੀ ਜ਼ਿੰਦਗੀ ਨੂੰ ਜਿਉਣ ਦਾ ਬਲ ਦਿੱਤਾ।

**ਮੁਖੀ, ਮਸ਼ਵਰਾ ਕੇਂਦਰ, ਬਰਗਾੜੀ**

**98143 37522**

*ਵਿਸ਼ੇਸ਼ ਰਿਪੋਰਟ*

# ਕਿਸਾਨ ਸੰਘਰਸ਼ ਵਿੱਚ ਪੁਸਤਕਾਂ : ਦੂਜੀ ਫੇਰੀ

ਪੰਜਾਬ ਤੋਂ 26 ਨਵੰਬਰ ਨੂੰ ਦਿੱਲੀ ਪਹੁੰਚੇ ਕਿਸਾਨ ਸੰਘਰਸ਼ ਲਈ ਗੁਆਂਢੀ ਰਾਜਾਂ ਨੇ ਦਿਲ ਖੋਲ੍ਹ ਕੇ ਮੱਦਦ ਕੀਤੀ। ਰਾਜਧਾਨੀ ਦੇ ਵੱਖ ਵੱਖ ਬਾਰਡਰਾਂ 'ਤੇ ਡਟੇ ਕਿਸਾਨਾਂ ਦੀ ਮਾਨਸਿਕ ਸਿਹਤ ਦੀ ਤੰਦਰੁਸਤੀ ਲਈ ਤਰਕਸ਼ੀਲ, ਸਾਹਿਤਕ ਤੇ ਵਿਦੇਸ਼ਾਂ ਵਿੱਚ ਵਸਦੇ ਸੁਹਿਰਦ ਸੱਜਣਾਂ ਨੇ ਕੁਝ ਸਾਰਥਕ ਕਾਰਜ ਕਰਨ ਦਾ ਮਨ ਬਣਾਇਆ। ਇੰਗਲੈਂਡ ਵਸਦੇ ਤਰਕਸੀਲ ਸਨੇਹੀਆਂ ਅਵਤਾਰ ਤਾਰੀ, ਸਾਥੀ ਭਗਵੰਤ ਤੇ ਕਮਲ ਹੁਰਾਂ ਦੀ ਪਹਿਲਕਦਮੀ ਅਤੇ ਸਹਿਯੋਗ ਨਾਲ ਆਪਣੇ ਹੱਕਾਂ ਲਈ ਰਾਜਧਾਨੀ ਡਟੇ ਕਿਸਾਨਾਂ ਦੇ ਹੱਥਾਂ ਵਿੱਚ ਮੁਫ਼ਤ ਤਰਕਸ਼ੀਲ ਪੁਸਤਕਾਂ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ। ਪੁਸਤਕਾਂ ਵੰਡਣ ਦੀ ਇਹ ਦੂਸਰੀ ਫੇਰੀ ਸੀ।

**ਸਾਹਿਤ ਵੈਨ ਦਿੱਲੀ ਵੱਲ:**

7 ਮਾਰਚ ਦੀ ਦੁਪਿਹਰ ਨੂੰ ਪੁਸਤਕਾਂ ਨਾਲ ਭਰੀ ਤਰਕਸ਼ੀਲ ਸਾਹਿਤ ਵੈਨ ਮੁੱਖ ਦਫਤਰ, ਤਰਕਸ਼ੀਲ ਭਵਨ ਬਰਨਾਲਾ ਤੋਂ ਚੱਲ ਸਿੰਘੂ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਕੋਲ ਪਹੁੰਚੀ। ਜੋਨ ਬਰਨਾਲਾ, ਲੁਧਿਆਣਾ, ਜਲੰਧਰ, ਫਾਜਿਲਕਾ, ਨਵਾਂਸ਼ਹਿਰ ਤੋਂ ਤਰਕਸ਼ੀਲ ਮੈਂਬਰ/ਆਗੂ ਆਪੋ ਆਪਣੇ ਸਾਥੀਆਂ ਸਮੇਤ ਸਾਮਲ ਹੋਏ। ਬਾਅਦ ਦੁਪਹਿਰ ਤਰਕਸ਼ੀਲ ਕਾਫਲਾ ਸੰਯੁਕਤ ਕਿਸਾਨ ਮੋਰਚੇ ਦੇ ਪੰਡਾਲ ਵਿੱਚ ਪੁੱਜਾ। ਮੋਰਚੇ ਦੀ ਸਟੇਜ ਤੋਂ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਕਿਸਾਨਾਂ ਨੂੰ ਸੰਬੋਧਨ ਹੋਏ। ਉਹਨਾਂ ਕਿਸਾਨਾਂ ਦੇ ਸਿਦਕ ਤੇ ਸਿਰੜ ਦੀ ਦਾਦ ਦਿੰਦਿਆਂ ਆਖਿਆ ਕਿ ਭਾਜਪਾ ਹਕੂਮਤ ਵੱਲੋਂ ਪਾਸ ਕੀਤੇ ਤਿੰਨ ਖੇਤੀ ਵਿਰੋਧੀ ਕਾਲੇ ਕਾਨੂੰਨ ਮਾੜੀ ਕਿਸਮਤ ਜਾਂ ਕਰਮਾਂ ਦਾ ਨਤੀਜਾ ਨਹੀਂ ਹਨ। ਸਗੋਂ ਇਹ ਕੁੱਝ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਸਦਕਾ ਹੈ। ਉਹਨਾਂ ਆਖਿਆ ਕਿ ਅਸੀਂ ਤੁਹਾਡੇ ਲਈ ਚੇਤਨਾ ਦੇ ਚਾਨਣ ਵਾਲੀਆਂ ਪੁਸਤਕਾਂ ਲੈ ਕੇ ਆਏ ਹਾਂ। ਜਿਹੜੀਆਂ ਤੁਹਾਡਾ ਮਾਰਗ ਦਰਸਨ ਕਰਨਗੀਆਂ। ਉਨ੍ਹਾਂ ਸਪੱਸਟ ਕੀਤਾ ਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਕਿਸਾਨ ਚੇਤਨਾ ਦਾ ਹੋਰ ਉਭਾਰ ਵੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਆਪਣੀ ਸਮਰੱਥਾ ਅਨੁਸਾਰ ਤੁਹਾਡੇ ਹੱਕੀ ਸੰਘਰਸ਼ ਵਿੱਚ ਨਾਲ ਡਟ ਖੜ੍ਹੀ ਹੈ ਤੇ ਰਹੇਗੀ।

**ਟਿੱਕਰੀ ਬਾਰਡਰ 'ਤੇ:**

ਮੰਚ ਦੇ ਲਾਗੇ ਖੜੀ ਤਰਕਸ਼ੀਲ ਸਾਹਿਤ ਵੈਨ ਤੋਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਨਵ ਪ੍ਰਕਾਸ਼ਿਤ ਪੁਸਤਕ 'ਖੇਤੀ ਕਾਨੂੰਨ, ਵਿਗਿਆਨਕ ਚੇਤਨਾ ਤੇ ਸੰਘਰਸ਼' ਵੰਡੀ ਗਈ। ਪੁਸਤਕ ਦੇ ਹਿੰਦੀ ਐਡੀਸਨ ਤੇ ਹਿੰਦੀ ਮੈਗਜੀਨ 'ਤਰਕਸ਼ੀਲ ਪਥ' ਵੀ ਹਿੰਦੀ ਪੜ੍ਹਨ ਵਾਲੇ ਕਿਸਾਨਾਂ ਵਿੱਚ ਵੰਡਿਆ ਗਿਆ। ਟਰਾਲੀ ਘਰਾਂ ਵਿੱਚ ਪੁਸਤਕਾਂ ਪੁਜਦਾ ਕੀਤੀਆਂ ਗਈਆਂ। ਤਰਕਸ਼ੀਲ ਕਾਫਲਾ ਵੈਨ ਸਮੇਤ ਸਾਮੀਂ 4 ਵਜੇ ਟਿੱਕਰੀ ਬਾਰਡਰ 'ਤੇ ਪਹੁੰਚ ਗਿਆ। ਜਿੱਥੇ ਅਗਲੇ ਦਿਨ 8 ਮਾਰਚ ਨੂੰ ਮਨਾਏ ਜਾਣ ਵਾਲੇ ਔਰਤ ਦਿਵਸ ਦਾ ਵੱਡਾ ਪੰਡਾਲ ਲੱਗ ਚੁੱਕਾ ਸੀ। ਵੈਨ ਨਾਲ ਮੀਲਾਂ ਵਿੱਚ ਫੈਲੇ ਕਿਸਾਨ ਘਰਾਂ ਤੱਕ ਪੁਸਤਕਾਂ ਪੁਜਦਾ ਕੀਤੀਆਂ ਗਈਆਂ। ਇਸ ਅਹਿਮ ਕਾਰਜ ਵਿੱਚ ਰਾਜਿੰਦਰ ਭਦੌੜ ਨਾਲ ਗੁਰਪ੍ਰੀਤ ਸਹਿਣਾ, ਅਵਤਾਰ ਦੀਪ, ਸੁਖਵਿੰਦਰ ਬਾਗਪੁਰ, ਗਿਆਨ ਸੈਦਪੁਰੀ, ਮਾਸਟਰ ਕੁਲਜੀਤ ਡੰਗਰ ਖੇੜਾ, ਡਾ. ਮਨਜਿੰਦਰ ਪੱਪੀ ਵੀ ਸਾਮਲ ਸਨ। ਪੁਸਤਕਾਂ ਵੰਡਣ ਦਾ ਇਹ ਕਾਰਜ ਦੇਰ ਸਾਮ ਤੱਕ ਚਲਦਾ ਰਿਹਾ। 8 ਮਾਰਚ ਦੇ ਸਮਾਗਮ ਵਿੱਚ ਸਾਮਲ ਹੋਣ ਆ ਰਹੀਆਂ ਬਸਾਂ ਤੇ ਹੋਰ ਵਹੀਕਲਾਂ ਵਿੱਚ ਵੀ ਪੁਸਤਕਾਂ ਵੰਡੀਆਂ ਗਈਆਂ। ਪੁਸਤਕਾਂ ਵੰਡ ਰਹੇ ਤਰਕਸ਼ੀਲ ਕਾਫਲੇ ਨੂੰ ਮੋਰਚੇ ਵਿੱਚ ਡਟੇ ਕਿਸਾਨਾਂ ਵੱਲੋ ਦਿੱਤਾ ਜਾ ਪਿਆਰ, ਸਤਿਕਾਰ ਤੇ ਸਹਿਯੋਗ ਸਰਾਹੁਣਯੋਗ ਸੀ।

**ਔਰਤ ਦਿਵਸ 'ਤੇ:**

8 ਮਾਰਚ 2021 ਨੂੰ ਸਵੇਰ ਤੋਂ ਟਿੱਕਰੀ ਬਾਰਡਰ 'ਤੇ ਗ਼ੇਦਰੀ ਗੁਲਾਬ ਕੌਰ ਨਗਰ ਵਿੱਚ ਉਤਸਾਹ ਦਾ ਮਾਹੌਲ ਸੀ। ਬਸੰਤੀ ਚੁੰਨੀਆਂ ਦਾ ਹੜ੍ਹ ਭਵਿੱਖ ਦੀ ਸੂਹ ਦੇ ਰਿਹਾ ਸੀ। ਏਥੇ ਤਰਕਸ਼ੀਲ ਕਾਫਲੇ ਨਾਲ ਬਲਬੀਰ ਲੌਂਗੋਵਾਲ, ਹਰਿੰਦਰ ਲਾਲੀ ਤੇ ਜੁਝਾਰ ਲੌਂਗੋਵਾਲ ਵੀ ਆ ਮਿਲੇ। ਉਹ ਹਿੰਦੀ ਪੁਸਤਕਾਂ ਲੈ ਗਾਜੀਪੁਰ ਬਾਰਡਰ ਵੱਲ ਰਵਾਨਾ ਹੋਏ। ਉਨ੍ਹਾਂ ਨੇ ਉੱਥੇ ਬਿਹਾਰ, ਉੱਤਰ ਪ੍ਰਦੇਸ ਤੇ ਹੋਰਨਾਂ ਹਿੰਦੀ ਭਾਸ਼ੀ ਰਾਜਾਂ ਤੋਂ ਆਏ ਕਿਸਾਨਾਂ ਵਿੱਚ ਪੁਸਤਕਾਂ ਵਿਤਰਣ ਕੀਤੀਆਂ। ਤਰਕਸ਼ੀਲ ਕਾਫਲੇ ਨੇ ਰਸਤੇ ਵਿੱਚ ਆਉਂਦੇ ਜਾਂਦਿਆਂ ਲੋੜ ਅਨੁਸਾਰ ਹਿੰਦੀ, ਪੰਜਾਬੀ ਪੁਸਤਕਾਂ ਕਿਸਾਨਾਂ ਤੱਕ ਪੁੱਜਦਾ ਕੀਤੀਆਂ। ਇਸ ਫੇਰੀ ਵਿੱਚ ਜਸਵੰਤ ਜੀਰਖ, ਰਾਮ ਕੁਮਾਰ ਪਟਿਆਲਾ ਤੋਂ ਇਲਾਵਾ ਸਾਹਕੋਟ, ਜਲੰਧਰ, ਲੱਖੇਵਾਲੀ, ਅਬੋਹਰ, ਸਹੀਦ ਭਗਤ ਸਿੰਘ ਨਗਰ, ਬਠਿੰਡਾ ਤੇ ਮੁਹਾਲੀ ਆਦਿ ਅਨੇਕਾਂ ਇਕਾਈਆਂ ਦੇ ਮੈਂਬਰ/ਆਗੂ ਸਾਮਲ ਸਨ।

ਕਿਸਾਨਾਂ ਤੱਕ ਪੁਸਤਕਾਂ ਦੀ ਚੇਤਨਾ ਦਾ ਚਾਨਣ ਪੁੱਜਦਾ ਕਰਨ ਵਾਲੀ ਇਹ ਦੂਸਰੀ ਫੇਰੀ ਸਕੂਨ, ਸਬਕ ਤੇ ਪ੍ਰੇਰਨਾ ਦੇਣ ਵਾਲੀ ਰਹੀ।

# ਪੇਸ਼ਕਦਮੀਆਂ

**ਇਕਾਈ ਅੰਮ੍ਰਿਤਸਰ : ਰੋਸ ਪ੍ਰਦਰਸ਼ਨ** : ਸਥਾਨਕ ਜਮਹੂਰੀ ਅਤੇ ਜਨਤਕ ਜਥੇਬੰਦੀਆਂ ਜਮਹੂਰੀ ਅਧਿਕਾਰ ਸਭਾ, ਪੀ.ਐੱਸ.ਯੂ. (ਲਲਕਾਰ), ਸਟੂਡੈਂਟਸ ਫਾਰ ਸੁਸਾਇਟੀ, ਇਪਟਾ ਅਤੇ ਲੋਕ ਭਲਾਈ ਮੰਚ ਆਦਿ ਦੇ ਸਹਿਯੋਗ ਨਾਲ 13 ਅਪ੍ਰੈਲ ਨੂੰ ਜਲ੍ਹਿਆਂ ਵਾਲਾ ਬਾਗ ਸਮਾਰਕ ਨਾ ਖੋਲ੍ਹਣ ਦੇ ਖਿਲਾਫ਼ ਜਲ੍ਹਿਆਂ ਵਾਲਾ ਬਾਗ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਇਹਨਾਂ ਸੰਸਥਾਵਾਂ ਦੇ ਆਗੂਆਂ ਸੁਮੀਤ ਸਿੰਘ, ਜਸਪਾਲ ਬਾਸਰਕਾ, ਅਮਰਜੀਤ ਬਾਈ, ਨਵਜੋਤ, ਬਲਬੀਰ ਮੂਧਲ, ਜਸਕੰਵਲ ਸਿੰਘ ਆਦਿ ਨੇ ਸੰਬੋਧਨ ਕੀਤਾ। ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਮਨਜੀਤ ਬਾਸਰਕੇ, ਬਲਦੇਵ ਰਾਜ ਵੇਰਕਾ, ਨਿਰੰਦਰ ਤੇੜਾ, ਰਮੇਸ਼ ਕੁਮਾਰ, ਸਿਮਰਨ, ਕਿਰਨਜੀਤ ਕੌਰ, ਕੁਲਦੀਪ ਤੇੜਾ, ਨਵਰੀਤ ਅਤੇ ਨਵਜੀਤ ਵੀ ਸ਼ਾਮਲ ਹੋਏ।

**ਕਰੋਨਾ ਦੇ ਦੁਬਾਰਾ ਉਭਾਰ ਅਤੇ ਉਪਾਅ ਬਾਰੇ ਚਰਚਾ** : ਤਰਕਸ਼ੀਲ ਆਗੂ ਅਮਰਜੀਤ ਬਾਈ ਦੀ ਪ੍ਰਧਾਨਗੀ ਹੇਠ ਮੈਡੀਕਲ ਇਨਕਲੇਵ ਵਿਖੇ ਇਸ ਵਿਸ਼ੇ 'ਤੇ ਚਰਚਾ ਵਿੱਚ ਮੁੱਖ ਤੌਰ 'ਤੇ ਉੱਘੇ ਚਿੰਤਕ ਅਤੇ ਸਿਹਤ ਮਾਹਿਰ ਡਾ. ਸ਼ਿਆਮ ਸੁੰਦਰ ਦੀਪਤੀ ਜੀ ਨੇ ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ। ਇਸ ਬਾਰੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਦਿਆਂ ਉਹਨਾਂ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਇਸ ਸਬੰਧੀ ਲੋਕਾਂ ਦੀ ਮਾਨਸਿਕਤਾ ਨੂੰ ਡਾਕਟਰੀ ਪੱਖ ਤੋਂ ਵਿਗਿਆਨਕ ਅਤੇ ਮਜਬੂਤ ਬਨਾਉਣ ਦੀ ਥਾਂ ਕਰੋਨਾ ਦੀ ਦਹਿਸ਼ਤ ਫੈਲਾ ਕੇ ਬੇਲੋੜੀਆਂ ਪਾਬੰਦੀਆਂ ਵੱਲ ਧੱਕਿਆ ਜਾ ਰਿਹਾ ਹੈ। ਜਸਪਾਲ ਬਾਸਰਕਾ, ਸੁਮੀਤ ਸਿੰਘ, ਅਸ਼ਵਨੀ ਕੁਮਾਰ, ਅਮਰਜੀਤ ਬਾਈ, ਊਸ਼ਾ ਦੀਪਤੀ, ਸੁਖਮੀਤ ਸਿੰਘ, ਹਰਜਿੰਦਰ ਜਲਾਲਪੁਰ, ਬਨਾਰਸੀ ਦਾਸ, ਰਮੇਸ਼ ਕੁਮਾਰ, ਸ਼ਕਤੀ ਆਦਿ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ।

**ਸੁਮੀਤ ਸਿੰਘ**

**ਇਕਾਈ ਸੰਗਰੂਰ**

**ਡਾ. ਕਾਵੂਰ ਦਾ ਜਨਮ ਦਿਨ ਮਨਾਇਆ** : ਇਹ 123ਵਾਂ ਜਨਮ ਦਿਨ ਸਥਾਨਕ ਅਨਾਜ ਮੰਡੀ ਵਿੱਚ ਆੜ੍ਹਤੀਆ ਐਸੋਸੀਏਸ਼ਨ ਵੱਲੋਂ ਆਯੋਜਿਤ ਕਾਲੇ ਕਾਨੂੰਨਾਂ ਖਿਲਾਫ਼ ਰੋਸ ਧਰਨੇ ਵਿੱਚ ਸੰਬੋਧਨ ਕਰਕੇ ਅਤੇ ਤਰਕਸ਼ੀਲ ਸਾਹਿਤ ਵੰਡ ਕੇ ਮਨਾਇਆ ਗਿਆ। ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਤਰਕਸ਼ੀਲਾਂ ਵੱਲੋਂ ਰਘਬੀਰ ਸਿੰਘ, ਕ੍ਰਿਸ਼ਨ ਸਿੰਘ ਦੁੱਗਾ, ਗੁਰਦੀਪ ਸਿੰਘ ਲਹਿਰਾ, ਦੇਵਿੰਦਰ ਕੌਰ, ਬਿਮਲ ਕੌਰ, ਸੁਨੀਤਾ ਰਾਣੀ, ਮਲਕੀਤ ਕੌਰ, ਤਮਿੰਦਰ ਕੌਰ, ਤੇਜਾ ਸਿੰਘ, ਅਮਰਦੀਪ ਸਿੰਘ, ਨਛੱਤਰ ਸਿੰਘ, ਚਰਨ ਕਮਲ ਸਿੰਘ, ਹੇਮ ਰਾਜ ਆਦਿ ਨੇ ਸ਼ਾਮਲ ਹੋ ਕੇ ਲੋਕਾਂ ਨੂੰ ਵਿਗਿਆਨਕ ਸਾਹਿਤ ਵੰਡਿਆ।

**ਐੱਨ. ਐੱਸ.ਐੱਸ. ਕੈਂਪ ਵਿੱਚ ਤਰਕਸ਼ੀਲ ਗੋਸ਼ਟੀ** : ਸ਼ਹੀਦ ਉਧਮ ਸਿੰਘ ਗਰੁੱਪ ਆਫ ਇੰਸਟੀਚਿਊਟਸ ਮਹਿਲਾਂ ਚੌਂਕ ਵਿਖੇ ਪ੍ਰਿੰਸੀਪਲ ਡਾ. ਮਨਜੀਤ ਕੌਰ, ਵਾਈਸ ਪ੍ਰਿੰਸੀਲ ਸੰਦੀਪ ਸਿੰਘ, ਡਾਕਟਰ ਕੁਲਵੰਤ ਕੌਰ ਦੀ ਅਗਵਾਈ ਹੇਠ ਹਰਦੀਪ ਸਿੰਘ, ਜਗਵੀਰ ਸਿੰਘ, ਪ੍ਰੀਤਇੰਦਰ ਸਿੰਘ ਪ੍ਰੋਗਰਾਮ ਅਫਸਰ, ਸੰਦੀਪ ਕੌਰ, ਗੁਰਪਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਦੇ ਸਹਿਯੋਗ ਨਾਲ ਇਹ ਗੋਸ਼ਟੀ ਆਯੋਜਿਤ ਕੀਤੀ ਗਈ। ਇਸ ਦੇ ਮੁੱਖ ਬੁਲਾਰੇ ਤਰਕਸ਼ੀਲ ਆਗੂ ਪਰਮਵੇਦ ਸਨ। ਮੈਡਮ ਸੰਦੀਪ ਕੌਰ ਨੇ ਹਾਜਰੀਨ ਦਾ ਸਵਾਗਤ ਕੀਤਾ। ਪ੍ਰਬੰਧਕਾਂ ਵੱਲੋਂ ਤਰਕਸ਼ੀਲ ਆਗੂ ਪਰਮਵੇਦ, ਨਿਰਮਲ ਸਿੰਘ ਦਾ ਸਨਮਾਨ ਕੀਤਾ ਗਿਆ। ਵਿਗਿਆਨਕ ਵਿਚਾਰਾਂ ਵਾਲਾ ਸਾਹਿਤ ਵੀ ਵੰਡਿਆ ਗਿਆ।

**ਕਿਤਾਬ 'ਖੇਤੀ ਕਾਨੂੰਨ, ਸੰਘਰਸ਼ ਅਤੇ ਵਿਗਿਆਨਕ ਚੇਤਨਾ' ਵੰਡੀ** : ਪਰਮਵੇਦ, ਨਿਰਮਲ ਸਿੰਘ, ਸੁਨੀਤਾ ਰਾਣੀ, ਤੇਜਾ ਸਿੰਘ, ਗੁਰਦੀਪ ਲਹਿਰਾ, ਸੁਖਦੇਵ ਕਿਸ਼ਨਗੜ੍ਹ, ਧਰਮਵੀਰ ਸਿੰਘ, ਸੁਰਿੰਦਰ ਪਾਲ ਉੱਪਲੀ, ਕ੍ਰਿਸ਼ਨ ਸਿੰਘ ਦੁੱਗਾ ਆਦਿ ਅਧਾਰਿਤ ਤਰਕਸ਼ੀਲ ਟੀਮਾਂ ਨੇ ਇਹ ਕਿਤਾਬ ਧੂਰੀ ਰੋਡ ਟੋਲ ਪਲਾਜ਼ਾ (ਸੰਗਰੂਰ ਨੇੜਲੇ) ਅਤੇ ਸਥਾਨਕ ਰੇਲਵੇ ਸਟੇਸ਼ਨ 'ਤੇ ਚਲਦੇ ਪੱਕੇ ਧਰਨਿਆਂ ਵਿੱਚ ਵੰਡੀ। ਟੋਲ ਪਲਾਜ਼ਾ ਮੋਰਚਾ ਦੇ ਪ੍ਰਬੰਧਕਾਂ ਚਮਕੌਰ ਸਿੰਘ ਹਥਨ, ਹਰਬੰਸ ਸਿੰਘ ਲੱਡਾ, ਜਸਪਾਲ ਕੌਰ ਪੇਧਨੀ ਕਲਾਂ, ਰਾਜਵਿੰਦਰ ਕੌਰ ਬੇਨੜਾ ਅਤੇ ਰੇਲਵੇ ਸਟੇਸ਼ਨ ਮੋਰਚਾ ਦੇ ਪ੍ਰਬੰਧਕਾਂ ਰੋਹੀ ਸਿੰਘ, ਨਿਰਮਲ ਸਿੰਘ ਬਟਰਿਆਣਾ ਆਦਿ ਕਿਸਾਨ ਆਗੂਆਂ ਨੇ ਤਰਕਸ਼ੀਲ ਸੁਸਾਇਟੀ ਦਾ ਧੰਨਵਾਦ ਕੀਤਾ।

**ਪਰਮਵੇਦ**

**ਇਕਾਈ ਬਠਿੰਡਾ** : ਕਿਸਾਨ ਸੰਘਰਸ਼ ਸਮਰਥਨ ਕਮੇਟੀ ਪਿੰਡ ਦੌਲਾ ਦੇ ਨਾਟਕ ਮੇਲੇ, ਨੌਜਵਾਨ ਭਾਰਤ ਸਭਾ ਪਿੰਡ ਨਿਊਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਅਤੇ ਵਿਸਾਖੀ ਮੇਲਾ ਤਲਵੰਡੀ ਸਾਬੋ ਵਿਖੇ ਕਿਸਾਨ ਕਾਨਫਰੰਸ 'ਤੇ ਪੁਸਤਕ ਪ੍ਰਦਰਸ਼ਨੀ ਲਾਈ। ਕਾਲਿਆਂ ਵਾਲੀ ਇਕਾਈ ਵੱਲੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੜ੍ਹਣ ਦੇ ਚੈਲੰਜ ਦੀ ਪੜਤਾਲ ਮੌਕੇ ਵੱਡਾ ਗੂੜ੍ਹਾ ਪਿੰਡ ਵਿੱਚ ਪੰਜ ਮੈਂਬਰ ਸ਼ਾਮਲ ਹੋਏ।

**ਗਿਆਨ ਸਿੰਘ**



# ਪਾਠਕਾਂ ਦੇ ਖਤ

**ਸੰਪਾਦਕ 'ਤਰਕਸ਼ੀਲ'**
**ਮੁੱਖ ਦਫ਼ਤਰ,**
**ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)**
**ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)**
**email : tarkshiloffice@gmail.com**




ਜਨਵਰੀ-ਫਰਵਰੀ 21 ਦੇ ਅੰਕ ਵਿੱਚ ਰਾਜਪਾਲ ਹੁਰਾਂ ਦੇ 'ਸੋਸ਼ਲ ਮੀਡੀਆ ਅਤੇ ਇੰਟਰਨੈਟ' ਬਾਰੇ ਛਪੇ ਲੇਖ ਬਾਰੇ ਹੀ ਗੱਲ ਕਰਨੀ ਹੈ। ਉਦਾਹਰਣਾਂ ਸਾਹਿਤ ਦਿੱਤੀ ਜਾਣਕਾਰੀ ਨਾਲ ਸੋਸ਼ਲ ਮੀਡੀਆ ਦੇ ਕਈ ਪੱਖਾਂ ਦੀ ਸੂਹ ਮਿਲਦੀ ਹੈ। ਜਿੱਥੇ ਇਸਦੀ ਵਰਤੋਂ ਨਾਲ ਫਾਇਦਿਆਂ ਦੀ ਨਿਸ਼ਾਨਦੇਹੀ ਹੁੰਦੀ ਹੈ, ਉੱਥੇ ਇਸਦੀ ਹੋ ਰਹੀ ਦੁਰਵਰਤੋਂ ਬਾਰੇ ਚੌਕਸ ਰਹਿਣ ਦਾ ਸੁਝਾਅ ਵੀ ਮਿਲਦਾ ਹੈ, ਜਿਸ ਨਾਲ ਵਰਤੋਂਕਾਰ ਕੁਰਾਹੇ ਪੈਣ ਤੋਂ ਬਚ ਸਕਦਾ ਹੈ। ਲੇਖਕ ਅਨੁਸਾਰ ਆਮ ਵਰਤਾਰਿਆਂ ਵਾਂਗ ਸੋਸ਼ਲ ਮੀਡੀਆ ਦੇ ਵੀ ਦੋ ਪੱਖ ਹਨ, ਹਾਂ ਪੱਖੀ ਅਤੇ ਨਾਂ ਪੱਖੀ। ਲੇਖ ਵਿੱਚ ਦਿੱਤੇ ਸੁਝਾਵਾਂ ਨੂੰ ਜੇ ਧਿਆਨ ਵਿੱਚ ਰੱਖਿਆ ਜਾਵੇ, ਤਾਂ ਅਸੀਂ ਇਸਦੇ ਨਾਂ ਪੱਖੀ ਪ੍ਰਭਾਵਾਂ ਦੀ ਤਿਲਕਣ ਤੋਂ ਬਚ ਸਕਦੇ ਹਾਂ। ਸੁਆਲ ਪੈਦਾ ਹੁੰਦਾ ਹੈ ਕਿ ਇਸ ਤਿਲਕਣ ਵਿੱਚ ਵਰਤੋਂਕਾਰ ਫਸਦਾ ਕਿਉਂ ਹੈ ? ਇਸ ਬਾਰੇ ਚਰਚਾ ਜਾਰੀ ਰਹਿਣੀ ਚਾਹੀਦੀ ਹੈ। ਕਈ ਕਾਰਣ ਹੋਣਗੇ, ਮੈਂ ਸਿਰਫ ਇੱਕ ਦੋ 'ਤੇ ਹੀ ਗੱਲ ਕਰਾਂਗਾ। ਬਹੁਗਿਣਤੀ ਦਾ ਕੋਈ ਬੱਝਵਾਂ ਜੀਵਨ-ਮਨੋਰਥ ਨਹੀਂ ਹੁੰਦਾ, ਉਹ ਭਾਵੇ ਪੜ੍ਹੇ ਲਿਖੇ ਹੋਣ ਜਾਂ ਅਧਪੜ੍ਹ। ਬਹੁਤਾ ਜੋਰ ਇਸ ਗੱਲ 'ਤੇ ਹੀ ਹੁੰਦਾ ਹੈ ਕਿ ਕਿਵੇਂ ਨਾ ਕਿਵੇਂ ਕਬੀਲਦਾਰੀ ਚੱਲਦੀ ਰਹੇ। ਬਾਲ ਬੱਚੇ ਸੈੱਟ ਹੋ ਜਾਣ। ਇਸ ਹੋੜ ਵਿਚ ਰਾਹ ਵਿੱਚ ਆਉਂਦੇ ਕਿਸੇ ਵੀ ਲੁਭਾਉਣੇ ਵਿਚਾਰ, ਫਲਸਫੇ ਜਾਂ ਆਗੂ ਮਗਰ ਉਹ ਹੋ ਤੁਰਦੇ ਹਨ। ਸਿੱਟਾ ਆਪਣੇ ਸਾਹਮਣੇ ਹੈ। ਉਨਾਂ ਨੂੰ ਇਹ ਨਹੀਂ ਪਤਾ ਲਗਦਾ ਕਿ ਸਹੀ ਕੀ ਹੈ ਅਤੇ ਗਲਤ ਕੀ ਹੈ ? ਅਤੇ ਕਿਉਂ ਹੈ ? ਲੋਕਵਿਰੋਧੀ ਧਿਰਾਂ ਇਸ ਗੱਲ ਦਾ ਭਰਪੂਰ ਲਾਹਾ ਲੈਂਦੀਆਂ ਹਨ, ਅਤੇ ਸੋਸ਼ਲ ਮੀਡੀਆ ਇਸਦਾ ਅਸਰਦਾਰ ਜਰੀਆ ਹੈ। ਲੇਖਕ ਨੇ ਇਹ ਠੀਕ ਕਿਹਾ ਹੈ ਕਿ ਇਸ ਤਿਲਕਣ ਤੋਂ ਬਚਣ ਲਈ ਸਾਨੂੰ ਵਿਵੇਕਸ਼ੀਲ ਹੋਣ ਦੀ ਲੋੜ ਹੈ। ਵਿਵੇਕਸ਼ੀਲ ਹੋਣ ਦਾ ਅਰਥ ਹੈ, ਸ਼ੰਕਾਵਾਦੀ ਹੋਣਾ, ਗੱਲਾਂ ਵਿੱਚ ਨਾ ਆਉਣਾ। ਭਾਵ, ਸੋਹਣੇ ਸ਼ਬਦਾਂ, ਬਿਆਨ ਜਾਂ ਵਧੀਆ ਪੇਸ਼ਕਾਰੀ ਵਿੱਚ ਨਾ ਉਲਝਕੇ, ਪੋਸਟ ਪਾਉਣ ਵਾਲੇ ਦੇ ਲੁਕਵੇਂ ਮਨਸੂਬਿਆਂ ਨੂੰ ਸਮਝਣਾ। ਉਸਦੇ 'ਸੇਵਾਭਾਵ' ਪਿੱਛੇ ਲੁਕੀ ਖੁਦਗਰਜੀ ਨੂੰ ਦੇਖਣਾ। ਕਿਸੇ ਬੱਝਵੇਂ ਜੀਵਨ ਮਨੋਰਥ ਦੀ ਗੈਰਹਾਜਰੀ ਅਤੇ ਰੋਜ-ਮਰਰਾ ਦੀ ਬੋਰੀਅਤ ਵੀ ਇਸਦੇ ਨਾਂਪੱਖ ਲਈ ਜ਼ਰਖੇਜ ਭੋਇ ਹੈ। ਇਸ ਮਰਜ ਦਾ ਸ਼ਿਕਾਰ ਬਹੁਤੇ ਬੇਰੁਜ਼ਗਾਰ ਅਧਪੜ੍ਹੇ ਤੇ ਪੜ੍ਹੇ ਲਿਖੇ ਬੰਦੇ ਹੁੰਦੇ ਹਨ। ਉਨ੍ਹਾਂ ਦੀ ਕਬੀਲਦਾਰੀ ਦਾ ਰੇੜ੍ਹਾ ਤਾਂ ਕਿਵੇਂ ਨਾ ਕਿਵੇਂ ਚਲਦਾ ਰਹਿੰਦਾ ਹੈ, ਪਰ ਜ਼ਿੰਦਗੀ ਵਿੱਚ ਕੋਈ ਰਸ ਨਹੀਂ ਹੁੰਦਾ। ਇਸਨੂੰ ਰਸਮਈ ਬਣਾਉਣ ਲਈ, ਸੋਸ਼ਲ ਮੀਡੀਆ ਉਨਾਂ ਦੀ ਆਖਰੀ ਠਾਹਰ ਹੈ। ਇਸ ਲਈ ਕਿਤੇ ਜਾਣ ਦੀ ਲੋੜ ਨਹੀਂ, ਨਾ ਹੀ ਤਿਆਰੀ ਦੀ। ਉਹ ਕੋਈ ਵੀ ਸਾਈਟ, ਕਿਸੇ ਵੀ ਸਮੇਂ ਖੋਲ੍ਹਕੇ ਦੇਖ ਸਕਦੇ ਹਨ। ਉਨਾਂ ਦਾ ਮਨੋਰਥ ਕੋਈ ਜਾਣਕਾਰੀ ਲੈਣਾ ਜਾਂ ਗਿਆਨ 'ਚ ਵਾਧਾ ਕਰਨਾ ਨਹੀਂ ਹੁੰਦਾ, ਬਲਕਿ ਵਿਹਲਾ ਸਮਾਂ ਪਾਸ ਕਰਨਾ ਹੁੰਦਾ ਹੈ। ਇਹ ਇਕ ਤਰ੍ਹਾਂ ਦਾ ਬੌਧਿਕ ਵਿਭਚਾਰ ਹੈ। ਉਹ ਕਿਸਾਨਾਂ 'ਤੇ ਹੁੰਦੇ ਪੁਲਿਸ ਲਾਠੀਚਾਰਜ ਨੂੰ ਇਉਂ ਦੇਖਦੇ ਹਨ, ਜਿਵੇਂ ਕਿਸੇ ਐਕਸ਼ਨ ਮੂਵੀ ਨੂੰ ਦੇਖ ਰਹੇ ਹੋਣ। ਕੁੱਝ ਦੇਰ ਬਾਅਦ ਉਹ ਇਸ ਨੂੰ ਭੁੱਲ ਜਾਂਦੇ ਹਨ, ਫਿਰ ਕੁੱਝ ਹੋਰ ਸਰਚ ਕਰਦੇ ਹਨ। ਆਲੇ ਦੁਆਲੇ ਇਸ ਤਰ੍ਹਾਂ ਦੇ ਬੰਦਿਆਂ ਦੀ ਭਰਮਾਰ ਹੈ, ਜੋ ਸ਼ੋਸਲ ਮੀਡੀਆ ਦੇ ਚੱਕਰਵਿਊ ਵਿੱਚ ਫਸੇ ਰਹਿੰਦੇ ਹਨ। ਇਸ ਤਿਲਕਣ ਤੋਂ ਬਚਣ ਲਈ, ਇਸ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ, ਕਿ ਬੰਦੇ ਦੀ ਜ਼ਿੰਦਗੀ ਬੜੀ ਸੀਮਤ ਹੈ (ਵੱਧ ਤੋਂ ਵੱਧ ਸੌ ਸਾਲ) ਅਤੇ ਸਭ ਕੁੱਝ ਨਹੀਂ ਜਾਣਿਆ ਜਾ ਸਕਦਾ। ਮਨ ਨੂੰ ਬੇਲੋੜੀ ਜਾਣਕਾਰੀ ਨਾਲ ਨਾ ਤੂੜੋ ਤਾਂ ਕਿ ਕੰਮ ਦੀ ਗੱਲ ਵਾਸਤੇ ਥਾਂ ਹੀ ਨਾ ਬਚੇ। ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਆਪਣੇ ਜੀਵਨ ਮਨੋਰਥ ਜਾਂ ਕੰਮ ਵਿਚ ਸਹਾਈ ਹੁੰਦੀ ਜਾਣਕਾਰੀ 'ਤੇ ਹੀ ਫੋਕਸ ਕੀਤਾ ਜਾਵੇ, ਸੋਸ਼ਲ ਮੀਡੀਆ ਦੇ ਨਾਂ ਪੱਖੀ ਪ੍ਰਭਾਵ ਆਪਣੇ ਆਪ ਬੇਅਸਰ ਹੋ ਜਾਣਗੇ।

**-ਅਵਤਾਰ ਗੋਂਦਾਰਾ**

***

ਇਹ ਲਿਖਣ ਵਿੱਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਵਿਗਿਆਨਕ ਚੇਤਨਾ ਦੇ ਖੇਤਰ ਵਿੱਚ 'ਤਰਕਸ਼ੀਲ' ਮੈਗਜ਼ੀਨ ਦੇ ਹਾਣ ਦਾ ਹੋਰ ਕੋਈ ਮੈਗਜ਼ੀਨ ਨਹੀਂ ਹੈ। ਪ੍ਰਸਿੱਧ ਚਿੰਤਕਾਂ ਦੇ ਵੱਖ-ਵੱਖ ਵਿਗਿਆਨਕ ਵਿਸ਼ਿਆਂ ਉੱਤੇ ਲੇਖ ਇਸ ਨੂੰ ਨਿਵੇਕਲੀ ਦਿੱਖ ਪ੍ਰਦਾਨ ਕਰਦੇ ਹਨ। ਸਮੁੱਚੀ ਸੰਪਾਦਕੀ ਟੀਮ ਦੇ ਨਾਲ ਨਾਲ ਇਸਨੂੰ ਪਾਠਕਾਂ ਤੱਕ ਪਹੁੰਚਾਉਣ ਵਾਲੇ ਤਰਕਸ਼ੀਲ ਕਾਮੇ ਵੀ ਮੁਬਾਰਕ ਦੇ ਹੱਕਦਾਰ ਹਨ। ਇਸੇ ਕੜੀ ਹੇਠ ਮਾਰਚ-ਅਪ੍ਰੈਲ ਦੇ ਅੰਕ ਵਿਚਲਾ ਸਮੁੱਚਾ ਮੈਟਰ ਵੀ ਮਿਆਰੀ ਅਤੇ ਪ੍ਰਸ਼ੰਸਾਯੋਗ ਹੋ ਨਿਬੜਿਆ। ਹੇਮ ਰਾਜ

ਸਟੈਨੋ ਨੇ ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ ਦੱਸਣ ਦੇ ਨਾਲ ਨਾਲ ਮੋਦੀ ਹਕੂਮਤ ਦੀਆਂ ਕੋਝੀਆਂ ਸਾਜਿਸ਼ਾਂ ਦਾ ਪਰਦਾਫਾਸ਼ ਵੀ ਕੀਤਾ ਹੈ। ਰਾਜਪਾਲ ਸਿੰਘ ਨੇ ਚੌਧਰੀ ਛੋਟੂ ਰਾਮ ਦੀ ਕਿਸਾਨ ਪੱਖੀ ਵਿਗਿਆਨਕ ਵਿਚਾਰਧਾਰਾ ਨੂੰ ਸਰਲ ਸ਼ੈਲੀ ਵਿੱਚ ਪੇਸ਼ ਕਰਕੇ ਵੱਡਮੁੱਲੀ ਜਾਣਕਾਰੀ ਦਿੱਤੀ ਹੈ। ਚੌਧਰੀ ਛੋਟੂ ਰਾਮ ਵੱਲੋਂ ਅੱਜ ਤੋਂ 90 ਸਾਲ ਪਹਿਲਾਂ ਕਿਸਾਨਾਂ ਨੂੰ ਤਰਕਸ਼ੀਲ ਨਜ਼ਰੀਏ ਤੋਂ ਜਾਗਰੂਕ ਕਰਕੇ ਸਾਮਰਾਜੀ ਹਕੂਮਤਾਂ ਖਿਲਾਫ ਆਪਣੇ ਹੱਕਾਂ ਲਈ ਲੜਨ ਦਾ ਹੋਕਾ ਦੇਣਾ ਅੱਜ ਵੀ ਉਨਾਂ ਹੀ ਸਾਰਥਿਕ ਹੈ ਪਰ ਵੱਡੀ ਗਿਣਤੀ ਕਿਸਾਨ-ਮਜ਼ਦੂਰ ਅਜੇ ਵੀ ਕਿਸੇ ਅਖੌਤੀ ਪਰਮਾਤਮਾ, ਆਤਮਾ, ਕਿਸਮਤ, ਪਾਠ-ਪੂਜਾ, ਅਗਲੇ ਪਿਛਲੇ ਜਨਮ ਦੇ ਅੰਧਵਿਸ਼ਵਾਸਾਂ ਵਿੱਚ ਫਸੇ ਹੋਏ ਹਨ ਜਿਸ ਲਈ ਅਗਾਂਹਵਧੂ ਕਿਸਾਨ ਜਥੇਬੰਦੀਆਂ ਵੱਲੋਂ ਉਨਾਂ ਦੀ ਲਗਾਤਾਰ ਸਕੂਲਿੰਗ ਕਰਨ ਦੀ ਲੋੜ ਹੈ। ਤਰਸੇਮ ਲਾਲ ਧੂਰੀ ਦਾ ਲੜੀਵਾਰ ਲੇਖ 'ਜੇਲ੍ਹਾਂ 'ਚ ਬੰਦ ਬੁੱਧੀਜੀਵੀ' ਪੜ੍ਹ ਕੇ ਮੋਦੀ ਸਰਕਾਰ ਦੇ ਹਿੰਦੂਤਵੀ ਫਾਸ਼ੀਵਾਦ ਵਿਰੁੱਧ ਡਟਵਾਂ ਸੰਘਰਸ਼ ਕਰਨ ਵਾਲੇ ਅਜਿਹੇ ਨਿਡਰ ਯੋਧਿਆਂ ਅੱਗੇ ਸਿਰ ਝੁਕਦਾ ਹੈ ਅਤੇ ਇਨ੍ਹਾਂ ਦੀ ਬਿਨ੍ਹਾ ਸ਼ਰਤ ਰਿਹਾਈ ਲਈ ਸਮੂਹ ਜਮਹੂਰੀ ਤਾਕਤਾਂ ਨੂੰ ਸਿਰਤੋੜ ਯਤਨ ਕਰਨੇ ਚਾਹੀਦੇ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਡਾ. ਬਲਵੰਤ ਸਿੰਘ ਨੇ ਦਿਮਾਗੀ ਦੌਰਿਆਂ ਅਤੇ ਮਾਨਸਿਕ ਤਣਾਅ ਸੰਬੰਧੀ ਵੱਡਮੁੱਲੀ ਜਾਣਕਾਰੀ ਦਿੱਤੀ ਹੈ। ਅਜਿਹੇ ਲੇਖ ਮੈਗਜ਼ੀਨ ਦੇ ਪਾਠਕਾਂ ਦਾ ਘੇਰਾ ਹੋਰ ਵਿਸ਼ਾਲ ਕਰਨ ਲਈ ਬੇਹੱਦ ਜਰੂਰੀ ਹਨ। ਡਾ. ਅੰਬੇਡਕਰ ਦੇ ਪ੍ਰਮਾਤਮਾ, ਧਰਮ ਅਤੇ ਕਿਸਮਤ ਵਿਰੋਧੀ ਤਰਕਸ਼ੀਲ ਵਿਚਾਰ ਉਸਦੇ ਮਹਾਨ ਚਿੰਤਕ ਹੋਣ ਦਾ ਸਬੂਤ ਹਨ ਪਰ ਅਫਸੋਸ ਹੈ ਕਿ ਉਸਨੂੰ ਅੱਜ ਤਕ ਸਿਰਫ ਇਕ ਦਲਿਤ ਆਗੂ ਦੇ ਤੌਰ 'ਤੇ ਹੀ ਉਭਾਰਿਆ ਗਿਆ ਹੈ ਅਤੇ ਖ਼ੁਦ ਦਲਿਤ ਅਤੇ ਪਿਛੜੇ ਵਰਗਾਂ ਦੇ ਲੋਕ ਵੀ ਅੰਬੇਡਕਰ ਦੇ ਵਿਗਿਆਨਕ ਵਿਚਾਰਾਂ ਉੱਤੇ ਅਮਲ ਨਾ ਕਰਕੇ ਬ੍ਰਾਹਮਣਵਾਦੀ ਰਵਾਇਤਾਂ ਦੇ ਧਾਰਨੀ ਬਣੇ ਹੋਏ ਹਨ। ਜਸਵੰਤ ਜੀਰਖ ਨੇ ਆਪਣੇ ਲੇਖ ਵਿੱਚ ਅਰਦਾਸ, ਪਾਠ-ਪੂਜਾ ਅਤੇ ਕਿਸੇ ਅਖੌਤੀ ਪਰਮਾਤਮਾ ਉੱਤੇ ਟੇਕ ਰੱਖਣ ਦੀ ਬਜਾਇ ਵਿਗਿਆਨਕ ਸੋਚ ਅਤੇ ਸੰਘਰਸ਼ ਦੇ ਰਸਤੇ ਚਲਣ ਲਈ ਕਿਹਾ। ਅਵਤਾਰ ਗੋਂਦਾਰਾ ਨੇ ਆਪਣੇ ਲੇਖ 'ਸੰਘਰਸ਼' ਵਿੱਚ ਦਿਲਚਸਪ ਉਦਾਹਰਨਾਂ ਦੇ ਕੇ ਵਿਗਿਆਨਕ ਚੇਤਨਾ ਅਤੇ ਜਥੇਬੰਦਕ ਸੰਘਰਸ਼ ਨੂੰ ਅਪਨਾਉਣ ਦੀ ਬਿਲਕੁਲ ਸਹੀ ਨਸੀਹਤ ਦਿੱਤੀ ਹੈ। ਬੇਹੱਦ ਖ਼ੁਸ਼ੀ ਹੈ ਕਿ ਗੋਂਦਾਰਾ ਜੀ ਵਿਦੇਸ਼ ਵਿੱਚ ਰਹਿ ਕੇ ਵੀ ਤਰਕਸ਼ੀਲ ਲਹਿਰ ਪ੍ਰਤੀ ਆਪਣੀ ਬਣਦੀ ਜਿੰਮੇਵਾਰੀ ਨਿਭਾਅ ਰਹੇ ਹਨ। ਹਰਿੰਦਰ ਲਾਲੀ ਨੇ 'ਹਨੂੰਮਾਨ ਚਾਲੀਸਾ ਯੰਤਰ' ਵਿੱਚ ਪਾਖੰਡੀਆਂ ਵੱਲੋਂ ਕੀਤੀ ਜਾਂਦੀ ਲੁੱਟ ਅਤੇ ਇਨਾਂ ਖਿਲਾਫ ਕੇਬਲ ਟੀ ਵੀ ਨੈਟਵਰਕ ਰੈਗੂਲੇਸ਼ਨ ਐਕਟ ਤਹਿਤ ਕਾਰਵਾਈ ਕਰਨ ਬਾਰੇ ਵਧੀਆ ਜਾਣਕਾਰੀ ਦਿੱਤੀ ਹੈ ਪਰ ਅਫਸੋਸ ਹੈ ਕਿ ਤਰਕਸ਼ੀਲ ਸੁਸਾਇਟੀ ਪੰਜਾਬ, ਸੂਬੇ ਵਿੱਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕਰਵਾਉਣ ਵਿੱਚ ਸਫਲ ਨਹੀਂ ਹੋ ਸਕੀ। ਬਲਬੀਰ ਲੌਂਗੋਵਾਲ ਨੇ ਸੰਪਾਦਕੀ ਵਿੱਚ ਮੋਦੀ ਹਕੂਮਤ ਦੇ ਕਿਸਾਨ ਵਿਰੋਧੀ ਅਤੇ ਜਮਹੂਰੀਅਤ ਵਿਰੋਧੀ ਫੈਸਲਿਆਂ ਦਾ ਵਿਰੋਧ ਕਰਨ ਦੇ ਇਲਾਵਾ ਅਰੁੰਧਤੀ ਰਾਏ ਦੀ ਕਿਤਾਬ 'ਆਜ਼ਾਦੀ' ਵਿਚਲੇ ਸੰਘ ਦੇ ਦੇਸ਼ ਵਿਰੋਧੀ ਅਖੌਤੀ ਹਿੰਦੂ ਰਾਸ਼ਟਰਵਾਦ ਬਾਰੇ ਬਹੁਤ ਸਹੀ ਜਾਣਕਾਰੀ ਦਿੱਤੀ ਹੈ। ਜੇ ਸੰਭਵ ਹੋਵੇ ਤਾਂ ਉਪਰੋਕਤ ਲੇਖਿਕਾ ਦੀਆਂ ਹੋਰ ਪ੍ਰਸਿੱਧ ਕਿਤਾਬਾਂ ਵਿਚੋਂ ਚੋਣਵੇਂ ਲੇਖ ਪਾਠਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦਾ ਫਿਰਕੂ ਫਸਾਦ ਬਾਰੇ ਲੇਖ, ਮੋਦੀ ਸਰਕਾਰ ਦੇ ਭਗਵੇਂ ਕਦਮ, ਬੁਢਾਪਾ ਇਕ ਬਿਮਾਰੀ , ਧੰਨ ਧਨਿਸ਼ਠਾ, ਬਾਲ ਪੰਨਾ, ਪੱਥਰ-ਯੁੱਗ ਦੀ ਸੋਚ ਆਦਿ ਵੀ ਪਾਠਕਾਂ ਨੂੰ ਵਧੀਆ ਸਮਝ ਅਤੇ ਸੇਧ ਦੇਣ ਵਾਲੇ ਹਨ। ਜੇਕਰ ਪਹਿਲਾਂ ਵਾਂਗ ਵਿਦਿਆਰਥੀਆਂ ਲਈ ਸਵਾਲ ਜਵਾਬ ਅਤੇ ਤਰਕਸ਼ੀਲ ਸਾਹਿਤ ਦੇ ਇਨਾਮ ਵਾਲਾ ਕਾਲਮ ਸ਼ੁਰੂ ਕਰ ਸਕੋ ਤਾਂ ਦਿਲਚਸਪੀ ਹੋਰ ਵਧੇਗੀ।

**ਸੁਮੀਤ ਸਿੰਘ, ਅੰਮ੍ਰਿਤਸਰ**

***

ਮਾਰਚ ਅਪ੍ਰੈਲ ਅੰਕ ਪੜ੍ਹਿਆ। ਸੰਪਾਦਕੀ ਵਿੱਚ ਜਮਹੂਰੀ ਹੱਕਾਂ ਖਾਤਰ ਜੇਲ੍ਹਾਂ ਵਿਚ ਖੁਆਰ ਹੋ ਰਹੇ ਕਾਰਕੁੰਨਾਂ ਦੇ ਹੱਕ ਵਿੱਚ ਅਵਾਜ਼ ਉਠਾਈ ਹੈ। ਸੰਪਾਦਕੀ ਕਲਮ ਨੂੰ ਸਲਾਮ। ਕਿਸਾਨ ਆਗੂ ਛੋਟੂ ਰਾਮ ਨੇ ਇਤਿਹਾਸ ਵਿੱਚ ਕਿਸਾਨਾਂ ਨੂੰ ਤਾਕੀਦ ਕੀਤੀ ਸੀ ਕਿ ਧਰਮ ਦੇ ਨਾਮ 'ਤੇ ਨਫਰਤ ਫੈਲਾਉਣ ਵਾਲਿਆਂ ਤੋਂ ਬਚ ਕੇ ਰਹੋ। ਉਹੀ ਮਹੌਲ ਅੱਜ ਵੀ ਕਿਸਾਨਾਂ ਅੱਗੇ ਵੰਗਾਰ ਬਣਿਆਂ ਹੋਇਆ ਹੈ। 'ਫਿਰਕੂ ਫਸਾਦ ਤੇ ਉਨ੍ਹਾਂ ਦਾ ਇਲਾਜ' ਲੇਖ ਵਿੱਚ ਤਕਰੀਬਨ ਇੱਕ ਸਦੀ ਪਹਿਲਾਂ ਸ਼ਹੀਦ ਭਗਤ ਸਿੰਘ ਲਿਖ ਗਿਆ ਕਿ ਅਖਬਾਰ ਆਪਸੀ ਸਾਂਝ ਵਧਾਉਣ ਦਾ ਕੰਮ ਕਰਨ ਦੀ ਥਾਂ ਫਿਰਕੂ ਨਫਰਤ ਫੈਲਾਉਣ ਦਾ ਕੰਮ ਕਰਦੇ ਪਏ ਹਨ। ਅੱਜ ਟੀਵੀ ਚੈਨਲ ਪੂਰੀ ਬੇਸ਼ਰਮੀ ਨਾਲ ਜ਼ਹਿਰ ਉਗਲਦੇ ਪਏ ਹਨ। ਹਾਕਮਾਂ ਨੇ ਜਨਤਾ ਦੇ ਹੱਥ ਧਰਮ ਦਾ ਲੌਲੀਪੌਪ ਫੜਾ ਦਿੱਤਾ ਹੈ ਤੇ ਆਪ ਦੇਸ਼ ਦਾ ਹਰ ਅਦਾਰਾ ਵੇਚਣ 'ਤੇ ਲਾ ਦਿੱਤਾ ਹੈ। ਬਾਲ ਪੰਨੇ ਵਿੱਚ ਭੁਚਾਲ ਬਾਰੇ ਬੂਟਾ ਸਿੰਘ ਵਾਕਫ ਦਾ ਲੇਖ ਵੱਡਿਆਂ ਦੇ ਵੀ ਕੰਮ ਦਾ ਹੈ। 'ਹਨੂੰਮਾਨ ਚਾਲੀਸਾ ਯੰਤਰ' ਲੇਖ ਵਿੱਚ ਲੇਖਕ ਨੇ ਪੰਜਾਬ ਦੇ ਅੰਧਵਿਸ਼ਵਾਸ਼ ਰੋਕੂ ਕਨੂੰਨ ਦੇ ਖਰੜੇ ਦਾ ਖਿਲਾਰਾ ਪਾ ਲਿਆ। ਅਦਾਲਤ ਦੇ ਫੈਸਲੇ ਵਿੱਚ ਵੀ ਸਿਰਫ ਹਦਾਇਤਾਂ ਹੀ ਹਨ, ਕਿਸੇ ਨੂੰ ਸਜ਼ਾ ਜਾਂ ਜੁਰਮਾਨਾ ਨਹੀਂ ਹੋਇਆ।

ਆਖਰੀ ਪੰਨੇ ਵਿੱਚ ਜਸਵੰਤ ਮੁਹਾਲੀ ਨੇ ਵਿਗਿਆਨਕ ਸੰਸਥਾਵਾਂ ਤੋਂ ਤਨਖਾਹਾਂ ਲੈਂਦੇ ਵਹਿਮੀ ਅਧਿਕਾਰੀਆਂ ਨੂੰ ਸ਼ੀਸ਼ਾ ਵਿਖਾਇਆ ਹੈ। ਸੰਪਾਦਕੀ ਟੀਮ ਨੂੰ ਸਲਾਮ।

**-ਜਸਕਰਨ ਸਿੰਘ ਖੋਖਰ**

***

ਮਾਰਚ ਅਪ੍ਰੈਲ 2021 ਅੰਕ ਦਾ ਭਾਅ ਮਾਰਦਾ ਲਾਲ ਸੂਹਾ ਮੁਖੜਾ ਸੋਹਣਾ ਫਬਦਾ ਸੀ। ਹਰ ਜਣੇ-ਖਣੇ ਨੂੰ ਆਪਣੇ ਵੱਲ ਖਿੱਚਦਾ ਸੀ। ਸਰ ਛੋਟੂ ਰਾਮ ਬਾਰੇ ਵਧੀਆ ਲੱਗਿਆ। ਇਸ ਅੰਕ ਦੀ ਹਰ ਲਿਖਤ ਦਾ ਮੁੱਲ ਹੀ ਕੋਈ ਨਹੀਂ। ਸਤਿਕਾਰਯੋਗ ਅਮੋਲਕ ਜੀ ਦੀ ਰਚਨਾ ਦੀ ਆਖ਼ਰੀ ਲਾਈਨ ਦਾ ਪਹਿਲਾ ਸ਼ਬਦ 'ਆਜੋ' ਜੇ ਕਰ ਰੋਕੀਏ ਤੋਂ ਪਹਿਲਾਂ ਹੁੰਦਾ ਤਾਂ ਵੱਧ ਢੁੱਕਣਾ ਸੀ। ਇਸ ਅੰਕ ਵਿੱਚ ਕੋਈ ਘਾਟ ਰਹਿਣ ਹੀ ਨਹੀਂ ਦਿੱਤੀ ਸੰਪਾਦਕੀ ਬੋਰਡ ਨੇ। ਸੰਪਾਦਕੀ ਬੋਰਡ ਲਈ ਸ਼ਾਬਾਸ਼!

**ਅਜੀਤ ਪ੍ਰਦੇਸੀ**

***

'ਤਰਕਸ਼ੀਲ' ਮੈਗਜ਼ੀਨ ਮਾਰਚ 2021 ਦਾ ਅੰਕ ਪੜ੍ਹਿਆ। ਸਾਰੇ ਲੇਖ ਵਧੀਆ ਸਨ। ਇਸ ਅੰਕ ਵਿੱਚ 'ਬਾਲ ਪੰਨਾ-2', 'ਬਚਪਨ ਦਾ ਆਈਨਸਟਾਈਨ' ਲੇਖ ਵਿੱਚ ਲੇਖਕ ਨੇ ਇੱਕ ਪੈਰ੍ਹੇ ਵਿੱਚ ਲਿਖਿਆ, 'ਵੀਹਵੀ ਸਦੀ ਦੇ ਆਰੰਭ ਵਿੱਚ ਖੋਜੀ ਮੰਨਦੇ ਸਨ ਕਿ ਮਾਦਾ ਨਾ ਤਾਂ ਪੈਦਾ ਕੀਤਾ ਜਾ ਸਕਦਾ ਹੈ, ਨਾ ਹੀ ਇਸ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਅਲਬਰਟ ਆਈਨਸਟਾਈ ਨੇ ਇੱਕ ਸਮੀਕਰਨ ਤੇ ਸਾਪੇਖਤਾ ਦੇ ਸਿਧਾਂਤ ਦੀ ਖੋਜ ਕਰਕੇ ਵਿਗਿਆਨਕ ਸੋਚ ਨੂੰ ਨਵਾਂ ਰਾਹ ਵਿਖਾ ਦਿੱਤਾ ਸੀ।" ਇਸ ਵਿੱਚ ਲੇਖਕ ਨੇ ਸਪੱਸ਼ਟ ਨਹੀਂ ਕੀਤਾ ਕਿ ਜੋ ਖੋਜੀ ਅਜੇ ਵੀ ਮੰਨਦੇ ਹਨ ਕਿ ਮਾਦਾ ਨਾ ਤਾਂ ਪੈਦਾ ਕੀਤਾ ਜਾ ਸਕਦਾ ਹੈ ਤੇ ਨਾ ਹੀ ਨਸ਼ਟ ਕੀ ਇਹ ਗਲਤ ਹੈ? ਅਤੇ ਨਵਾਂ ਰਾਹ ਕੀ ਵਿਖਾਇਆ ਸੀ?

**ਹਰਪਾਲ ਪਟਿਆਲਾ**

> "ਇਹ ਜਰੂਰੀ ਹੈ ਕਿ ਵਿਗਿਆਨ ਦਾ ਹਰੇਕ ਵਿਦਿਆਰਥੀ ਜੀਵਨ ਮੁੱਲਾਂ ਦੀ ਸਮਝਦਾਰੀ ਅਤੇ ਉਨ੍ਹਾਂ ਲਈ ਜਿਊਂਦੀ ਜਾਗਦੀ ਭਾਵਨਾ ਹਾਸਲ ਕਰੇ। ਉਸ ਨੂੰ ਚਾਹੀਦਾ ਹੈ ਕਿ ਉਹ ਸੁਹਜ ਅਤੇ ਨੈਤਿਕਤਾ ਦੀ ਬਹੁਤ ਚੰਗੀ ਅਤੇ ਸੰਜੀਦਾ ਸਮਝਦਾਰੀ ਹਾਸਲ ਕਰੇ। ਨਹੀਂ ਤਾਂ, ਆਪਣੇ ਵਿਸ਼ੇਸ਼ ਗਿਆਨ ਦੇ ਕਾਰਨ ਉਹ ਇੱਕ ਚੰਗੀ ਤਰ੍ਹਾਂ ਸਿਖਲਾਈ ਪਾਲਤੂ ਕੁੱਤੇ ਦੀ ਤਰ੍ਹਾਂ ਹੈ ਅਤੇ ਉਸ ਦੀ ਸਖਸ਼ੀਅਤ ਸਚਾਰੂ ਰੂਪ ਵਿੱਚ ਵਿਕਸਤ ਨਹੀਂ ਹੋ ਸਕਦੀ।"
>
> **ਅਲਬਰਟ ਆਈਨਸਟਾਈਨ**

***ਪੰਨਾ 22 ਦਾ ਬਾਕੀ...***

ਵਿਚਕਾਰ ਇੱਕ ਖੱਪਾ ਬਣਿਆ ਰਹਿੰਦਾ ਹੈ, ਪਰ ਤਾਂ ਵੀ ਉਹ ਕਾਮਿਆਂ ਵੱਲੋਂ ਲਗਾਏ ਗਏ ਇਲਜ਼ਾਮਾਂ ਵੱਲ ਧਿਆਨ ਦੇਣਗੇ।

ਇਨ੍ਹਾਂ ਅਖੌਤੀ ਬ੍ਰਾਂਡਡ ਕੱਪੜਿਆਂ ਤੋਂ ਜਿੱਥੇ ਕੰਪਨੀਆਂ ਅੰਨ੍ਹਾ ਮੁਨਾਫ਼ਾ ਕਮਾਉਂਦੀਆਂ ਹਨ, ਉੱਥੇ ਕਾਮਿਆਂ ਦੇ ਪੱਲੇ ਕੁੱਝ ਵੀ ਨਹੀਂ ਪੈਂਦਾ। ਇਨ੍ਹਾਂ ਫੈਕਟਰੀਆਂ ਵਿੱਚ ਕੰਮ ਕਰਨ ਵਾਲ਼ੀਆਂ ਔਰਤ ਕਾਮਿਆਂ ਦੀ ਦਿਹਾੜੀ 220 ਕੁ ਰੁਪਏ ਬਣਦੀ ਹੈ ਜਦ ਕਿ ਇਨ੍ਹਾਂ ਦੁਆਰਾ ਬਣਾਏ ਕੱਪੜੇ ਬਾਜ਼ਾਰ ਵਿੱਚ ਸੈਂਕੜੇ ਪੌਂਡਾਂ 'ਤੇ ਵਿਕਦੇ ਹਨ। 'ਐਕਸ਼ਨ ਏਡ ਇੰਡੀਆ' ਦੀ ਰਿਪੋਰਟ ਮੁਤਾਬਕ ਸਰਵੇਖਣ ਅਧੀਨ ਆਏ ਚਾਲੀ ਫੀਸਦੀ ਤੋਂ ਵੱਧ ਮਜ਼ਦੂਰਾਂ ਨੇ ਦੱਸਿਆ ਕਿ ਉਹ ਔਸਤ ਮਹੀਨਾਵਾਰ 2,000 ਤੋਂ 5,000 ਰੁਪਏ ਕਮਾਉਂਦੇ ਹਨ। ਰਾਲਫ ਲਾਰੇਨ ਨੂੰ ਸਪਲਾਈ ਕਰਨ ਵਾਲੀ ਫੈਕਟਰੀ ਵਿੱਚ ਕੰਮ ਕਰਦੀ ਇਕ ਔਰਤ ਅਨੁਸਾਰ, "ਉਸ ਦੇ ਪੂਰੇ ਪਰਿਵਾਰ ਦੀ ਮਹੀਨੇ ਦੀ ਤਨਖਾਹ ਕੱਟ-ਕਟਾ ਕੇ ਕਰੀਬ ਛੇ ਹਜ਼ਾਰ ਰੁਪਏ ਬਣਦੀ ਹੈ।" 5,000-6,000 ਰੁਪਏ ਦੀ ਕਮਾਈ ਨਾਲ਼ ਅੰਨ੍ਹੀ ਮਹਿੰਗਾਈ ਦੇ ਸਮੇਂ 'ਚ ਉਹ ਆਪਣਾ ਤੇ ਆਪਣੇ ਬੱਚਿਆਂ ਦਾ ਗੁਜ਼ਾਰਾ ਕਿਵੇਂ ਕਰਦੇ ਹੋਣਗੇ। ਇਸਦੀ ਕਲਪਨਾ ਕਰਨਾ ਵੀ ਸ਼ਾਇਦ ਸਾਡੇ ਵੱਸ ਦੀ ਗੱਲ ਨਹੀਂ।

ਕਾਮਿਆਂ ਦੁਆਰਾ ਆਪਣੀ ਜ਼ੁਬਾਨੀ ਦੱਸਿਆ ਹਾਲ ਅਤੇ ਕੰਪਨੀਆਂ ਅਤੇ ਸਪਲਾਈ ਫੈਕਟਰੀਆਂ ਦੁਆਰਾ ਕੀਤੀ ਜਾਂਦੀ ਲੁੱਟ ਦੀ ਕਹਾਣੀ ਸਾਡੇ ਸਾਹਮਣੇ ਦੁਨੀਆਂ ਦੀ ਹੋਈ ਕਾਣੀ ਵੰਡ ਦੀ ਤਸਵੀਰ ਸਾਫ਼ ਕਰਦੀ ਹੈ ਕਿ ਕਿਵੇਂ ਇੱਕ ਪਾਸੇ ਕੁੱਝ ਲੋਕਾਂ ਲਈ (ਅਸਲ 'ਚ ਜੋਕਾਂ) ਇੱਥੇ ਅੱਯਾਸ਼ੀ ਦੇ ਵਿਸ਼ਾਲ ਤੇ ਉੱਚੇ ਟਾਪੂ ਉੱਸਰੇ ਹੋਏ ਹਨ ਜਿਨ੍ਹਾਂ ਦੁਆਰਾ ਵਰਤੀ ਜਾਂਦੀ ਹਰ ਛੋਟੀ ਤੋਂ ਛੋਟੀ ਚੀਜ਼ ਦੀ ਕੀਮਤ ਲੱਖਾਂ ਕਰੋੜਾਂ ਵਿਚ ਹੈ ਅਤੇ ਕਿਵੇਂ ਦੂਜੇ ਪਾਸੇ ਦੁਨੀਆਂ ਦੀ ਇੱਕ ਵਿਸ਼ਾਲ ਆਬਾਦੀ ਦੁਨੀਆਂ ਦੇ ਛੋਟੇ ਤੇ ਗੰਦੇ ਹਿੱਸੇ ਵਿੱਚ ਰਹਿਣ ਲਈ ਮਜ਼ਬੂਰ ਕਰ ਦਿੱਤੀ ਗਈ ਹੈ ਤੇ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਵੀ ਜਿਨ੍ਹਾਂ ਦੇ ਬੱਚੇ ਮਾਮੂਲੀ ਦਵਾਈਆਂ ਦੀ ਥੁੜ ਜਾਂ ਮਹਿੰਗੇ ਇਲਾਜ ਤੱਕ ਪਹੁੰਚ ਨਾ ਹੋਣ ਕਾਰਨ ਮੌਤ ਦੇ ਮੂੰਹ ਵੱਲ ਧੱਕ ਦਿੱਤੇ ਜਾਂਦੇ ਹਨ।

ਕੀ ਰੋਜ਼ ਸਮਾਜ ਵਿੱਚ ਵਿਚਰਦਿਆਂ ਆਲ਼ੇ-ਦੁਆਲੇ ਵੱਲ ਨਜ਼ਰ ਮਾਰਦਿਆਂ, ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦਿਆਂ ਤੇ ਸਰਕਾਰਾਂ ਦੀਆਂ ਨੀਤੀਆਂ ਦੇ ਅਸਰ ਨੂੰ ਕਬੂਲ ਕਰਦਿਆਂ ਤੁਹਾਨੂੰ ਇਸ ਕਾਣੀ ਵੰਡ ਦਾ ਅਹਿਸਾਸ ਨਹੀਂ ਹੁੰਦਾ? ਤੇ ਜੇ ਹੁੰਦਾ ਹੈ ਤਾਂ ਕਿ ਇਸ ਕਾਣੀ ਵੰਡ ਵਾਲੀ ਦੁਨੀਆਂ ਦੀ ਥਾਂ ਇੱਕ ਆਰਥਿਕ ਤੇ ਸਮਾਜਿਕ ਬਰਾਬਰੀ ਵਾਲੀ ਦੁਨੀਆਂ ਨੂੰ ਨਹੀਂ ਲੈ ਲੈਣੀ ਚਾਹੀਦੀ?

62838 73197

## ਆਰਥਿਕ ਸਹਾਇਤਾ

**ਸੁਸਾਇਟੀ ਸਹਾਇਤਾ**

ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬ੍ਰਿਟੇਨ ਦੇ ਟਰੱਸਟੀ ਅਤੇ ਸਾਬਕਾ ਜਨਰਲ ਸਕੱਤਰ ਸੱਚਦੇਵ ਵਿਰਦੀ ਅਤੇ ਉਹਨਾਂ ਦੀ ਪਤਨੀ ਮੀਤੋ ਵਿਰਦੀ ਵੱਲੋਂ (ਪੋਤਰੇ ਦੇ ਜਨਮ 'ਤੇ) 10000

**ਨਵੀਂ ਲਾਈਫ ਮੈਂਬਰਸ਼ਿਪ ਅਤੇ ਰੀਨਿਊ**

1. ਪ੍ਰਿੰਸੀਪਲ ਸੁਰਿੰਦਰ ਸਿੰਘ, ਗਲੀ ਨੰ. 1 ਬੀਬੀ ਵਾਲਾ ਰੋਡ, ਬਠਿੰਡਾ 1500
2. ਜਸਵੰਤ ਸਿੰਘ ਪੁੱਤਰ ਕਾਲਾ ਸਿੰਘ ਪਿੰਡ ਭੁੰਬਾ, ਸੋਖਲ ਮੈਡੀਕਲ ਹਾਲ 1000
3. ਕਮਲਦੀਪ ਸਿੰਘ, 753, ਨਿਊ ਹਾਊਸ ਨੰਬਰ 65, ਮਨਜੀਤ ਇੰਦਰਪੁਰਾ, ਫਰੀਦਕੋਟ 1500

**ਇਕਾਈ ਬਠਿੰਡਾ**

ਰਾਜ ਕੁਮਾਰ ਬਾਂਸਲ (ਗਿਆਨੀ) 1000

**ਇਕਾਈ ਰਾਮਪੁਰਾ**

ਮਾ. ਰੂਪ ਸਿੰਘ ਜੀ ਦੇ ਬੇਟੇ ਅਰਸ਼ਦੀਪ ਵੱਲੋਂ ਉਹਨਾਂ ਦੇ ਸਨਮਾਨ ਸਮਾਗਮ ਸਮੇਂ 1100

**ਇਕਾਈ ਲੁਧਿਆਣਾ**

ਮਾ. ਸੁਰਜੀਤ ਸਿੰਘ ਦੁੱਗਰੀ ਵੱਲੋਂ ਸ਼ਹੀਦ ਬਖਸ਼ੀਸ਼ ਸਿੰਘ ਦੀ ਬਰਸੀ 'ਤੇ 500

**ਮੈਗਜ਼ੀਨ ਸਹਾਇਤਾ**

ਮਾ. ਰੂਪ ਸਿੰਘ ਰਾਮਪੁਰਾ ਜੀ ਦੇ ਬੇਟੇ ਅਰਸ਼ਦੀਪ ਵੱਲੋਂ ਉਨ੍ਹਾਂ ਦੇ ਸਨਮਾਨ ਸਮਾਗਮ ਸਮੇਂ 1100

---



ਹੱਕ ਜਦੋਂ ਮੈਂ ਜੀਣ ਦਾ ਮੰਗਾ,
ਪੱਥਰ ਮਾਰੇ ਜਾਂਦੇ ਨੇ।
ਮਰ ਜਾਵਾਂ ਤਾਂ ਮੇਰੇ ਉੱਤੇ,
ਫੁੱਲ ਖਿਲਾਰੇ ਜਾਂਦੇ ਨੇ।
ਕੋਈ ਨਾ ਜਾਵੇ, ਮੈਂ ਤਾਂ ਜਾਣਾ,
ਪੁੱਛਣ ਸ਼ਹਿਰ ਦੇ ਹਾਕਮ ਤੋਂ,
ਤੇਰੇ ਸਿਰ ਦੇ ਉੱਤੋਂ,
ਸਾਡੇ ਸਿਰ ਕਿਉਂ ਵਾਰੇ ਜਾਂਦੇ ਨੇ।

**ਬਾਬਾ ਨਜ਼ਮੀ**

---

ਕੌਣ ਹਨ ਉਹ ਲੋਕ ਜੋ ਨਵੀਆਂ ਹੀ ਪਿਰਤਾਂ ਪਾਉਂਦੇ ਨੇ
ਮੋਢਿਆਂ 'ਤੇ ਧਰ ਸਲੀਬਾਂ ਮਕਤਲ ਵੱਲ ਜਾ ਰਹੇ ਨੇ
ਦੇਸ਼ ਮੇਰਾ ਵੇਖ ਲੈ ਕਿੰਨਾ ਤਰੱਕੀ ਕਰ ਗਿਆ ਏ
ਲੋਕ ਬੂਟਾਂ ਦੀ ਜਗ੍ਹਾਂ ਚੱਪਲਾਂ ਵਿੱਚ ਤਸਮੇ ਪਾ ਰਹੇ ਨੇ

**ਅਜੈ ਤਨਵੀਰ**

*ਪੰਨਾ 36 ਦਾ ਬਾਕੀ...*

ਅੱਜ ਕੱਲ੍ਹ ਇਹਨਾਂ ਬੱਚਿਆ ਲਈ ਪੰਜਾਬ ਅਤੇ ਦੇਸ ਦੇ ਹੋਰ ਸੂਬਿਆਂ ਵਿੱਚ ਵਿਸ਼ੇਸ ਸਿੱਖਿਆ ਦੇ ਪ੍ਰਬੰਧ ਹਨ। ਸਿੱਖਿਆ ਦੇ ਅਧਿਕਾਰ ਐਕਟ ਤਹਿਤ ਹਰ ਸਕੂਲ ਵਿੱਚ ਇਹਨਾਂ ਲਈ ਵਿਸ਼ੇਸ ਪ੍ਰਬੰਧ ਕੀਤੇ ਜਾ ਰਹੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਹਾਲੇ ਵੀ ਵਿਸ਼ੇਸ ਅਧਿਆਪਕਾਂ ਦੀ ਬਹੁਤ ਵੱਡੀ ਘਾਟ ਹੈ। ਪੰਜਾਬ ਸਰਕਾਰ ਵੱਲੋਂ ਹਰੇਕ ਸਿੱਖਿਆ ਬਲਾਕ ਵਿਚ ਇਕ ਇਕ ਵਿਸ਼ੇਸ ਅਧਿਆਪਕ ਦਾ ਪ੍ਰਬੰਧ ਕੀਤਾ ਗਿਆ ਹੈ। ਇਕ ਗੱਲ ਹੋਰ ਇਹੋ ਜਿਹੇ ਵਿਅਕਤੀਆਂ ਦਾ ਵਿਆਹ ਮਾਹਿਰਾਂ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ ਕਿਉਂਕਿ ਇਹਨਾਂ ਤੋਂ ਪੈਦਾ ਹੋਣ ਵਾਲ਼ੀ ਸੰਤਾਨ ਵਿੱਚ ਮਾਨਸਿਕ ਮੰਦਤਾ ਹੋਣ ਦੀ ਪੂਰੀ ਪੂਰੀ ਸੰਭਾਵਨਾ ਹੁੰਦੀ ਹੈ ਜੋ ਕਿ ਅੱਗੇ ਚੱਲ ਕੇ ਹੋਰ ਗੰਭੀਰ ਸਮੱਸਿਆਵਾਂ ਨੂੰ ਪੈਦਾ ਕਰਦੀ ਹੈ। ਸੋ ਅਸੀ ਇਸ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝੀਏ ਅਤੇ ਉਸ ਨਾਲ ਵਧੀਆ ਤਰੀਕੇ ਨਾਲ ਨਿੱਜੀਠੀਏ।

**ਸਪੈਸ਼ਲ ਐਜੂਕੇਟਰ (ਮਾਨਸਿਕ ਮੰਦਤਾ), 97819 25566**

---

### ਅੰਤਰ ਝਾਤ



ਮੈਂ ਆਪਣੇ ਇਰਾਦੇ ਨੂੰ ਲਗਾਤਾਰਤਾ ਤੇ ਦ੍ਰਿੜ੍ਹਤਾ ਨਾਲ ਪੂਰਾ ਕੀਤਾ ਹੈ। ਇਹ ਗੱਲ ਨਹੀਂ ਕਿ ਇੱਕ ਗੱਲ ਕਹਿ ਕੇ, ਉਹਦੇ ਤੋਂ ਪਿੱਛੇ ਹਟ ਗਿਆ ਹੋਵਾਂ। ਠੀਕ ਹੈ, ਪੰਜਾਬੀਆਂ ਦੀਆਂ ਸੰਸਾਰ ਪੱਧਰ 'ਤੇ ਬਹੁਤ ਪ੍ਰਾਪਤੀਆਂ ਹਨ ਪਰ 'ਵਿਹੜਿਆਂ' ਵਿੱਚ ਬਰਾਬਰਤਾ ਲਿਆਉਣ 'ਚ ਇਹ ਸਿਫ਼ਰ ਹਨ, ਬਹੁਤ ਵੱਡੀ ਸਿਫ਼ਰ। ਇਸ ਸੰਬੰਧੀ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਸਾਡਾ ਬੁੱਧੀਜੀਵੀ ਤਬਕਾ ਵੀ, ਜਿਨ੍ਹਾਂ ਪੰਜਾਬੀਆਂ ਦੀ ਗੱਲ ਕਰਦਾ ਹੈ ਜਾਂ ਪੰਜਾਬੀਆਂ ਦੀ ਜਿਹੜੀ ਪਰਿਭਾਸ਼ਾ ਦੇਂਦਾ ਹੈ, ਉਹ ਉਤਲੇ ਤਬਕੇ, ਜਾਣੀ ਖਾਂਦੇ-ਪੀਂਦਿਆਂ ਦੀ ਗੱਲ ਹੈ। ਇਹ ਗੱਲਾਂ ਵੀ ਨੰਗੀਆਂ ਕਰਨੀਆਂ ਪੈਣਗੀਆਂ।

**ਗੁਰਸ਼ਰਨ ਸਿੰਘ**

### ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਬਠਿੰਡਾ ਇਕਾਈ ਦੇ ਸੀਨੀਅਰ ਮੈਂਬਰ ਮਾ. ਦਰਸ਼ਨ ਸਿੰਘ, ਜੋਨ ਆਗੂ ਪ੍ਰਿੰਸੀਪਲ ਗੁਰਮੀਤ ਖਰੜ ਦੇ ਭਰਾ ਬਹਾਦਰ ਸਿੰਘ ਜੀ ਦੀ ਬੇਵਕਤ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ।

# ਕਿਰਤੀ ਦਾ ਦਿਨ



**ਜਸਵੰਤ ਮੋਹਾਲੀ**

ਘਟਨਾ 4 ਮਈ ਨੂੰ ਸ਼ਿਕਾਗੋ ਵਿੱਚ ਵਾਪਰੀ ਸੀ, 1886 ਵਾਲੇ ਸਾਲ। ਫਿਰ ਹੌਲੀ-ਹੌਲੀ ਪਹਿਲੀ ਮਈ ਨੂੰ ਮਨਾਇਆ ਜਾਣ ਲੱਗਾ ਇਹ ਦਿਨ ਜਿਸ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਵੀ ਕਿਹਾ ਜਾਂਦਾ ਹੈ ਤੇ ਮਈ ਦਿਵਸ ਵੀ। ਉਸ ਸਮੇਂ ਦੇ ਅਮਰੀਕਾ ਨੂੰ ਇੱਕ ਸਦੀ ਹੋ ਗਈ ਸੀ ਬਰਤਾਨੀਆ ਦੀ ਗੁਲਾਮੀ ਤੋਂ ਮੁਕਤ ਹੋਇਆਂ। ਉਦਯੋਗ ਹੁਣ ਫੈਕਟਰੀਆਂ ਵਿੱਚ ਤਬਦੀਲ ਹੋ ਰਹੇ ਸਨ। ਸਨਅਤੀ ਮਜਦੂਰਾਂ ਦੇ ਕੰਮ ਕਰਨ ਦੇ ਘੰਟਿਆਂ ਦਾ ਕੋਈ ਹਿਸਾਬ ਨਹੀਂ ਸੀ। ਮਾਰਕਸ ਉਦੋਂ ਤੱਕ ਪੂੰਜੀਵਾਦ ਦਾ ਮੁਤਾਲਿਆ ਕਰਕੇ ਰੁਖਸਤ ਹੋ ਚੁੱਕਾ ਸੀ। ਉਸ ਦੁਨੀਆਂ ਨੂੰ ਦੱਸਿਆ-ਦਿਨ ਦੇ ਦੋ ਹਿੱਸੇ ਨੇ ਇਕ ਜ਼ਿੰਦਗੀ ਜਿਉਣ ਦਾ ਤੇ ਦੂਜਾ ਜਿਉਣ ਲਈ ਕਮਾਉਣ ਦਾ। ਕਿਰਤੀ ਜਦ ਆਪਣੇ ਪਰਿਵਾਰ ਨਾਲ, ਬੱਚਿਆਂ ਨਾਲ ਬੈਠ ਕੇ ਕਾਹਵਾ ਪੀਂਦਾ ਹੈ, ਘਰ ਦਾ ਨਿੱਘ ਮਾਣਦਾ ਹੈ, ਉਹ ਜਿਉਣਾ ਹੈ। ਇਨ੍ਹਾਂ ਕੁੱਝ ਪਲਾਂ ਨੂੰ ਜਿਉਣ ਲਈ ਉਹ 12 ਤੋਂ 16 ਘੰਟੇ ਕੰਮ ਕਰਦਾ ਹੈ। ਜਿਉਣ ਵਾਲੇ ਪਲ ਉਸਦੇ ਆਪਣੇ ਹਨ, ਕਮਾਉਣ ਵਾਲੇ ਘੰਟੇ ਪੂੰਜੀਪਤੀ ਦੇ ਲਾਭ ਦੇ ਹਿੱਸੇ ਜਾਂਦੇ ਹਨ। ਦਿਨ ਦੇ ਕੰਮ ਦੇ ਸਮੇਂ ਨੂੰ ਸੀਮਤ ਕਰਨਾ ਹੋਵੇਗਾ, 'ਜਿਉਣ' ਦੇ ਸਮੇਂ ਨੂੰ ਵਧਾਉਣਾ ਹੋਵੇਗਾ। ਹੌਲੀ ਹੌਲੀ ਕਿਰਤੀਆਂ ਵਿੱਚ ਜਾਗਰੂਕਤਾ ਵਧੀ, ਸੰਗਠਨ ਤੇ ਪਾਰਟੀਆਂ ਬਣੀਆਂ। ਪੂੰਜੀਪਤੀ ਨੂੰ ਆਪਣੇ ਲਾਭ ਦੇ ਹਿੱਸੇ ਦਾ ਸਮਾਂ ਮਜ਼ਦੂਰ ਨੂੰ ਮੋੜਨਾ ਮਨਜੂਰ ਨਹੀਂ ਸੀ। ਸੰਘਰਸ਼ ਹੋਏ, ਕੇਸ ਚੱਲੇ, ਜੇਲ੍ਹਾਂ, ਫਾਂਸੀਆਂ, ਆਖਿਰ 8 ਘੰਟੇ ਦੀ ਕੰਮ ਦਿਹਾੜੀ ਦੁਨੀਆਂ ਭਰ ਵਿੱਚ ਤੈਅ ਹੋ ਗਈ। ਪੂੰਜੀ ਤੇ ਕਿਰਤ ਦਾ ਖਾਸਾ ਕਿਸੇ ਦੇਸ਼, ਖਿੱਤੇ ਜਾਂ ਮਜ਼ਹਬ ਤੋਂ ਪਾਰ ਹੁੰਦਾ ਹੈ। ਇਸ ਲਈ ਕਿਰਤੀਆਂ ਦਾ ਇਹ ਦਿਨ ਅੰਤਰਰਾਸ਼ਟਰੀ ਹੈ। ਇਸਦੇ ਮੁਕਾਬਲੇ ਕਿਸੇ ਵੀ ਧਰਮ ਦੇ ਇਤਿਹਾਸਕ ਦਿਨ ਸਥਾਨਕ ਹੁੰਦੇ ਹਨ।

ਪਰ ਹੁਣ 135 ਸਾਲ ਬਾਅਦ ਮਈ ਦਿਵਸ ਦਾ ਕੀ ਮਹੱਤਵ ਹੈ? ਅਤਿ ਆਧੁਨਿਕ ਮਸ਼ੀਨਾਂ ਅਤੇ ਤਕਨੀਕ ਨਾਲ ਹਰ ਵਸਤੂ ਦੀ ਪੈਦਾਵਾਰ ਹਜਾਰਾਂ ਗੁਣਾਂ ਵੱਧ ਗਈ ਹੈ ਤਾਂ ਕੀ ਇਸ ਵਧੀ ਉਤਪਾਦਕਤਾ ਦਾ ਲਾਭ ਸਮਾਜ ਨੂੰ/ਕਿਰਤੀ ਨੂੰ ਨਹੀਂ ਮਿਲਣਾ ਚਾਹੀਦਾ? ਕੀ ਉਸ ਦੀ ਕੰਮ ਦਿਹਾੜੀ ਦਾ ਸਮਾਂ ਹੋਰ ਘੱਟ ਨਹੀਂ ਹੋ ਜਾਣਾ ਚਾਹੀਦਾ ਤਾਂ ਕਿ ਉਹ ਆਪਣੇ ਪਰਿਵਾਰ ਨਾਲ, ਬੱਚਿਆਂ ਨਾਲ, ਆਪਣੇ ਆਪ ਨਾਲ ਵੱਧ ਸਮਾਂ ਬਿਤਾ ਸਕੇ, ਜ਼ਿੰਦਗੀ ਜਿਉਣ ਦਾ ਸਮਾਂ। ਪਰ ਕੀ ਅਜੇ ਵੀ ਕਾਮਾ ਓਵਰ ਟਾਈਮ ਲਾਉਣ ਲਈ ਮਜਬੂਰ ਨਹੀਂ? ਪੂੰਜੀਵਾਦ ਖਪਤ ਹੋ ਸਕਣ ਤੋਂ ਕਈ ਗੁਣਾ ਵੱਧ ਮਾਤਰਾ ਵਿੱਚ ਚੀਜ਼ਾਂ ਦੀ ਪੈਦਾਵਾਰ ਕਰਦਾ ਹੈ। ਪੂੰਜੀਵਾਦ ਆਪਣੇ ਨਾਲ ਸਮੇਂ ਸਮੇਂ ਤਾਲਾਬੰਦੀ, ਰੁਜ਼ਗਾਰ ਦਾ ਖੁੱਸਣਾ, ਬਿਜ਼ਨੈਸ/ਬੈਂਕਾਂ ਦਾ ਡੁੱਬਣਾ ਆਦਿ ਗੰਭੀਰ ਸੰਕਟ ਲੈਕੇ ਆਉਂਦਾ ਹੈ। ਹੋਰ ਕਾਰਣਾਂ ਤੋਂ ਬਿਨ੍ਹਾਂ, ਇਹ ਸੰਕਟ ਵਸਤਾਂ ਦੀ ਬਹੁਲਤਾ ਦੇ ਕਾਰਣ ਹਨ, ਜਦਕਿ ਇਸਤੋਂ ਪਹਿਲਾਂ ਦੇ ਸੰਕਟ ਵਸਤੂਆਂ ਦੀ ਘਾਟ ਕਾਰਨ ਹੁੰਦੇ ਸਨ। ਕੰਮ ਕਰਨ ਦੀਆਂ ਹਾਲਾਤਾਂ ਦੇ ਮੱਦੇਨਜ਼ਰ ਵੱਡੀ ਗਿਣਤੀ ਵਿੱਚ ਮਜ਼ਦੂਰ/ਮੁਲਾਜ਼ਮ ਮਾਨਸਿਕ ਤਣਾਅ ਵਿਚ ਜੀ ਰਹੇ ਹਨ। ਇੱਥੋਂ ਤਕ ਕਿ ਕਿਸੇ ਸੰਸਥਾ/ਮਹਿਕਮੇ ਦੇ ਅਧਿਕਾਰੀ ਵਟਸਐਪ 'ਤੇ ਰਾਤ ਨੂੰ 11-12 ਵਜੇ ਵੀ ਕੰਮ ਦਾ ਸੁਨੇਹਾ ਲਾ ਸਕਦੇ ਹਨ ਅਤੇ ਸਵੇਰੇ 5-6 ਵਜੇ ਵੀ। ਪਰ ਇਸੇ ਮੱਧਵਰਗ ਨੂੰ ਲੇਬਰ ਚੌਂਕ ਵਿਚੋਂ ਲੰਘਦਿਆਂ ਘੱਟ ਹੀ ਅਹਿਸਾਸ ਹੁੰਦਾ ਹੈ ਕਿ ਸਵੇਰੇ ਰੋਟੀਆਂ ਬੰਨ੍ਹ ਕੇ ਲਿਆਏ 90% ਕਿਰਤੀ ਬਿਨ੍ਹਾਂ ਕੰਮ ਤੋਂ ਮੁੜ ਜਾਂਦੇ ਹਨ।

ਸਮਾਜ ਵਿੱਚ ਬਰਾਬਰੀ ਦੀ ਗੱਲ ਤਾਂ ਸਦੀਆਂ ਤੋਂ ਹੋ ਰਹੀ ਸੀ ਪਰ ਗੈਰ-ਬਰਾਬਰੀ ਦੀ ਵਿਗਿਆਨਕ ਵਿਆਖਿਆ ਕਰਕੇ ਇਸ ਦੇ ਬਦਲ ਵਜੋਂ ਸਮਾਜਵਾਦੀ ਪ੍ਰਬੰਧ ਦਾ ਸੰਕਲਪ ਮਾਰਕਸੀ ਵਿਚਾਰਧਾਰਾ ਨੇ ਦਿੱਤਾ। ਇਸ ਪ੍ਰਬੰਧ ਦੀ ਸਿਰਜਣਾ ਦੇ ਰਸਤੇ ਵਿੱਚ ਪਹਿਲਾ ਮਹੱਤਵਪੂਰਣ ਪੜਾਅ ਜਾਂ ਹਾਸਲ ਸੀ 8 ਘੰਟੇ ਦੀ ਕੰਮ ਦਿਹਾੜੀ ਤੈਅ ਹੋਣਾ। ਉਸਤੋਂ ਬਾਦ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਸਮਾਜਵਾਦੀ ਪ੍ਰਬੰਧ ਦੇ ਬਨਣ ਤੇ ਢਹਿਣ ਦੀ ਹਕੀਕਤ ਨੂੰ ਵਾਪਰਿਆਂ ਤਿੰਨ ਦਹਾਕੇ ਬੀਤ ਚੁੱਕੇ ਹਨ। ਇਨ੍ਹਾਂ ਤਿੰਨ ਦਹਾਕਿਆਂ ਵਿੱਚ ਆਰਥਿਕ ਪਾੜਾ ਵਧਿਆ ਹੈ, ਜਲਵਾਯੂ ਪ੍ਰਦੂਸ਼ਣ ਨੇ ਲੋਕਾਂ ਨੂੰ ਬਿਮਾਰ ਕੀਤਾ ਹੈ, ਲੋਕਤੰਤਰ ਦਾ ਹਾਲ ਇਹ ਹੈ ਕਿ ਹਾਰਿਆ ਹੋਇਆ ਟਰੰਪ ਲਾਣਾ ਉਥੋਂ ਦੀ ਪਾਰਲੀਮੈਂਟ 'ਤੇ ਹਮਲਾ ਕਰਦਾ ਹੈ, ਨਸਲਵਾਦ, ਫਿਰਕਾਪ੍ਰਸਤੀ ਨੇ ਲੋਕਾਂ ਦਾ ਦਮ ਘੁੱਟਿਆ ਹੈ। ਮਈ ਦਿਵਸ ਮੌਕੇ ਅੱਜ ਇਹ ਸਮਝਣਾ ਹੋਵੇਗਾ ਕਿ ਕਾਰਪੋਰੇਟਾਂ ਦੀ ਮੁਨਾਫ਼ੇ ਦੀ ਹਵਸ ਦਾ ਬਦਲ ਸਮਾਜਵਾਦ, ਲੋਕਤੰਤਰ ਤੇ ਧਰਮ ਨਿਰਪੱਖਤਾ ਹੀ ਹੈ। ਇਹ ਮਹਿਜ਼ ਆਦਰਸ਼ ਨਹੀਂ ਹਨ। ਨਾ ਇਹ ਕੋਰਾ ਸੰਵਿਧਾਨਵਾਦ ਹੈ। ਇਨ੍ਹਾਂ ਵੱਲ ਵਧਦਾ ਹਰ ਛੋਟੇ ਤੋਂ ਛੋਟਾ ਕਦਮ ਚੰਗੇ ਭਵਿੱਖ ਦੀ ਬੁਨਿਆਦ ਬਣੇਗਾ।

**98555 30721**

## ਆਤਮ ਨਿਰਭਰ ਭਾਰਤ

'ਪ੍ਰਧਾਨ ਸੇਵਕ' ਦੇ ਜੁਮਲੇ
ਸੁਣ ਲਏ ਦੇਸ਼ ਦੁਨੀਆਂ
ਵੇਖ ਲਈ ਉਸਦੇ
ਲਾਰਿਆਂ ਹੇਠ ਛੁਪੀ
ਸਿੱਖਿਆ ਰੁਜ਼ਗਾਰ ਖੋਹਣ
ਜੰਗਲ, ਜਮੀਨਾਂ ਨੂੰ ਨਿਗਲਣ
ਦੀ ਕਾਰਪੋਰੇਟੀ ਹਵਸ
ਇਹੋ ਹੈ 'ਚੌਕੀਦਾਰ' ਦੇ ਕਾਲੇ
ਕਾਲਖ ਰੰਗੇ ਮਨਸੂਬਿਆਂ ਦਾ
ਆਤਮ ਨਿਰਭਰ ਭਾਰਤ ।







## ਸਮਾਜਿਕ ਤਬਦੀਲੀ ਤੇ ਸਾਹਿਤ

ਸਾਹਿਤ ਸਮਾਜਿਕ ਤਬਦੀਲੀ ਲਈ ਹਮੇਸ਼ਾਂ ਅਹਿਮ ਭੂਮਿਕਾ ਨਿਭਾਉਂਦਾ ਆਇਆ ਹੈ। ਰੂਸੀ ਕ੍ਰਾਂਤੀ ਵਕਤ ਮੈਕਸਿਮ ਗੋਰਕੀ ਤੇ ਲਿਓ ਤਾਲਸਤਾਏ ਜਿਹੇ ਸਾਹਿਤਕਾਰਾਂ ਦਾ ਰੋਲ ਸ਼ਾਨਾਮੱਤਾ ਹੈ। ਲੋਕਾਈ ਨੂੰ ਚੇਤਨਾ ਦਾ ਚਾਨਣ ਵੰਡਣਾ ਸਾਹਿਤ ਦਾ ਅਹਿਮ ਕਾਰਜ ਹੈ। ਜਾਗੇ ਲੋਕ ਹੀ ਲੁੱਟ ਰਹਿਤ ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਅੱਗੇ ਹੋ ਕੇ ਤੁਰਦੇ ਹਨ। ਭਾਅ ਜੀ ਗੁਰਸ਼ਰਨ ਸਿੰਘ ਨੇ ਸਾਹਿਤ ਦੇ ਇਸੇ ਮਹੱਤਵ ਨੂੰ ਜਾਣਦਿਆਂ ਆਪਣੇ ਮੋਢੇ ਪੁਸਤਕਾਂ ਵਾਲਾ ਬੈਗ ਪਾਇਆ ਸੀ। ਪਿੰਡ ਪਿੰਡ ਨਾਟਕਾਂ ਦੀ ਬਾਤ ਪਾਉਂਦਿਆਂ ਉਨ੍ਹਾਂ ਹੱਥਾਂ ਤੱਕ ਪੁਸਤਕਾਂ ਵੀ ਪੁੱਜਦਾ ਕੀਤੀਆਂ, ਜਿਨ੍ਹਾਂ ਲਈ ਉਹ ਲਿਖੀਆਂ ਗਈਆਂ ਸਨ।

'...ਤੇ ਦੇਵ ਪੁਰਸ਼ ਹਾਰ ਗਏ' ਪੁਸਤਕ ਤੋਂ ਤੁਰਿਆ ਤਰਕਸ਼ੀਲ ਲਹਿਰ ਦੀ ਵਿਗਿਆਨਕ ਚੇਤਨਾ ਦਾ ਸਫਰ ਆਪਣੇ ਆਪ ਵਿੱਚ ਇੱਕ ਮੀਲ ਪੱਥਰ ਹੈ। ਇਹ ਕੰਮ ਹਰ ਸੁਹਿਰਦ ਤਰਕਸ਼ੀਲ ਕਾਮੇ,ਅਧਿਆਪਕ ਤੇ ਸਮਾਜਿਕ ਕਾਰਕੁੰਨ ਦਾ ਹੈ। ਆਪਣੇ ਘਰ ਪਰਿਵਾਰ, ਸਕੂਲ, ਦਫਤਰ, ਪਿੰਡ ਤੇ ਸਹਿਰ ਹਰ ਥਾਂ ਪੁਸਤਕਾਂ ਨਾਲ ਸੰਵਾਦ ਰਚਾਉਣ ਵਿੱਚ ਆਪੋ ਆਪਣਾ ਭਰਵਾਂ ਯੋਗਦਾਨ ਪਾਉਣਾ ਵਕਤ ਦੀ ਲੋੜ ਹੈ।

***ਆਓ, ਪੁਸਤਕਾਂ ਨੂੰ ਹਰੇਕ ਦਰ, ਹੱਥ ਤੱਕ ਪੁੱਜਦਾ ਕਰਨ ਦੇ ਸੁਹਿਰਦ ਯਤਨਾਂ ਦਾ ਹਿੱਸਾ ਬਣੀਏ।***

## ਸੁਨੇਹਾ ਤੇ ਅਹਿਦ




ਤਰਕਸ਼ੀਲ ਮੈਗਜੀਨ ਚੇਤਨਾ ਦਾ ਹਰਕਾਰਾ ਹੈ। ਜਿਸ ਕੋਲ ਦੇਸ਼, ਵਿਦੇਸ਼ ਵਸਦਾ ਵੱਡਾ ਪਾਠਕ ਸੰਸਾਰ ਹੈ। ਗਿਆਨ ਰੂਪੀ ਚਾਨਣ ਨੂੰ ਫੈਲਾਉਣ ਵਾਲੇ ਸੈਂਕੜੇ ਤਰਕਸ਼ੀਲ ਕਾਮੇ ਹਨ। ਵਿਗਿਆਨਕ ਚੇਤਨਾ, ਗਿਆਨ, ਵਿਗਿਆਨ, ਸਿਹਤ, ਮਨੋਵਿਗਿਆਨ ਤੇ ਸਮਾਜਿਕ, ਰਾਜਨੀਤਿਕ ਮੁੱਦਿਆਂ ਦਾ ਗੰਭੀਰ ਵਿਸ਼ਲੇਸ਼ਣ ਕਰਨ ਵਾਲੇ ਇਸ ਮੈਗਜੀਨ ਨੂੰ ਵਧੇਰੇ ਪਾਠਕਾਂ ਤੱਕ ਪਹੁੰਚਾਉਣ ਦੀਆਂ ਹੋਰ ਬਹੁਤ ਸੰਭਾਵਨਾਵਾਂ ਹਨ। ਤਰਕਸ਼ੀਲ ਦਾ ਹਰ ਪਾਠਕ, ਹੋਰ ਪਾਠਕ ਨਾਲ ਜੋੜੇ। ਵਿਗਿਆਨਕ ਚੇਤਨਾ ਤੇ ਤਰਕਸ਼ੀਲ ਜੀਵਨ ਜਾਂਚ ਦੇ ਪਾਸਾਰ ਲਈ ਇਹ ਅਮਲ ਜਰੂਰੀ ਲੋੜੀਂਦਾ ਹੈ। ਇਹ ਸੁਨੇਹਾ ਹੈ ਤੇ ਅਹਿਦ ਵੀ।

ਜਿਲਦ ਨੰ. 22 ਰਜਿ. ਨੰ. PUNPUN/2000/05393 ਅੰਕ : 3

# ਕਿਸਾਨ ਮੋਰਚੇ ਵਿੱਚ ਪੁਸਤਕ ਚੇਤਨਾ : 7-8 ਮਾਰਚ 2021



ਤਰਕਸ਼ੀਲ ਕਾਫਲਾ ਸਿੰਘੂ ਬਾਰਡਰ 'ਤੇ



ਸੰਯੁਕਤ ਕਿਸਾਨ ਮੋਰਚਾ 'ਤੇ ਰਜਿੰਦਰ ਭਦੌੜ ਸੰਬੋਧਨ ਕਰਦੇ ਹੋਏ


ਟਿਕਰੀ ਬਾਰਡਰ 'ਤੇ 8 ਮਾਰਚ ਨੂੰ ਔਰਤਾਂ ਦਾ ਉਤਸ਼ਾਹ


ਪੁਸਤਕਾਂ ਕਿਸਾਨਾਂ ਦੇ ਹੱਥਾਂ ਤੱਕ


ਤਰਕਸ਼ੀਲ ਆਗੂ ਗਾਜ਼ੀਪੁਰ ਬਾਰਡਰ 'ਤੇ ਲੇਖਕਾਂ/ਬੁੱਧੀਜੀਵੀਆਂ ਨਾਲ

If undelivered please return to :

**Tarksheel**

**Tarksheel Bhawan, Tarksheel Chowk,**
**Sanghera ByPass, BARNALA-148101**
**Post Box No. 55**
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..................................................................

..................................................................

..................................................................